ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 103 | 27 Dec., 2023 to 3 Jan.2024 | Ph.: (510) 240-5949 | Email: asrtimes@gmail.com



**ਅੰਮ੍ਰਿਤਸਰ ਟਾਈਮਜ਼** ਵੱਲੋਂ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਹਿ ਸਿੰਘ ਜੀ ਅਤੇ ਮਾਤਾ ਗੁਜ਼ਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਨੂੰ **ਕੋਟਿ ਕੋਟਿ ਪ੍ਰਣਾਮ**




ਜਦੋਂ ਵੀ ਦੋ ਦੇਸ਼ਾਂ ਜਾਂ ਦੋ ਧਿਰਾਂ ਵਿਚਾਲੇ ਜੰਗ ਹੁੰਦੀ ਹੈ ਤਾਂ ਇਸ ਦਾ ਸਭ ਤੋਂ ਵੱਡਾ ਨੁਕਸਾਨ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਕੁਝ ਅਜਿਹੇ ਹੀ ਹਾਲਾਤ ਗ਼ਾਜ਼ਾ ਪੱਟੀ ਵਿੱਚ ਬਣੇ ਹੋਏ ਹਨ। ਇਹ ਇੱਕ ਕੁਸੈਲੀ ਹਕੀਕਤ ਹੈ ਕਿ ਜੰਗ ਕਦੇ ਵੀ ਇਕੱਲੀ ਨਹੀਂ ਆਉਂਦੀ ਬਲਕਿ ਆਪਣੇ ਨਾਲ ਭੁੱਖਮਰੀ, ਮਹਿੰਗਾਈ, ਤਬਾਹੀ ਅਤੇ ਹੋਰ ਅਨੇਕਾਂ ਵੱਡੀਆਂ ਸਮੱਸਿਆਵਾਂ ਵੀ ਲੈ ਕੇ ਆਉਂਦੀ ਹੈ, ਜਿਸ ਕਾਰਨ ਜੰਗ ਪ੍ਰਭਾਵਿਤ ਖੇਤਰ ਦੇ ਲੋਕਾਂ ਦੀ ਜ਼ਿੰਦਗੀ ਉੱਜੜ ਜਾਂਦੀ ਹੈ। ਜੰਗ ਦਾ ਸਭ ਤੋਂ ਵੱਡਾ ਸ਼ਿਕਾਰ ਆਮ ਲੋਕ ਹੁੰਦੇ ਹਨ, ਜਿਸਦੀ ਵੱਡੀ ਉਦਾਹਰਣ ਗ਼ਾਜ਼ਾ ਪੱਟੀ ਤੋਂ ਮਿਲ ਜਾਂਦੀ ਹੈ।

ਗ਼ਾਜ਼ਾ ਪੱਟੀ ਵਿੱਚ ਇਜ਼ਰਾਈਲ ਵੱਲੋਂ ਕੀਤੀ ਬੰਬਾਰੀ ਕਾਰਨ ਮਰਨ ਵਾਲਿਆਂ ਦੀ ਗਿਣਤੀ 20 ਹਜ਼ਾਰ ਤੋਂ ਉੱਪਰ ਪਹੁੰਚ ਗਈ ਹੈ, ਜਿਹਨਾਂ ਵਿੱਚ 70 ਫ਼ੀਸਦੀ ਔਰਤਾਂ ਅਤੇ ਬੱਚੇ ਹਨ। ਲਗਭਗ 1.9 ਮਿਲੀਅਨ ਗ਼ਾਜ਼ਾ ਨਿਵਾਸੀ ਯਾਨੀ 80 ਫ਼ੀਸਦੀ ਤੋਂ ਵੱਧ ਆਬਾਦੀ ਨੂੰ ਉਹਨਾਂ ਦੇ ਘਰਾਂ ਤੋਂ ਬਾਹਰ ਕੱਢ ਦਿੱਤਾ ਗਿਆ ਹੈ। ਇੱਕ ਮੀਲੀਅਨ ਤੋਂ ਵੱਧ ਲੋਕ ਸੰਯੁਕਤ ਰਾਸ਼ਟਰ ਦੇ ਪਨਾਹਗਾਹਾਂ ਵਿੱਚ ਭਟਕ ਰਹੇ ਹਨ।

ਇਸ ਸਮੇਂ ਗ਼ਾਜ਼ਾ ਭੁੱਖ ਦੀ ਜੰਗ ਲੜ ਰਿਹਾ ਹੈ। ਉਥੋਂ ਦੇ ਬਹੁਤ ਸਾਰੇ ਵਸਨੀਕਾਂ ਨੂੰ ਡਰ ਹੈ ਕਿ ਇਜ਼ਰਾਈਲ 7 ਅਕਤੂਬਰ ਦੇ ਹਮਲੇ ਤੋਂ ਬਾਅਦ ਭੁੱਖਮਰੀ ਨੂੰ ਜੰਗ ਦੇ ਸਮੂਹਿਕ ਸਜ਼ਾ ਦੇ ਹਥਿਆਰ ਵਜੋਂ ਵਰਤ ਰਿਹਾ ਹੈ। ਅੰਤਰਰਾਸ਼ਟਰੀ ਸਹਾਇਤਾ ਸੰਗਠਨ 'ਆਕਸ ਫ਼ੈਮ' ਦੁਆਰਾ ਕਰਵਾਏ ਗਏ ਸੰਯੁਕਤ ਰਾਸ਼ਟਰ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਯੁੱਧ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਗ਼ਾਜ਼ਾ ਨੂੰ ਪਹੁੰਚਾਉਣ ਵਾਲੀ ਖ਼ੁਰਾਕ ਦੀ ਸਪਲਾਈ ਦਾ ਸਿਰਫ਼ 2 ਫ਼ੀਸਦੀ ਹੈ, ਤੇ ਇਜ਼ਰਾਈਲ ਨੇ ਆਪਣੀ 16 ਸਾਲਾਂ ਦੀ ਨਾਕਾਬੰਦੀ ਨੂੰ ਹੋਰ ਸਖ਼ਤ ਕਰ ਦਿੱਤਾ ਹੈ ਤੇ ਇਹ ਸਖ਼ਤਾਈ ਲੱਖਾਂ ਲੋਕਾਂ ਨੂੰ ਭੁੱਖੇ ਮਾਰ ਰਹੀ ਹੈ।

ਸੰਯੁਕਤ ਰਾਸ਼ਟਰ ਦੀ ਰਿਪੋਰਟ ਨੇ ਕਿਹਾ ਹੈ ਕਿ ਜੇ ਹਾਲਾਤ ਇੰਝ ਹੀ ਰਹੇ ਤਾਂ ਗ਼ਾਜ਼ਾ ਦੇ ਵਿੱਚ ਕਾਲ ਪੈ ਸਕਦਾ ਹੈ ਤੇ ਆਉਣ ਵਾਲੇ ਸਮੇਂ ਵਿੱਚ ਇਹ ਸੰਕਟ ਹੋਰ ਵਧਣ ਦੀਆਂ ਸੰਭਾਵਨਾਵਾਂ ਨੇ। ਅੰਕੜਿਆਂ ਮੁਤਾਬਿਕ ਭੁੱਖ ਦੀ ਇਸ ਮਾਰ ਨੇ ਅਫ਼ਗਾਨਿਸਤਾਨ ਅਤੇ ਯਮਨ ਦੇ ਕਾਲ ਨੂੰ ਪਿੱਛੇ ਛੱਡ ਦਿੱਤਾ ਹੈ। ਵਿਸ਼ਵ ਖਾਧ ਮੰਤਰਾਲੇ ਦੇ ਨੁਮਾਇੰਦੇ ਆਰਿਫ਼ ਹੁਸੈਨ ਨੇ ਕਿਹਾ ਹੈ ਕਿ "ਮੈਂ ਪਹਿਲਾਂ ਕਦੇ ਵੀ ਅਜਿਹਾ ਨਹੀਂ ਵੇਖਿਆ, ਜੋ ਗ਼ਾਜ਼ਾ ਦੇ ਵਿੱਚ ਏਨੀ ਤੇਜ਼ੀ ਨਾਲ ਹੋ ਰਿਹਾ ਹੈ।" ਰਿਪੋਰਟਾਂ ਕਹਿੰਦੀਆਂ ਹਨ ਕਿ ਗ਼ਾਜ਼ਾ ਦੀ ਪੂਰੀ ਆਬਾਦੀ ਫ਼ਰਵਰੀ ਮਹੀਨੇ ਵਿੱਚ ਭੁੱਖ ਨਾਲ ਜੰਗ ਕਰੇਗੀ।

ਜਿਥੇ ਗ਼ਾਜ਼ਾ ਭੁੱਖਮਰੀ ਦਾ ਸਾਹਮਣਾ ਕਰ ਰਿਹਾ ਹੈ, ਉਥੇ ਹੀ ਉਹ ਵੱਖ- ਵੱਖ ਤਰ੍ਹਾਂ ਦੀਆਂ ਬਿਮਾਰੀਆਂ ਦੇ ਨਾਲ ਵੀ ਲੜ ਰਿਹਾ ਹੈ। ਜੰਗ ਨੇ ਗ਼ਾਜ਼ਾ ਦੇ ਸਿਹਤ ਖੇਤਰ ਨੂੰ ਵੀ ਤਬਾਹੀ ਵੱਲ ਧੱਕ ਦਿੱਤਾ ਹੈ। ਵਿਸ਼ਵ ਸਿਹਤ ਸੰਗਠਨ ਨੇ ਲੰਘੇ ਦਿਨਾਂ ਵਿੱਚ ਕਿਹਾ ਕਿ 36 ਸਿਹਤ ਸਹੂਲਤਾਂ ਵਿੱਚੋਂ ਸਿਰਫ਼ 9 ਸਹੂਲਤਾਂ ਹੀ ਕੰਮ ਕਰ ਰਹੀਆਂ ਹਨ। ਇਜ਼ਰਾਈਲੀ ਯੁੱਧ ਤੋਂ ਪਹਿਲਾਂ ਸਟਿਰਿਪ ਦੇ ਮੁਤਾਬਿਕ 70 ਫ਼ੀਸਦੀ ਬੱਚੇ ਪਹਿਲਾਂ ਹੀ ਕੁਪੋਸ਼ਣ, ਅਨੀਮੀਆ ਤੇ ਵੱਖ- ਵੱਖ ਸਿਹਤ ਸਮੱਸਿਆਵਾਂ ਤੋਂ ਪੀੜਤ ਸਨ। ਯੂਰੋ-ਮੇਡੀਟੇਰੀਅਨ ਹਿਊਮਨ ਰਾਈਟ ਮਾਨੀਟਰ ਨੇ ਕਿਹਾ ਹੈ ਕਿ ਇਜ਼ਰਾਈਲ ਦੀ ਬੰਬਾਰੀ ਦੇ ਨਤੀਜੇ ਵਜੋਂ ਇਹ ਗਿਣਤੀ 90 ਫ਼ੀਸਦੀ ਤੋਂ ਵੱਧ ਹੋ ਗਈ ਹੈ।

ਡਬਲਯੂ. ਐਚ. ਓ. ਦੇ ਅਨੁਸਾਰ ਗ਼ਾਜ਼ਾ ਵਿੱਚ ਦੋ ਹਜ਼ਾਰ ਤੋਂ ਵੱਧ ਕੈਂਸਰ ਦੇ ਮਰੀਜ਼, ਹਜ਼ਾਰ ਲੋਕ ਗੁਰਦੇ ਦੀ ਬਿਮਾਰੀ, 50 ਹਜ਼ਾਰ ਲੋਕ ਦਿਲ ਦੀਆਂ ਬਿਮਾਰੀਆਂ , 60 ਹਜ਼ਾਰ ਲੋਕ ਸ਼ੂਗਰ ਦੇ ਮਰੀਜ਼ ਹਨ। ਇਸ ਤੋਂ ਇਲਾਵਾ ਚਮੜੀ ਦੇ ਰੋਗ, ਲਾਗ, ਦਸਤ ਦੀਆਂ ਬਿਮਾਰੀਆਂ ਦਿਨੋਂ ਦਿਨ ਜ਼ੋਰ ਫ਼ੜ ਰਹੀਆਂ ਹਨ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਦਸਤ ਦੇ ਲਗਭਗ 1 ਲੱਖ 60 ਹਜ਼ਾਰ ਤੋਂ 1 ਲੱਖ 65 ਹਜ਼ਾਰ ਮਾਮਲੇ ਦਰਜ਼ ਕੀਤੇ ਗਏ ਹਨ ਜੋ ਕਿ ਬਹੁਤ ਜ਼ਿਆਦਾ ਹਨ। 1 ਲੱਖ 30 ਹਜ਼ਾਰ ਤੋਂ ਵੱਧ ਕੇਸ ਚਮੜੀ ਦੇ, ਕਰੀਬ 35 ਹਜ਼ਾਰ ਕੇਸ ਚਿਕਨ ਪਾਕਸ, ਜੂੰਆਂ ਤੇ ਖੁਰਕ ਦੇ ਹਨ।

ਇਸ ਤੋਂ ਇਲਾਵਾ ਤੀਜੀ ਮਾਰ ਗ਼ਾਜ਼ਾ ਨੂੰ ਮੌਸਮ ਦੀ ਪੈ ਰਹੀ ਹੈ। ਦਸੰਬਰ ਦੇ ਵਿੱਚ ਗ਼ਾਜ਼ਾ ਵਿੱਚ ਔਸਤ ਤਾਪਮਾਨ 10 ਡਿਗਰੀ ਸੈਲਸੀਅਸ ਤੋਂ 20 ਡਿਗਰੀ ਸੈਲਸੀਅਸ ਦੇ ਵਿਚਕਾਰ ਡਿੱਗਦਾ ਹੈ। ਜਨਵਰੀ ਵਿੱਚ ਇਹ ਤਾਪਮਾਨ ਕੁਝ ਘੱਟ ਹੁੰਦਾ ਹੈ ਪਰ ਸਰਦੀ ਦਾ ਮੌਸਮ ਨਵੰਬਰ ਤੋਂ ਫ਼ਰਵਰੀ ਤਕ ਰਹਿੰਦਾ ਹੈ।

ਜਨਵਰੀ ਸਭ ਤੋਂ ਨਮੀ ਵਾਲਾ ਮਹੀਨਾ ਹੁੰਦਾ ਹੈ। ਇੱਕ ਪਾਸੇ ਭੁੱਖ, ਦੂਜੇ ਪਾਸੇ ਸਿਹਤ ਸਮੱਸਿਆਵਾਂ ਤੇ ਤੀਸਰੇ ਪਾਸੇ ਉੱਜੜ ਗਿਆ ਦੇ ਕੋਲ ਨਾ ਕੁੱਲੀ ਹੈ ਤੇ ਨਾ ਜੁੱਲੀ ਹੈ। ਨਾ ਫ਼ਸਲਾਂ ਨੇ, ਨਾ ਖਰੀਦਣ ਦੇ ਲਈ ਕੋਈ ਮਾਰਕਿਟ। ਮੁੱਕਦੀ ਗਲ ਜੇ ਦੁਨੀਆਂ ਦਖ਼ਲ ਨਹੀਂ ਦਿੰਦੀ ਜਾਂ ਉਹਨਾਂ ਦੇ ਹੱਕ ਵਿੱਚ ਨਹੀਂ ਖੜਦੀ ਤਾਂ ਇਸ ਮਨੁੱਖਤਾਵਾਦੀ ਤਬਾਹੀ ਦੇ ਵਿੱਚ ਸਭ ਜ਼ਿੰਮੇਵਾਰ ਨੇ। ਇਸ ਸਮੇਂ ਭੁੱਖਮਰੀ ਦਾ ਮਸਲਾ ਵੇਖਿਆ ਜਾਵੇ ਤਾਂ ਇਜ਼ਰਾਈਲੀ ਹਮਲਿਆਂ ਦਾ ਡਰ ਉਹਨਾਂ ਲੋਕਾਂ ਲਈ ਸਕੈਂਡਰੀ ਹੈ। ਇਸ ਭਿਆਨਕ ਸਥਿਤੀ ਦੇ ਵਿੱਚ ਹਰ ਮਨੁੱਖਤਾ ਦੇ ਦਰਦੀ ਨੂੰ ਉਹਨਾਂ ਦੇ ਹੱਕ ਵਿੱਚ ਖਲੋਣ ਦੀ ਪਹਿਲ ਕਰਨੀ ਚਾਹੀਦੀ ਹੈ। ਨਹੀਂ ਤਾਂ ਸਵਾਲ ਜ਼ਿਹਨ ਦੇ ਵਿੱਚ ਰਹੇਗਾ ਕਿ ਮਨੁੱਖਤਾ ਕਿਥੇ ਹੈ? ਇਹ ਇੱਕ ਸੋਚਣ ਦਾ ਵਿਸ਼ਾ ਹੈ ਕਿ ਦੁਨੀਆਂ ਦੇ ਕਿਸੇ ਕੋਨੇ ਦੇ ਲੱਖਾਂ ਨਾਗਰਿਕਾਂ ਨੂੰ ਸਮੂਹਿਕ ਤੌਰ 'ਤੇ ਸਜ਼ਾ ਦਿੱਤੀ ਜਾ ਰਹੀ ਹੈ। ਭੁੱਖਮਰੀ ਨੂੰ ਯੁੱਧ ਦੇ ਹਥਿਆਰ ਵਜੋਂ ਵਰਤਣਾ ਜਾਇਜ਼ ਨਹੀਂ ਹੈ।

**ਮਾਮਲਾ ਜਥੇਦਾਰ ਕਾਉਂਕੇ ਸੰਬੰਧੀ ਰਿਪੋਰਟ ਦਾ**

## ਕੀ ਸ਼੍ਰੋਮਣੀ ਕਮੇਟੀ, ਅਕਾਲੀ ਦਲ ਅਤੇ ਪੰਜਾਬ ਸਰਕਾਰ ਨਿਭਾਉਣਗੇ ਆਪਣੀ ਜ਼ਿੰਮੇਵਾਰੀ?

ਚੰਡੀਗੜ੍ਹ/ਏ.ਟੀ.ਨਿਊਜ਼ : ਲੰਘੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਘਰ ਗਈ, ਹੈਰਾਨੀ ਦੀ ਗੱਲ ਹੈ ਕਿ ਉਹਨਾਂ ਦੇ ਘਰ ਪਹੁੰਚਣ ਲਈ ਸ਼੍ਰੋਮਣੀ ਕਮੇਟੀ ਨੂੰ ਕਈ ਸਾਲ ਲੱਗ ਗਏ। ਸਾਲਾਂ ਤੋਂ ਫ਼ਾਈਲਾਂ ਦੱਬੀਆਂ ਰਹੀਆਂ ਪਰ ਹਾਕਮ ਸਰਕਾਰਾਂ ਦੋਸ਼ੀਆਂ ਨੂੰ ਬਚਾਉਂਦੀਆਂ ਵੀ ਰਹੀਆਂ ਤੇ ਤਰੱਕੀਆਂ ਵੀ ਦਿੰਦੀਆਂ ਰਹੀਆਂ। ਗੋਂਗਲੂਆਂ ਤੋਂ ਮਿੱਟੀ ਝਾੜਨ ਵਾਲੀ ਕਹਾਵਤ ਐਹੋ ਜਿਹੇ ਪੰਥਕ ਦਰਦੀਆਂ 'ਤੇ ਬੜੀ ਸੋਹਣੀ ਢੁੱਕਦੀ ਹੈ ਪਰ ਸਿਆਣੇ ਕਹਿੰਦੇ ਨੇ ਕਿ ਦੇਰ ਆਏ ਦਰੁਸਤ ਆਏ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਜਥੇਦਾਰ ਸਾਹਿਬ ਨੇ ਸ਼੍ਰੋਮਣੀ ਕਮੇਟੀ ਨੂੰ ਇਸ ਰਿਪੋਰਟ 'ਤੇ ਧਿਆਨ ਦੇਣ ਲਈ ਕਿਹਾ ਹੈ। ਅਸਲ ਵਿੱਚ ਜਥੇਦਾਰ ਕਾਉਂਕੇ ਦੀ ਰਿਪੋਰਟ 1999 ਤੋਂ ਦੱਬੀ ਪਈ ਹੈ। ਕਈ ਸਰਕਾਰਾਂ ਆਈਆਂ ਤੇ ਕਈ ਗਈਆਂ, ਪਰ ਸੁਣਵਾਈ ਨਹੀਂ ਹੋਈ ਤੇ ਹੁਣ ਅਚਾਨਕ ਪੰਜਾਬ ਹਿਊਮਨ ਰਾਈਟਸ ਜਥੇਬੰਦੀ ਵੱਲੋਂ ਇਹ ਰਿਪੋਰਟ ਲੀਕ ਹੋ ਜਾਂਦੀ ਹੈ। ਸਾਨੂੰ ਸਾਰਿਆਂ ਨੂੰ ਹੀ ਪਤਾ ਹੈ ਕਿ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਨਾਲ ਕਿੰਨਾ ਅਣਮਨੁੱਖੀ ਵਤੀਰਾ ਕੀਤਾ ਗਿਆ ਸੀ ਤੇ ਫੇਰ ਉਹਨਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਮੌਜੂਦਾ ਜਥੇਦਾਰ ਵੱਲੋਂ ਇਹ ਨਵੀਂ ਮੰਗ ਦੀ ਸ਼ੁਰੂਆਤ ਵਧੀਆ ਪਹਿਲਕਦਮੀ ਹੈ ਤੇ ਹੁਣ ਵਾਲੀ 'ਆਪ' ਸਰਕਾਰ ਲਈ ਇਹ ਇੱਕ ਵਧੀਆ ਮੌਕਾ ਹੈ। ਸਰਕਾਰ



ਅਕਸਰ ਕਹਿੰਦੀ ਹੈ ਕਿ ਅਸੀਂ ਪੁਰਾਣੇ ਭ੍ਰਿਸ਼ਟਾਚਾਰ ਦੇ ਕੇਸ ਸੁਲਝਾਵਾਂਗੇ ਅਤੇ ਸੁਲਝਾ ਰਹੇ ਹਾਂ। ਇਹ ਤਾਂ ਸਗੋਂ ਮਨੁੱਖੀ ਅਧਿਕਾਰਾਂ ਦਾ ਮਸਲਾ ਹੈ। ਇਹ ਤਾਂ ਹੁਣ ਵਾਲੀ ਸਰਕਾਰ ਨੂੰ ਪਹਿਲ ਦੇ ਆਧਾਰ 'ਤੇ ਕਰਨਾ ਚਾਹੀਦਾ ਹੈ।

ਸਵਾਲ ਇਹ ਹੈ ਕਿ ਕੀ ਸ਼੍ਰੋਮਣੀ ਕਮੇਟੀ ਇਸ ਨੂੰ ਇਖ਼ਲਾਕੀ ਤੌਰ 'ਤੇ ਅੱਗੇ ਵਧਾਏਗੀ? ਕੀ ਸ਼੍ਰੋਮਣੀ ਅਕਾਲੀ ਦਲ ਸਾਰਥਿਕ ਭੂਮਿਕਾ ਨਿਭਾਏਗਾ? ਜੇ ਹਾਂ ਤਾਂ 1997 ਤੋਂ ਬਾਅਦ ਵੀ ਇਹਨਾਂ ਦੀਆਂ ਸਰਕਾਰਾਂ ਆਈਆਂ ਉਦੋਂ ਇਹ ਚੁੱਪ ਕਿਉਂ ਸਨ? ਬਹੁਤ ਸਾਰੇ ਸਵਾਲ ਨੇ, ਇਹ ਸੱਚ ਹੈ ਕਿ ਇਤਿਹਾਸ 'ਤੇ ਕਦੇ ਵੀ ਪਰਦਾ ਨਹੀਂ ਪਾਇਆ ਜਾ ਸਕਦਾ ਤੇ ਨਾ ਹੀ ਪਰਦਾ ਰਹਿੰਦਾ। ਹਾਲੇ ਤੱਕ ਤਾਂ ਸਰਕਾਰ ਨੇ ਇਸ ਰਿਪੋਰਟ ਦੇ ਉੱਤੇ ਕੋਈ ਬਿਆਨ ਖੁੱਲ੍ਹ ਕੇ ਨਹੀਂ ਦਿੱਤਾ, ਵਧੀਆ ਗੱਲ ਹੈ ਕਿ ਰਿਪੋਰਟ 'ਤੇ ਗੌਰ ਕੀਤੀ ਜਾਵੇ। ਸਰਕਾਰ ਐਫ਼.ਆਈ.ਆਰ.ਕਰੇ, ਕੇਸ ਚਲਾਵੇ ਤੇ ਆਪਣੀ ਜ਼ਿੰਮੇਵਾਰੀ ਨਿਭਾਵੇ। ਸਵਾਲ ਤਾਂ ਉਨ੍ਹਾਂ ਪੰਥਕ ਪਾਰਟੀਆਂ ਕਹਾਉਣ ਵਾਲੇ ਆਗੂਆਂ ਨੂੰ ਵੀ ਹੈ ਕਿ ਤੁਸੀਂ ਅੱਜ ਤੱਕ ਇਸ ਰਿਪੋਰਟ ਦੀ ਮੰਗ ਕਿਉਂ ਨਹੀਂ ਸੀ ਕੀਤੀ? ਜਿਥੇ ਸਰਕਾਰ ਨੂੰ ਇਸ ਰਿਪੋਰਟ 'ਤੇ ਗੌਰ ਕਰਨੀ ਚਾਹੀਦੀ ਹੈ, ਐਕਸ਼ਨ ਲੈਣਾ ਚਾਹੀਦਾ ਹੈ, ਉਥੇ ਅਕਾਲੀ ਦਲ ਦੇ ਪ੍ਰਧਾਨ ਦਾ ਜਵਾਬ ਦੇਣਾ ਵੀ ਬੜੀ ਅਹਿਮੀਅਤ ਰੱਖਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਇਕਬਾਲ ਸਿੰਘ ਲਾਲਪੁਰਾ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਹਨ, ਉਹਨਾਂ ਨੂੰ ਇੱਕ ਸੰਵਿਧਾਨਿਕ ਅਹੁਦਾ ਮਿਲਿਆ ਹੋਇਆ ਹੈ, ਜ਼ਿੰਮੇਵਾਰੀ ਤਾਂ ਉਹਨਾਂ ਦੀ ਵੀ ਬਣਦੀ ਹੈ ਕਿ ਇਸ ਮਸਲੇ 'ਤੇ ਗੌਰ ਕੀਤੀ ਜਾਵੇ। ਮੁੱਕਦੀ ਗੱਲ ਕੁਝ ਗੱਲਾਂ ਤੋਂ ਪਰਦਾ ਚੁੱਕਣਾ ਸਮੇਂ ਦੀ ਮੰਗ ਹੈ, ਕਿਤੇ ਇਹ ਨਾ ਹੋਵੇ ਕਿ ਹੱਥੀਂ ਦਿੱਤੀਆਂ ਗੰਢਾਂ ਦੰਦਾਂ ਨਾਲ ਖੋਹਲਣੀਆਂ ਪੈਣ।

# ਓਹਾਇਓ ਸੂਬੇ ਦੇ ਸੱਭਿਆਚਾਰਕ ਸਿੱਖਿਆ ਬਿੱਲ ਸਬੰਧੀ ਦੂਜੀ ਸੁਣਵਾਈ ’ਚ ਸਿੱਖਾਂ ਨੇ ਕੀਤੀ ਸ਼ਮੂਲੀਅਤ






ਕੋਲੰਬਸ/ਏ.ਟੀ.ਨਿਊਜ਼ : ਬੀਤੇ ਦਿਨ ਅਮਰੀਕਾ ਦੇ ਓਹਾਇਓ ਸੂਬੇ ਦੀ ਰਾਜਧਾਨੀ ਕੋਲੰਬਸ ਵਿੱਚ ਵੱਖ-ਵੱਖ ਸੱਭਿਆਚਾਰਕ ਅਤੇ ਧਰਮਾਂ ਸੰਬੰਧੀ ਬਹੁ-ਸੱਭਿਚਾਰਕ ਸਿੱਖਿਆ ਬਿੱਲ (ਐਚ ਬੀ 171) ਦੇ ਸਮਰਥਕਾਂ ਨੇ ਓਹਾਇਓ ਸਟੇਟ ਹਾਊਸ ਵਿੱਚ ਪ੍ਰਾਇਮਰੀ ਅਤੇ ਸੈਕੰਡਰੀ ਐਜੂਕੇਸ਼ਨ ਕਮੇਟੀ ਸਾਹਮਣੇ ਸੁਣਵਾਈ ਦੌਰਾਨ ਆਪਣਾ ਪੱਖ ਪੇਸ਼ ਕੀਤਾ। ਇਹ ਬਿੱਲ ਓਹਾਇਓ ਸੂਬੇ ਦੀ ਡੀਸਟ੍ਰਿਕਟ 4 ਦੇ ਪ੍ਰਤੀਨਿਧ (ਰਿਪਰੀਜ਼ੈਨਟੇਟਿਵ) ਮੈਰੀ ਲਾਈਟਬੋਡੀ, ਜੋ ਕਿ ਡੇਮੋਕਰੈਟ ਪਾਰਟੀ ਤੋਂ ਹਨ, ਉਸ ਵਲੋਂ ਪੇਸ਼ ਕੀਤਾ ਗਿਆ।

ਇਸ ਬਿੱਲ ਵਿੱਚ ਏਸ਼ੀਅਨ ਅਮੈਰੀਕਨ ਤੇ ਪੈਸੀਫਿਕ ਆਈਲੈਂਡ ਕਮਿਊਨਿਟੀ ਬਾਰੇ ਸਮਾਜਿਕ ਵਿਗਿਆਨ ਵਿੱਚ ਜਾਣਕਾਰੀ ਸ਼ਾਮਲ ਕਰਨ ਦੀ ਵਿਵਸਥਾ ਹੈ। ਇਸ ਸਮੇਂ ਸਕੂਲੀ ਪਾਠਕ੍ਰਮ ਵਿੱਚ ਸਿੱਖਾਂ ਸਣੇ ਕਈ ਹੋਰ ਘੱਟ ਗਿਣਤੀ ਭਾਈਚਾਰਿਆਂ ਬਾਰੇ ਜਾਣਕਾਰੀ ਪੜ੍ਹਾਈ ਵਿੱਚ ਸ਼ਾਮਲ ਨਹੀਂ ਹੈ। ਇਸ ਮੁਹਿੰਮ ਦੀ ਪ੍ਰਬੰਧਕ ਅਰਿਆਨਾ ਕੋਲਾਵਾਲਾ, ਲੀਜ਼ਾ ਫੈਕਟੋਰੀ ਬੋਰਚਰਜਸ਼, ਉਸਦੀ 8 ਸਾਲ ਦੀ ਧੀ ਰੋਜ਼ਾਰੀਓ ਬੋਰਚਰਜਸ਼ ਅਤੇ ਓਹਾਇਓ ਕੌਂਸਲ ਆਫ ਦਿ ਸੋਸ਼ਲ ਸਟੱਡੀਜ਼ ਦੇ ਦੋ ਪ੍ਰਤੀਨਿਧਾਂ ਨੇ ਬਿੱਲ ਦੇ ਹੱਕ ਵਿੱਚ ਕਮੇਟੀ ਅੱਗੇ ਆਪਣਾ ਪੱਖ ਪੇਸ਼ ਕੀਤਾ। ਸੁਣਵਾਈ ਤੋਂ ਪਹਿਲਾਂ ਕਲੀਵਲੈਂਡ ਤੋਂ ਅਧਿਆਪਕ ਸਨਮਪ੍ਰੀਤ ਕੌਰ ਗਿੱਲ ਸਣੇ ਹੋਰਨਾਂ ਭਾਈਚਾਰਿਆਂ ਦੇ ਤਕਰੀਬਨ 70 ਸਮਰਥਕਾਂ ਨੇ ਵੀ ਕਮੇਟੀ ਨੂੰ ਪੱਤਰ ਲਿਖ ਕੇ ਆਪਣਾ ਪੱਖ ਭੇਜਿਆ ਸੀ।

ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਸਿੱਖ ਧਰਮ ਸਮੇਤ ਏਸ਼ੀਅਨ ਖਿੱਤੇ ਦੇ ਵੱਖ-ਵੱਖ ਭਾਈਚਾਰਿਆਂ ਬਾਰੇ ਜਾਣਕਾਰੀ ਸਕੂਲਾਂ ਦੇ ਪਾਠਕ੍ਰਮ ਵਿੱਚ ਸ਼ਾਮਲ ਹੋ ਸਕੇਗੀ ਅਤੇ ਸਿੱਖ ਬੱਚਿਆਂ ਨਾਲ ਸਿੱਖ ਕਕਾਰਾਂ ਬਾਰੇ ਕੀਤੀ ਜਾਂਦੀ ਛੇੜਖਾਣੀ ਨੂੰ ਵੀ ਠੱਲ ਪੈ ਸਕੇਗੀ। ਇਸ ਸੁਣਵਾਈ ਤੋਂ ਪਹਿਲਾਂ ਰਿਪਰੀਜ਼ੈਨਟੇਟਿਵ ਮੈਰੀ ਲਾਈਟਬੋਡੀ ਸਣੇ ਓਹਾਇਓ ਐਜੁਕੇਸ਼ਨ ਐਸੋਸੀਏਸ਼ਨ, ਇਸਲਾਮੀਕ ਅਮੈਰੀਕਨ ਰੀਲੇਸ਼ਨ ਅਤੇ ਹੋਰਨਾਂ ਸੰਸਥਾਵਾਂ ਦੇ ਨੁਮਾਇੰਦਿਆ ਨੇ ਇਸ ਬਿੱਲ ਦੇ ਹੱਕ ਵਿੱਚ ਪ੍ਰੈੱਸ ਅਤੇ ਹਾਜ਼ਰ ਮੈਂਬਰਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਸਿੱਖਾਂ ਦੀ ਨੁਮਾਇੰਦਗੀ ਕਰ ਰਹੀ ਸੰਸਥਾ ਸਿੱਖ ਕੋਲੀਸ਼ਨ ਦੇ ਸੱਦੇ ’ਤੇ ਸਿੱਖ ਭਾਈਚਾਰੇ ਵੱਲੋਂ ਸਮੀਪ ਸਿੰਘ ਗੁਮਟਾਲਾ ਨੇ ਸੰਬੋਧਨ ਕਰਦਿਆਂ ਬਿੱਲ ਨੂੰ ਪੇਸ਼ ਕਰਨ ਲਈ ਰਿਪਰੀਜ਼ੈਨਟੇਟਿਵ ਮੈਰੀ ਲਾਈਟਬੋਡੀ ਦਾ ਧੰਨਵਾਦ ਕੀਤਾ।

ਉਹਨਾਂ ਦੱਸਿਆ ਕਿ ਸਿੱਖ 125 ਸਾਲਾਂ ਤੋਂ ਅਮਰੀਕਾ ਦਾ ਹਿੱਸਾ ਹਨ ਪਰ ਬਹੁਤੇ ਅਮਰੀਕਨ ਲੋਕਾਂ ਨੂੰ ਸਿੱਖਾਂ ਅਤੇ ਉਹਨਾਂ ਦੀ ਵੱਖਰੀ ਪਛਾਣ ਬਾਰੇ ਜਾਣਕਾਰੀ ਨਹੀਂ ਹੈ।

ਸਕੂਲਾਂ ਵਿੱਚ ਹੋਰਨਾਂ ਧਰਮਾਂ ਦੀ ਜਾਣਕਾਰੀ ਦੇਣ ਸਮੇਂ ਸਿੱਖ ਧਰਮ ਬਾਰੇ ਨਾ ਦੱਸੇ ਜਾਣ ਕਾਰਨ ਸਿੱਖ ਬੱਚਿਆਂ ਨੂੰ ਕਈ ਵਾਰ ਵਿਤਕਰੇ (ਬੁਲਿੰਗ) ਦਾ ਸਾਹਮਣਾ ਕਰਨਾ ਪੈਂਦਾ ਹੈ।

ਸਿੱਖ ਕੋਲੀਸ਼ਨ ਵੱਲੋਂ ਸਕੂਲਾਂ ਵਿੱਚ ਬੱਚਿਆਂ ਨਾਲ ਹੁੰਦੀ ਬੁਲਿੰਗ ਸੰਬੰਧੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਗੁਮਟਾਲਾ ਨੇ ਦੱਸਿਆ ਕਿ 67% ਸਿੱਖ ਬੱਚਿਆਂ ਨੂੰ ਆਪਣੀ ਦਸਤਾਰ ਜਾਂ ਕਕਾਰਾਂ ਰੱਖਣ ’ਤੇ ਬੁਲਿੰਗ ਕੀਤਾ ਜਾਂਦਾ ਹੈ। ਵੱਡੀ ਗਿਣਤੀ ਵਿੱਚ ਸਿੱਖ ਬੱਚਿਆਂ ਨਾਲ ਹੋ ਰਹੀ ਬੁਲਿੰਗ ਦੀ ਇਹ ਔਸਤ ਗਿਣਤੀ ਪੂਰੇ ਅਮਰੀਕਾ ਵਿੱਚ ਹੋਰਨਾਂ ਭਾਈਚਾਰਿਆਂ ਦੇ ਬੱਚਿਆਂ ਦੀ ਗਿਣਤੀ ਨਾਲੋਂ ਦੁਗਣੀ ਹੈ। ਮੈਂ ਸਕੂਲ ਵਿੱਚ ਪੜ੍ਹ ਰਹੇ 2 ਬੱਚਿਆਂ ਦਾ ਪਿਤਾ ਹਾਂ ਤੇ ਮੇਰੇ ਲਈ ਵੀ ਇਹਨੀ ਵੱਡੀ ਗਿਣਤੀ ਵਿੱਚ ਬੁਲਿੰਗ ਚਿੰਤਾਜਨਕ ਹੈ।

ਰਿਪਰੀਜ਼ੈਨਟੇਟਿਵ ਮੈਰੀ ਲਾਈਟਬੋਡੀ ਨੇ ਗੁਮਟਾਲਾ, ਉਹਨਾਂ ਦੀ ਸਪੁੱਤਰੀ ਮਿਹਰ ਕੌਰ, ਸਕੂਲ ਅਧਿਆਪਕ ਸਨਮਦੀਪ ਕੌਰ ਗਿੱਲ ਨੂੰ ਕਿਹਾ ਕਿ ਮੈਨੂੰ ਉਮੀਦ ਹੈ ਇਸ ਬਿੱਲ ਦੇ ਪਾਸ ਹੋਣ ਨਾਲ ਸਕੂਲੀ ਪਾਠਕ੍ਰਮ ਵਿੱਚ ਸਿੱਖ ਕਮਿਉਨਿਟੀ ਬਾਰੇ ਵੀ ਜਾਣਕਾਰੀ ਓਹਾਇਓ ਦੇ ਵਿਦਿਆਰਥੀਆਂ ਨੂੰ ਮਿਲੇਗੀ। ਜੂਨ ਮਹੀਨੇ ਵਿੱਚ ਪਹਿਲੀ ਸੁਣਵਾਈ ਤੋਂ ਪਹਿਲਾਂ ਸਿੱਖ ਕੋਲੀਸ਼ਨ ਵੱਲੋਂ ਦਿੱਤੇ ਗਏ ਸੱਦੇ ’ਤੇ ਕੋਲੰਬਸ, ਸਿਨਸਿਨਾਟੀ, ਡੇਟਨ, ਕਲੀਵਲੈਂਡ ਤੇ ਹੋਰਨਾਂ ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਸਿੱਖ, ਓਹਾਇਓ ਸਟੇਟ ਹਾਊਸ ਪੁੱਜੇ ਸਨ।

ਇੱਥੇ ਉਹਨਾਂ ਨੇ ਇਸ ਬਿੱਲ ਦੇ ਸਮਰਥਕਾਂ ਹੋਰਨਾਂ ਭਾਈਚਾਰਿਆਂ ਨਾਲ ਮਿਲ ਕੇ ਸੂਬੇ ਦੇ ਵੱਖ-ਵੱਖ ਪਾਰਟੀਆਂ ਦੇ ਚੁਣੇ ਹੋਏ ਪ੍ਰਤੀਨਿਧਾਂ ਕੋਲ ਜਾ ਕੇ ਹਾਊਸ ਬਿੱਲ 171 ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ ਸੀ। ਸੂਬੇ ਦੇ ਵੱਖ-ਵੱਖ ਗੁਰਦੁਆਰਿਆਂ ਵੱਲੋਂ ਵੀ ਇਸ ਬਿੱਲ ਦੇ ਹੱਕ ਵਿੱਚ ਦਸਤਖ਼ਤੀ ਮੁਹਿੰਮ ਅਰੰਭੀ ਗਈ ਸੀ ਤੇ ਆਪਣੇ ਆਪਣੇ ਇਲਾਕੇ ਦੇ ਨੁਮਾਇੰਦਿਆਂ ਨੂੰ ਮੰਗ ਪੱਤਰ ਵੀ ਦਿੱਤੇ ਗਏ।

## ਅਮਰੀਕਾ ਵੱਲੋਂ ਇਰਾਨ ਦੀ ਹਮਾਇਤ ਪ੍ਰਾਪਤ ‘ਮਿਲੀਸ਼ੀਆ’ ’ਤੇ ਹਮਲੇ

ਵਾਸ਼ਿੰਗਟਨ/ਏ.ਟੀ.ਨਿਊਜ਼ :- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਉੱਤਰੀ ਇਰਾਕ ਵਿਚ ਡਰੋਨ ਹਮਲੇ ’ਚ ਤਿੰਨ ਅਮਰੀਕੀ ਸੈਨਿਕਾਂ ਦੇ ਫੱਟੜ ਹੋਣ ਮਗਰੋਂ ਇਰਾਨ ਦੀ ਹਮਾਇਤ ਪ੍ਰਾਪਤ ‘ਮਿਲੀਸ਼ੀਆ’ ਗਰੁੱਪਾਂ ਵਿਰੁੱਧ ਜਵਾਬੀ ਹਮਲੇ ਦਾ ਹੁਕਮ ਦਿੱਤਾ ਹੈ। ਰਾਸ਼ਟਰੀ ਸੁਰੱਖਿਆ ਪਰਿਸ਼ਦ ਦੀ ਤਰਜਮਾਨ ਐਡਰੀਅਨ ਵਾਟਸਨ ਨੇ ਕਿਹਾ ਕਿ ਸੋਮਵਾਰ ਨੂੰ ਹੋਏ ਹਮਲੇ ਵਿਚ ਇਕ ਅਮਰੀਕੀ ਸੈਨਿਕ ਗੰਭੀਰ ਰੂਪ ’ਚ ਫੱਟੜ ਹੋ ਗਿਆ ਹੈ। ਇਰਾਨ ਦੀ ਹਮਾਇਤ ਪ੍ਰਾਪਤ ਗਰੁੱਪ ‘ਕਤੈਬ ਹਿਜ਼ਬੁੱਲ੍ਹਾ’ ਤੇ ਇਸ ਨਾਲ ਸਬੰਧਤ ਸਮੂਹਾਂ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਅਮਰੀਕੀ ਰਾਸ਼ਟਰਪਤੀ ਨੂੰ ਸੋਮਵਾਰ ਹਮਲੇ ਦੀ ਸੂਚਨਾ ਦਿੱਤੀ ਗਈ ਜਿਸ ਤੋਂ ਬਾਅਦ ਉਨ੍ਹਾਂ ਪੈਂਟਾਗਨ ਨੂੰ ਜਵਾਬੀ ਕਾਰਵਾਈ ਕਰਨ ਲਈ ਕਿਹਾ। ਅਮਰੀਕਾ ਨੇ ਮੰਗਲਵਾਰ ਸਵੇਰੇ ਕਰੀਬ ਪੌਣੇ ਪੰਜ ਵਜੇ ਇਰਾਕ ਵਿਚ ਇਰਾਨੀ ਮਿਲੀਸ਼ੀਆ ਸਮੂਹਾਂ ਦੇ ਟਿਕਾਣਿਆਂ ਉਤੇ ਹਮਲੇ ਕੀਤੇ। ਅਮਰੀਕਾ ਦੀ ਕੇਂਦਰੀ ਕਮਾਨ ਮੁਤਾਬਕ ਜਵਾਬੀ ਹਮਲਿਆਂ ਵਿਚ ਕਈ ਟਿਕਾਣੇ ਤਬਾਹ ਕਰ ਦਿੱਤੇ ਗਏ ਹਨ। ਇਨ੍ਹਾਂ ਵਿਚ ਵੱਡੀ ਗਿਣਤੀ ਅਤਿਵਾਦੀਆਂ ਦੇ ਮਾਰੇ ਜਾਣ ਦੀ ਸੰਭਾਵਨਾ ਹੈ। ਵਾਟਸਨ ਨੇ ਕਿਹਾ ਕਿ ਜੇ ਇਨ੍ਹਾਂ ਗਰੁੱਪਾਂ ਵੱਲੋਂ ਹੋਰ ਹਮਲੇ ਕੀਤੇ ਗਏ ਤਾਂ ਅਮਰੀਕਾ ਆਪਣੇ ਤਰੀਕੇ ਨਾਲ ਕਾਰਵਾਈ ਕਰੇਗਾ। ਬਾਇਡਨ, ਜੋ ਕਿ ਇਸ ਵੇਲੇ ਕੈਂਪ ਡੇਵਿਡ, ਮੈਰੀਲੈਂਡ ਵਿਚ ਕ੍ਰਿਸਮਸ ਮਨਾ ਰਹੇ ਹਨ, ਨੂੰ ਹਮਲੇ ਬਾਰੇ ਵਾਈਟ ਹਾਊਸ ਦੇ ਸੁਰੱਖਿਆ ਸਲਾਹਕਾਰ ਜੈਕ ਸੁਲੀਵਨ ਨੇ ਜਾਣਕਾਰੀ ਦਿੱਤੀ। ਮਿਲੀਸ਼ੀਆ ਗਰੁੱਪ ਨੇ ਹਮਲਾ ਇਰਾਕ ਦੇ ਇਰਬਿਲ ’ਚ ਇਕ ਏਅਰਬੇਸ ਉਤੇ ਕੀਤਾ ਸੀ ਜਿਸ ਨੂੰ ਅਮਰੀਕਾ ਵਰਤ ਰਿਹਾ ਹੈ। ਸੁਲੀਵਨ ਨੇ ਇਸ ਬਾਰੇ ਰੱਖਿਆ ਮੰਤਰੀ ਲੌਇਡ ਆਸਟਿਨ ਨਾਲ ਮਸ਼ਵਰਾ ਕੀਤਾ। ਬਾਇਡਨ ਦੇ ਉਪ ਸੁਰੱਖਿਆ ਸਲਾਹਕਾਰ ਜੌਨ ਫਾਈਨਰ ਜੋ ਕਿ ਕੈਂਪ ਡੇਵਿਡ ਵਿਚ ਰਾਸ਼ਟਰਪਤੀ ਦੇ ਨਾਲ ਹਨ, ਨੇ ਆਪਣੇ ਚੋਟੀ ਦੇ ਸਹਿਯੋਗੀਆਂ ਨੂੰ ਜਵਾਬੀ ਕਾਰਵਾਈ ਦੇ ਬਦਲਾਂ ਉਤੇ ਵਿਚਾਰ ਕਰਨ ਲਈ ਕਿਹਾ। ਕੁਝ ਘੰਟਿਆਂ ਦੇ ਅੰਦਰ ਹੀ ਬਾਇਡਨ ਨੇ ਆਪਣੀ ਕੌਮੀ ਸੁਰੱਖਿਆ ਟੀਮ ਨਾਲ ਮੀਟਿੰਗ ਕਰ ਕੇ ਹਮਲੇ ਦਾ ਨਿਰਦੇਸ਼ ਦਿੱਤਾ।

# ਸੰਘੀ ਅਦਾਲਤ ਨੇ ਸੰਵੇਦਨਸ਼ੀਲ ਥਾਵਾਂ ’ਤੇ ਹਥਿਆਰ ਲਿਜਾਉਣ ਦੀ ਮਨਾਹੀ ਕਰਨ ਵਾਲੇ ਕੈਲੀਫ਼ੋਰਨੀਆ ਦੇ ਕਾਨੂੰਨ ’ਤੇ ਲਾਈ ਰੋਕ



ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਇੱਕ ਸੰਘੀ ਜੱਜ ਨੇ ਕੈਲੀਫ਼ੋਰਨੀਆ ਦੇ ਇੱਕ ਕਾਨੂੰਨ ਦੇ ਕੁੱਝ ਹਿੱਸਿਆਂ ਉੱਪਰ ਰੋਕ ਲਾ ਦਿੱਤੀ ਹੈ ਜਿਸ ਤਹਿਤ ਪੂਜਾ ਸਥਾਨਾਂ, ਜਨਤਿਕ ਲਾਇਬਰੇਰੀਆਂ, ਖੇਡ ਸਥਾਨਾਂ ਤੇ ਚਿੜਿਆ ਘਰਾਂ ਸਮੇਤ ਹੋਰ ਸੰਵੇਦਣਸ਼ੀਲ ਥਾਵਾਂ ’ਤੇ ਹਥਿਆਰ ਲਿਜਾਣ ਦੀ ਮਨਾਹੀ ਕੀਤੀ ਗਈ ਹੈ। ਅਟਰਾਨੀ ਜਨਰਲ ਰਾਬ ਬੋਨਟਾ ਨੇ ਕਿਹਾ ਹੈ ਕਿ ਅਦਾਲਤ ਦਾ ਫ਼ੈਸਲਾ ਗਲਤ ਹੈ ਤੇ ਉਹ ਇਸ ਫ਼ੈਸਲੇ ਵਿਰੁੱਧ ਅਪੀਲ ਦਾਇਰ ਕਰਨਗੇ। ਇਹ ਕਾਨੂੰਨ ਗੰਨ ਕੰਟਰੋਲ ਕਦਮਾਂ ਤਹਿਤ ਬਣਾਇਆ ਗਿਆ ਸੀ ਤੇ ਕੈਲਫ਼ੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਨੇ ਇਸ ਉੱਪਰ ਇਸ ਸਾਲ ਸਤੰਬਰ ਵਿੱਚ ਦਸਤਖਤ ਕੀਤੇ ਸਨ। ਇਹ ਕਾਨੂੰਨ ਉਨਾਂ ਲਾਇਸੰਸਧਾਰੀ ਲੋਕਾਂ ਉੱਪਰ ਲਾਗੂ ਹੁੰਦਾ ਹੈ ਜੋ ਲਕੋ ਕੇ ਹਥਿਆਰ ਲਿਜਾਂਦੇ ਹਨ। ਯੂ ਐਸ ਡਿਸਟ੍ਰਿਕਟ ਜੱਜ ਕੋਰਮੈਕ ਕਾਰਨੀ ਨੇ ਮੁੱਢਲੇ ਤੌਰ ’ਤੇ ਜਾਰੀ ਆਦੇਸ਼ ਵਿੱਚ ਇਸ ਕਾਨੂੰਨ ਨੂੰ ਲਾਇਸੰਸਧਾਰੀ ਲੋਕਾਂ ਦੇ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੱਤਾ ਹੈ।

ਕੈਲੀਫ਼ੋਰਨੀਆ ਦੇ ਗਵਰਨਰ ਨੇ ਕਿਹਾ ਹੈ ਕਿ ਅਸੀਂ ਆਪਣੇ ਕਾਨੂੰਨ ਦੇ ਹੱਕ ਵਿੱਚ ਆਪਣੀ ਜਦੋਜਹਿਦ ਜਾਰੀ ਰਖਾਂਗੇ ਕਿਉਂਕ ਸਾਡੇ ਬੱਚਿਆਂ ਦੀਆਂ ਜਾਨਾਂ ਇਸ ਕਾਨੂੰਨ ਨਾਲ ਜੁੜੀਆਂ ਹੋਈਆਂ ਹਨ। ਗਵਰਨਰ ਨੇ ਬਿੱਲ ਉਪਰ ਦਸਤਖਤ ਕਰਨ ਸਮੇ ਕਿਹਾ ਸੀ ਕਿ ਪਿਛਲੇ 72 ਘੰਟਿਆਂ ਦੌਰਾਨ ਦੇਸ਼ ਭਰ ਵਿੱਚ ਗੰਨ ਹਿੰਸਾ ਵਿੱਚ 104 ਲੋਕ ਮਾਰੇ ਜਾ ਚੁੱਕੇ ਹਨ। ਇਸ ਲਈ ਅਜਿਹੇ ਕਾਨੂੰਨ ਸਾਡੀ ਲੋੜ ਬਣ ਗਈ ਹੈ।

# ਟਰੰਪ ਨਹੀਂ, ਨਿੱਕੀ ਹੇਲੀ ਬਣ ਸਕਦੀ ਹੈ ਅਮਰੀਕਾ ਦੀ ਅਗਲੀ ਰਾਸ਼ਟਰਪਤੀ, ਸਰਵੇਖਣ ’ਚ ਹੋਇਆ ਖ਼ੁਲਾਸਾ

## ਟਰੰਪ ਰਾਸ਼ਟਰਪਤੀ ਬਣਨ ਲਈ ਸਹੀ ਵਿਅਕਤੀ ਨਹੀਂ ਹਨ: ਨਿੱਕੀ



ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਵਿੱਚ ਰਾਸ਼ਟਰਪਤੀ ਚੋਣ ਲਈ ਉਮੀਦਵਾਰਾਂ ਵਿਚਾਲੇ ਲੜਾਈ ਹੁਣ ਤੇਜ਼ ਹੋ ਗਈ ਹੈ। ਕੈਰੋਲੀਨਾ ਸਟੇਟ ਦੇ ਸਾਬਕਾ ਗਵਰਨਰ ਅਤੇ ਭਾਰਤੀ ਮੂਲ ਦੀ ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਨਿੱਕੀ ਹੇਲੀ ਦੀ ਆਪਣੇ ਸਾਬਕਾ ਬੌਸ ਡੋਨਾਲਡ ਟਰੰਪ ਨਾਲ ਚੋਣ ਮੁਕਾਬਲੇ ਵਿੱਚ ਦੂਰੀ ਕਾਫ਼ੀ ਘਟਦੀ ਜਾ ਰਹੀ ਹੈ।

2024 ਜੀ.ਓ.ਪੀ. ਪ੍ਰਾਇਮਰੀ ਵੋਟਰਾਂ ਦੇ ਇੱਕ ਨਵੇਂ ਸਰਵੇਖਣ ਰਾਹੀਂ ਪਤਾ ਲਗਾ ਹੈ ਕਿ ਦੱਖਣੀ ਕੈਰੋਲੀਨਾ ਦੀ ਸਾਬਕਾ ਗਵਰਨਰ ਨਿੱਕੀ ਹੇਲੀ ਨਿਊ ਹੈਂਪਸ਼ਾਇਰ ਵਿੱਚ 2024 ਦੇ ਰਿਪਬਲਿਕਨ ਪ੍ਰੈਜ਼ੀਡੈਂਸ਼ੀਅਲ ਪ੍ਰਾਇਮਰੀ ਵਿੱਚ ਡੋਨਾਲਡ ਟਰੰਪ ਨੂੰ ਹਰਾਉਣ ਦੇ ਨੇੜੇ ਆ ਗਈ ਹੈ। ਭਾਰਤੀ ਮੂਲ ਦੀ ਨਿੱਕੀ ਹੇਲੀ ਨੂੰ 29 ਫ਼ੀਸਦੀ ਲੋਕਾਂ ਦਾ ਸਮਰਥਨ ਹਾਸਲ ਹੈ, ਜਦਕਿ ਡੋਨਾਲਡ ਟਰੰਪ ਨੂੰ 33 ਫ਼ੀਸਦੀ ਵੋਟਰਾਂ ਨੇ ਪਸੰਦ ਕੀਤਾ ਹੈ। ਭਾਵੇਂ ਸਾਬਕਾ ਰਾਸ਼ਟਰਪਤੀ ਟਰੰਪ ਅਜੇ ਵੀ ਨਿੱਕੀ ਹੇਲੀ ਤੋਂ ਅੱਗੇ ਹਨ ਪਰ ਉਨ੍ਹਾਂ ਵਿਚਾਲੇ ਫ਼ਰਕ ਕਾਫ਼ੀ ਘੱਟ ਗਿਆ ਹੈ। ਪ੍ਰਾਇਮਰੀ 23 ਜਨਵਰੀ ਨੂੰ ਹੋਣੀ ਹੈ। ਹੇਲੀ ਨੇ ਸਤੰਬਰ ਤੋਂ ਨਿਊ ਹੈਂਪਸ਼ਾਇਰ ਵਿੱਚ ਗਤੀ ਫ਼ੜੀ ਹੈ। ਉਸ ਸਮੇਂ ਦੌਰਾਨ ਨਿੱਕੀ ਹੇਲੀ ਨੂੰ ਜੀ.ਓ.ਪੀ. ਪ੍ਰਾਇਮਰੀ ਵੋਟਰਾਂ ਵਿੱਚੋਂ 18 ਪ੍ਰਤੀਸ਼ਤ ਸਮਰਥਨ ਪ੍ਰਾਪਤ ਹੋਇਆ ਸੀ ਜਦੋਂ ਕਿ ਟਰੰਪ ਨੂੰ 46 ਪ੍ਰਤੀਸ਼ਤ ਸਮਰਥਨ ਪ੍ਰਾਪਤ ਹੋਇਆ ਸੀ। ਨਿੱਕੀ ਹੇਲੀ ਨੂੰ ਕੰਜ਼ਰਵੇਟਿਵ ਵੋਟਰਾਂ ਲਈ ਟਰੰਪ ਦੇ ਬਦਲ ਵਜੋਂ ਦੇਖਿਆ ਜਾ ਰਿਹਾ ਹੈ। ਡੋਨਾਲਡ ਟਰੰਪ ਨੂੰ 50 ਫ਼ੀਸਦੀ ਤੋਂ ਵੀ ਘੱਟ ਸਮਰਥਨ ਹਾਸਲ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਪਾਰਟੀ ਵਿੱਚ ਉਨ੍ਹਾਂ ਲਈ ਗੰਭੀਰ ਚੈਲਿੰਜ ਹੈ। ਨਿੱਕੀ ਹੇਲੀ ਇਕਲੌਤੀ ਰਿਪਬਲਿਕਨ ਰਾਸ਼ਟਰਪਤੀ ਉਮੀਦਵਾਰ ਵਜੋਂ ਉਭਰੀ ਹੈ ਜੋ 2024 ਦੀਆਂ ਅਮਰੀਕੀ ਚੋਣਾਂ ਵਿੱਚ ਰਾਸ਼ਟਰਪਤੀ ਜੋ ਬਿਡੇਨ ਨੂੰ ਹਰਾਉਣ ਦੇ ਸਮਰੱਥ ਹੈ। ਨਿੱਕੀ ਹੈਲੀ ਇਸ ਤੋਂ ਪਹਿਲਾਂ ਵੀ ਕਈ ਵਾਰ ਕਹਿ ਚੁੱਕੀ ਹੈ ਕਿ ਟਰੰਪ ਨਹੀਂ, ਉਹ ਪਾਰਟੀ ਦੀ 2024 ਦੇ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਬਣਨ ਜਾ ਰਹੀ ਹੈ। ਇਸ ਤੋਂ ਪਹਿਲਾਂ 6 ਦਸੰਬਰ ਨੂੰ ਚੌਥੀ ਰਿਪਬਲਿਕਨ ਬਹਿਸ ਦੌਰਾਨ ਦੱਖਣੀ ਕੈਰੋਲੀਨਾ ਦੀ ਸਾਬਕਾ ਗਵਰਨਰ ਹੇਲੀ ਨੇ ਏ.ਬੀ.ਸੀ. ਨਿਊਜ਼ ਨੂੰ ਕਿਹਾ ਸੀ ਕਿ ਡੋਨਾਲਡ ਟਰੰਪ ਫ਼ਿਲਹਾਲ ਰਾਸ਼ਟਰਪਤੀ ਬਣਨ ਲਈ ਸਹੀ ਵਿਅਕਤੀ ਨਹੀਂ ਹਨ।

# ਫਰਾਂਸ ਤੋਂ ਚਾਰ ਦਿਨ ਮਗਰੋਂ ਭਾਰਤ ਪੁੱਜਾ 'ਡੰਕੀ' ਜਹਾਜ਼

## ਜਹਾਜ਼ ਵਿੱਚ ਸਵਾਰ 276 ਮੁਸਾਫ਼ਰਾਂ 'ਚੋਂ ਬਹੁਤੇ ਭਾਰਤੀ

ਮੁੰਬਈ/ ਏ.ਟੀ.ਨਿਊਜ਼ : ਮਨੁੱਖੀ ਤਸਕਰੀ ਦੇ ਸ਼ੱਕ ਹੇਠ ਫਰਾਂਸ 'ਚ ਚਾਰ ਦਿਨ ਰੋਕ ਕੇ ਰੱਖਿਆ ਗਿਆ ਜਹਾਜ਼ 276 ਮੁਸਾਫਰਾਂ ਨੂੰ ਲੈ ਕੇ ਮੁੰਬਈ ਪੁੱਜਾ। ਇਸ ਜਹਾਜ਼ 'ਚ ਜ਼ਿਆਦਾਤਰ ਭਾਰਤੀ ਮੁਸਾਫਰ ਸਵਾਰ ਸਨ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਏਅਰਬੱਸ ਏ340 ਜਹਾਜ਼ ਤੜਕੇ ਚਾਰ ਵਜੇ ਤੋਂ ਕੁਝ ਸਮੇਂ ਬਾਅਦ ਮੁੰਬਈ ਪੁੱਜਾ। ਜਹਾਜ਼ ਨੇ ਸਥਾਨਕ ਸਮੇਂ ਅਨੁਸਾਰ ਦੇਰ ਰਾਤ ਢਾਈ ਵਜੇ ਵੈਟਰੀ ਹਵਾਈ ਅੱਡੇ ਤੋਂ ਉਡਾਣ ਭਰੀ ਸੀ। ਉਨ੍ਹਾਂ ਦੱਸਿਆ ਕਿ ਜਹਾਜ਼ 'ਚ ਚਾਲਕ ਦਲ ਦੇ 15 ਮੈਂਬਰ ਵੀ ਸਵਾਰ ਸਨ। ਅਧਿਕਾਰੀਆਂ ਨੇ ਦੱਸਿਆ ਕਿ ਇਮੀਗਰੇਸ਼ਨ ਅਥਾਰਿਟੀਆਂ ਨੇ ਕੁਝ ਮੁਸਾਫਰਾਂ ਤੋਂ ਪੁੱਛ ਪੜਤਾਲ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਮੁਸਾਫਰ ਨੂੰ ਹਿਰਾਸਤ 'ਚ ਨਹੀਂ ਲਿਆ ਗਿਆ ਤੇ ਉਨ੍ਹਾਂ ਨੂੰ ਸਵੇਰੇ 11.30 ਵਜੇ ਹਵਾਈ ਅੱਡੇ ਤੋਂ ਬਾਹਰ ਜਾਣ ਦਿੱਤਾ ਗਿਆ। ਹਵਾਈ ਅੱਡੇ ਤੋਂ ਬਾਹਰ ਆ ਰਹੇ ਮੁਸਾਫਰਾਂ ਨੇ ਪੱਤਰਕਾਰਾਂ ਦੇ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦਿੱਤਾ।



ਕਈ ਘੰਟੇ ਬਾਅਦ ਮੁਸਾਫਰ ਹਵਾਈ ਅੱਡੇ ਤੋਂ ਬਾਹਰ ਨਿਕਲੇ ਤੇ ਉਹ ਆਪਣੇ ਚਿਹਰੇ ਛੁਪਾਉਂਦੇ ਹੋਏ ਪੱਤਰਕਾਰਾਂ ਤੋਂ ਬਚਦੇ ਦਿਖਾਈ ਦਿੱਤੇ। ਹਵਾਈ ਅੱਡੇ 'ਤੇ ਅਧਿਕਾਰੀਆਂ ਵੱਲੋਂ ਕੁਝ ਮੁਸਾਫਰਾਂ ਤੋਂ ਕੀਤੀ ਗਈ ਕਥਿਤ ਪੁੱਛ-ਪੜਤਾਲ ਸਬੰਧੀ ਵੀ ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ। ਫਰਾਂਸੀਸੀ ਅਥਾਰਿਟੀਆਂ ਅਨੁਸਾਰ ਜਿਸ ਜਹਾਜ਼ ਨੇ ਮੁੰਬਈ ਲਈ ਉਡਾਣ ਭਰੀ, ਉਸ ਵਿੱਚ 276 ਮੁਸਾਫਰ ਸਫਾਰ ਸਨ ਅਤੇ ਦੋ ਨਾਬਾਲਗਾਂ ਸਮੇਤ 25 ਲੋਕਾਂ ਨੇ ਫਰਾਂਸ 'ਚ ਸ਼ਰਨ ਲਈ ਅਰਜ਼ੀ ਦਿੱਤੀ ਹੈ ਅਤੇ ਉਹ ਅਜੇ ਫਰਾਂਸ ਵਿੱਚ ਹੀ ਹਨ। ਫਰਾਂਸ ਦੇ ਇੱਕ ਨਿਊਜ਼ ਚੈਨਲ ਨੇ ਦੱਸਿਆ ਕਿ ਦੋ ਹੋਰ ਮੁਸਾਫਰਾਂ ਨੂੰ ਜੱਜ ਸਾਹਮਣੇ ਪੇਸ਼ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਹਾਇਤਾ ਪ੍ਰਾਪਤ ਗਵਾਹ ਬਣਾਇਆ ਗਿਆ ਹੈ। ਇੱਕ ਸਥਾਨਕ ਅਧਿਕਾਰੀ ਨੇ ਦੱਸਿਆ ਕਿ ਜਦੋਂ ਜਹਾਜ਼ ਵੈਟਰੀ ਹਵਾਈ ਅੱਡੇ 'ਤੇ ਉੱਤਰਿਆ ਸੀ ਤਾਂ ਉਸ ਵਿੱਚ 303 ਭਾਰਤੀ ਨਾਗਰਿਕ ਸਵਾਰ ਸਨ ਜਿਨ੍ਹਾਂ 'ਚੋਂ 11 ਨਾਬਾਲਗਾਂ ਨਾਲ ਕੋਈ ਨਹੀਂ ਸੀ। ਅਧਿਕਾਰੀ ਨੇ ਦੱਸਿਆ ਕਿ ਰੋਕ ਕੇ ਰੱਖੇ ਗਏ ਜਹਾਜ਼ 'ਚ ਸਵਾਰ ਮੁਸਾਫਰਾਂ ਲਈ ਆਰਜ਼ੀ ਬਿਸਤਰਿਆਂ ਤੇ ਹੋਰ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਸੀ। ਦੁਬਈ ਤੋਂ ਨਿਕਾਰਾਗੁਆ ਜਾ ਰਹੀ ਤੇ ਰੋਮਾਨਿਆਈ ਚਾਰਟਰ ਕੰਪਨੀ ਲੈਜੈਂਡ ਏਅਰਲਾਈਨ ਦੇ ਜਹਾਜ਼ ਨੂੰ ਲੰਘੇ ਵੀਰਵਾਰ ਨੂੰ ਵੈਟਰੀ ਹਵਾਈ ਅੱਡੇ 'ਤੇ ਰੋਕਿਆ ਗਿਆ ਸੀ।

ਜ਼ਿਕਰਯੋਗ ਹੈ ਕਿ ਅਮਰੀਕਾ 'ਚ ਪਨਾਹ ਲੈਣ ਲਈ ਨਿਕਾਰਾਗੁਆ ਇੱਕ ਪਸੰਦੀਦਾ ਥਾਂ ਬਣ ਗਿਆ ਹੈ। ਅਮਰੀਕੀ ਕਸਟਮ ਤੇ ਸਰਹੱਦੀ ਗਸ਼ਤ ਪੁਲੀਸ ਵੱਲੋਂ ਦਿੱਤੇ ਗਏ ਅੰਕੜਿਆਂ ਅਨੁਸਾਰ ਵਿੱਤੀ ਸਾਲ 2023 ਵਿੱਚ 96,917 ਭਾਰਤੀਆਂ ਨੇ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਅਤੇ ਇਹ ਗਿਣਤੀ ਪਿਛਲੇ ਸਾਲ ਮੁਕਾਬਲੇ 51.61 ਫੀਸਦ ਵੱਧ ਹੈ।

# ਆਲਮੀ ਮੰਦੀ ਨਾਲ ਟੱਕਰ ਲੈਣੀ ਸੁਖਾਲੀ ਨਹੀਂ: ਟਰੂਡੋ

ਵੈਨਕੂਵਰ/ ਏ.ਟੀ.ਨਿਊਜ਼ :ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪ੍ਰਧਾਨ ਮੰਤਰੀ ਅਤੇ ਪਾਰਟੀ ਲੀਡਰਸ਼ਿਪ ਤੋਂ ਪਾਸੇ ਹੋਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਵਿਰੋਧੀਆਂ ਵੱਲੋਂ ਦੇਸ਼ ਵਿਚ ਉਸ ਵਿਰੁੱਧ ਹਵਾ ਬਣਾਈ ਜਾ ਰਹੀ ਹੈ। ਮੀਡੀਆ ਨਾਲ ਗੱਲ ਕਰਦਿਆਂ ਟਰੂਡੋ ਨੇ ਕਿਹਾ ਕਿ ਬੇਸ਼ੱਕ 2023 ਦਾ ਸਾਲ ਉਨ੍ਹਾਂ ਦੀ ਸਰਕਾਰ ਲਈ ਚੁਣੌਤੀਆਂ ਭਰਿਆ ਸੀ, ਪਰ ਉਨ੍ਹਾਂ ਨੇ ਸਿਰੜ ਤੇ ਸਿਦਕ ਕਾਇਮ ਰੱਖਦਿਆਂ ਚੁਣੌਤੀਆਂ ਸਹਿਣ ਦੇ ਨਾਲ ਨਾਲ ਵੱਡੇ ਕੰਮ ਵੀ ਕੀਤੇ, ਜਿਨ੍ਹਾਂ ਵਿੱਚ ਚੋਣਾਂ 'ਚ ਵਿਦੇਸ਼ੀ ਦਖਲ ਦੀ ਜਾਂਚ ਤੇ ਮਿੱਤਰ ਦੇਸ਼ਾਂ ਨਾਲ ਸਾਂਝ ਨੂੰ ਮਜ਼ਬੂਤ ਕਰਨਾ ਪ੍ਰਮੁੱਖ ਹਨ। ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਕਿ ਮੰਦੀ ਦੇ ਜਿਸ ਦੌਰ 'ਚੋਂ ਦੁਨੀਆ ਲੰਘ ਰਹੀ ਹੈ, ਉਹ ਸੁਖਾਲਾ ਨਹੀਂ, ਪਰ ਉਨ੍ਹਾਂ ਦੀ ਸਰਕਾਰ ਹਰ ਕਦਮ ਫੂਕ ਫੂਕ ਕੇ ਪੱਟਦੀ ਹੋਈ ਅੱਗੇ ਵਧ ਰਹੀ ਹੈ ਤੇ ਆਰਥਿਕਤਾ ਦੀ ਰਫ਼ਤਾਰ ਹੋਰ ਦੇਸ਼ਾਂ ਦੇ ਮੁਕਾਬਲੇ ਬਹੁਤੀ ਮੱਠੀ ਨਹੀਂ ਪੈਣ ਦਿੱਤੀ।ਇੱਕ ਸਵਾਲ ਦੇ ਜਵਾਬ 'ਚ



ਜਸਟਿਨ ਟਰੂਡੋ ਨੇ ਗੰਭੀਰ ਹੁੰਦੇ ਹੋਏ ਕਿਹਾ ਕਿ ਬੇਸ਼ੱਕ ਵਿਰੋਧੀ ਆਗੂ ਪੀਅਰ ਪੋਲਿਵਰ ਵੱਲੋਂ ਕਾਰਬਨ ਟੈਕਸ ਨੂੰ ਵੱਡਾ ਮੁੱਦਾ ਬਣਾ ਕੇ ਪਾਰਲੀਮੈਂਟ ਅਤੇ ਹੋਰ ਥਾਂਵਾਂ 'ਤੇ ਪੇਸ਼ ਕਰਨ ਵਿੱਚ ਕਸਰ ਨਹੀਂ ਛੱਡੀ ਗਈ, ਪਰ ਉਨ੍ਹਾਂ ਦੀ ਸਰਕਾਰ ਨੇ ਸਮਾਜ ਦੇ ਹਰ ਵਰਗ ਅਤੇ ਖੇਤਰੀ ਲੋੜਾਂ ਵੱਲ ਉਚੇਚਾ ਧਿਆਨ ਦਿੰਦੇ ਹੋਏ ਕਾਰਗਰ ਕਦਮ ਪੁੱਟੇ ਹਨ, ਜਿੰਨਾਂ ਦੇ ਨਤੀਜੇ ਥੋੜ੍ਹੀ ਦੇਰ ਬਾਅਦ ਆਪਣੇ ਆਪ ਸਾਹਮਣੇ ਆਉਣ ਲੱਗ ਪੈਣਗੇ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਸਮਝਣੀਆਂ ਤੇ ਸੁਲਝਾਉਣੀਆਂ ਹੀ ਸਿਆਸਤ ਹੈ, ਜਿਸ ਲਈ ਕਈ ਵਾਰ ਦੇਰ ਤਾਂ ਲੱਗੀ, ਪਰ ਉਨ੍ਹਾਂ ਵੱਲੋਂ ਮੂੰਹ ਫੇਰਨ ਦੀ ਗਲਤੀ ਨਹੀਂ ਕੀਤੀ ਗਈ। ਉਨ੍ਹਾਂ ਮੰਨਿਆ ਕਿ ਬੇਸ਼ੱਕ ਸਰਕਾਰ ਦੇ ਚੰਗੇ ਕੰਮਾਂ ਦੇ ਪ੍ਰਚਾਰ ਵਿੱਚ ਕਮੀ ਰਹੀ, ਪਰ ਹੁਣ ਉਹ ਖੁਦ ਲੋਕਾਂ ਵਿੱਚ ਵਿਚਰ ਕੇ ਇਸ ਬਾਰੇ ਦੱਸਣਗੇ। ਉਨ੍ਹਾਂ ਦੇਸ਼ ਦੇ ਚੌਕਸੀ ਵਿਭਾਗ ਦੀ ਕਾਰਗੁਜ਼ਾਰੀ ਉੱਤੇ ਫਖਰ ਮਹਿਸੂਸ ਕਰਦਿਆਂ ਕਿਹਾ ਕਿ ਅਫਸਰਾਂ ਨੇ ਜਾਨਾਂ ਦੀ ਪ੍ਰਵਾਹ ਨਾ ਕਰਦਿਆਂ ਦੇਸ਼ ਦੇ ਭੇਦ ਲੀਕ ਹੋਣ ਤੋਂ ਬਚਾਏ ਤੇ ਵਿਦੇਸ਼ੀਆਂ ਦੀ ਹਰ ਹਰਕਤ ਉੱਤੇ ਨਜ਼ਰ ਰੱਖੀ। ਟਰੂਡੋ ਨੇ ਘਰਾਂ ਦੀ ਘਾਟ ਪੂਰੀ ਕਰਨ ਸਮੇਤ ਕਈ ਯੋਜਨਾਵਾਂ ਦਾ ਜ਼ਿਕਰ ਕੀਤਾ, ਜਿਸ ਲਈ ਵਿਸ਼ੇਸ਼ ਕਦਮ ਚੁੱਕੇ ਜਾਣ ਦਾ ਦਾਅਵਾ ਕੀਤਾ। ਪਤਨੀ ਤੋਂ ਵੱਖ ਹੋਣ ਬਾਰੇ ਪੁੱਛੇ ਜਾਣ 'ਤੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਬੱਚਿਆਂ ਦੇ ਚੰਗੇ ਭਵਿੱਖ ਲਈ ਅੱਕ ਚੱਬਣਾ ਗਲਤੀ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਵੱਖ ਹੋਣ ਤੋਂ ਬਾਅਦ ਉਹ ਹੋਰ ਸਕਾਰਾਮਿਕ ਤੇ ਊਰਜਾਵਾਨ ਹੋਏ ਹਨ।

# ਅਮਰੀਕਾ 'ਚ ਕੋਰੋਨਾ ਦਾ ਨਵਾਂ ਵੇਰੀਐਂਟ ਜੇ.ਐਨ.1 ਐਕਟਿਵ, ਵਧੇਰੇ ਮਾਮਲੇ ਆਏ ਸਾਹਮਣੇ

ਲਾਸ ਏਂਜਲਸ/ ਏ.ਟੀ.ਨਿਊਜ਼ : ਅਮਰੀਕਾ ਵਿੱਚ ਕੋਰੋਨਾ ਦਾ ਨਵਾਂ ਵੇਰੀਐਂਟ ਜੇ.ਐਨ.1 ਤੇਜ਼ੀ ਨਾਲ ਫੈਲ ਰਿਹਾ ਹੈ ਅਤੇ ਹੁਣ ਦੇਸ਼ ਵਿੱਚ ਕੋਵਿਡ-19 ਦੇ ਲਗਭਗ ਅੱਧੇ ਤਾਜ਼ਾ ਮਾਮਲਿਆਂ ਲਈ ਜ਼ਿੰਮੇਵਾਰ ਹੈ। ਇਹ ਜਾਣਕਾਰੀ ਸ਼ਿਨਹੂਆ ਨੇ ਯੂ.ਐੱਸ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀ.ਡੀ.ਸੀ) ਦੇ ਹਵਾਲੇ ਨਾਲ ਦਿੱਤੀ।



ਜੇ. ਐਨ.1 ਵਰਤਮਾਨ ਵਿੱਚ ਅਮਰੀਕਾ ਵਿੱਚ ਸਭ ਤੋਂ ਤੇਜ਼ੀ ਨਾਲ ਫੈਲਣ ਵਾਲਾ ਅਤੇ ਮੁੱਖ ਵੇਰੀਐਂਟ ਹੈ। ਸੀ.ਡੀ.ਸੀ ਅਨੁਸਾਰ ਇਹ ਦੇਸ਼ ਭਰ ਵਿੱਚ 44 ਪ੍ਰਤੀਸ਼ਤ ਤੋਂ ਵੱਧ ਨਵੇਂ ਸੰਕਰਮਣ ਲਈ ਯੋਗਦਾਨ ਪਾਉਂਦਾ ਹੈ, ਜੋ ਪਹਿਲਾਂ ਰਿਪੋਰਟ ਕੀਤੇ ਗਏ 21.4 ਪ੍ਰਤੀਸ਼ਤ ਨਾਲੋਂ ਦੁੱਗਣਾ ਹੈ। ਅੰਦਾਜ਼ਾ ਹੈ ਕਿ ਨਿਊ ਜਰਸੀ ਅਤੇ ਨਿਊਯਾਰਕ ਸਮੇਤ ਜੇ ਐਨ.1 ਉੱਤਰ-ਪੂਰਬ ਵਿੱਚ ਸਭ ਤੋਂ ਮਜ਼ਬੂਤ ਹੈ, ਜਿੱਥੇ ਇਹ ਲਗਭਗ 57 ਪ੍ਰਤੀਸ਼ਤ ਕੇਸਾਂ ਲਈ ਜ਼ਿੰਮੇਵਾਰ ਹੈ। ਜੇ ਐਨ.1 ਵੇਰੀਐਂਟ ਬੀ.ਏ.2.86 ਨਾਲ ਨੇੜਿਓਂ ਸਬੰਧਤ ਹੈ, ਜਿਸਨੂੰ ਸੀ.ਡੀ.ਸੀ. ਅਗਸਤ ਤੋਂ ਟਰੈਕ ਕਰ ਰਿਹਾ ਹੈ। ਇਹ ਪਹਿਲੀ ਵਾਰ ਸਤੰਬਰ 2023 ਵਿੱਚ ਅਮਰੀਕਾ ਵਿੱਚ ਪਾਇਆ ਗਿਆ ਸੀ। ਸੀ.ਡੀ.ਸੀ. ਨੇ ਕਿਹਾ ਕਿ ਜੇ. ਐਨ.1 ਦੂਜੇ ਵੇਰੀਐਂਟਾਂ ਨਾਲੋਂ ਵਧੇਰੇ ਛੂਤਕਾਰੀ ਹੈ ਜਾਂ ਦੂਜੇ ਪ੍ਰਸਾਰਿਤ ਰੂਪਾਂ ਨਾਲੋਂ ਮਨੁੱਖੀ ਇਮਿਊਨ ਸਿਸਟਮ ਤੋਂ ਬਚਣ ਲਈ ਬਿਹਤਰ ਹੈ।

# ਯੂਕਰੇਨ 'ਚ ਜੰਗ ਰੋਕਣ ਲਈ ਪੂਤਿਨ ਤਿਆਰ, ਮੈਸੇਂਜਰ ਰਾਹੀਂ ਗੁਪਤ ਸੰਦੇਸ਼ ਭੇਜਿਆ

## ਨਿਊਯਾਰਕ ਟਾਈਮਜ਼ ਦੀ ਰਿਪੋਰਟ ਵਿੱਚ ਦਾਅਵਾ

ਮਾਸਕੋ: ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਹਾਲ ਹੀ ਵਿੱਚ ਕਿਹਾ ਹੈ ਕਿ ਉਨ੍ਹਾਂ ਨੇ ਯੂਕਰੇਨ ਵਿੱਚ ਜੰਗ ਨੂੰ ਲੈ ਕੇ ਰੂਸ ਦੇ ਟੀਚਿਆਂ ਨੂੰ ਨਹੀਂ ਬਦਲਿਆ ਹੈ। ਅਸੀਂ ਲੜਾਈ ਜਾਰੀ ਰੱਖਾਂਗੇ ਅਤੇ ਜੋ ਸਾਡਾ ਹੈ, ਉਸ ਨੂੰ ਨਹੀਂ ਛੱਡਾਂਗੇ। ਜਨਤਕ ਤੌਰ 'ਤੇ, ਪੂਤਿਨ ਯੂਕਰੇਨ 'ਤੇ ਹਮਲਾਵਰ ਦਿਖ ਰਹੇ ਹਨ, ਪਰ ਬੈਕ-ਚੈਨਲ ਕੂਟਨੀਤੀ ਦੁਆਰਾ, ਉਹ ਇੱਕ ਵੱਖਰਾ ਸੰਦੇਸ਼ ਦੇ ਰਹੇ ਹਨ। ਉਹ ਯੂਕਰੇਨ ਵਿੱਚ ਜੰਗਬੰਦੀ ਸੌਦਾ ਕਰਨ ਲਈ ਤਿਆਰ ਹੈ। ਪੂਤਿਨ ਸਤੰਬਰ ਤੋਂ ਵਿਚੋਲੇ ਰਾਹੀਂ ਸੰਕੇਤ ਦੇ ਰਹੇ ਹਨ ਕਿ ਉਹ ਜੰਗਬੰਦੀ ਚਾਹੁੰਦੇ ਹਨ। ਜਿਸ ਤਹਿਤ ਵਰਤਮਾਨ ਵਿਚ ਜੋ ਮੌਜੂਦਾ ਸਰਹੱਦਾਂ ਹਨ,ਉਨ੍ਹਾਂ ਲਾਈਨਾਂ ਦੇ ਨਾਲ ਲੜਾਈ ਨੂੰ ਰੋਕ ਦਿਤਾ ਜਾਵੇ।



ਨਿਊਯਾਰਕ ਟਾਈਮਜ਼ ਨੇ ਇਹ ਦਾਅਵਾ ਦੋ ਸਾਬਕਾ ਸੀਨੀਅਰ ਰੂਸੀ ਅਧਿਕਾਰੀਆਂ ਅਤੇ ਕ੍ਰੇਮਲਿਨ ਅਤੇ ਅਮਰੀਕਾ ਦੇ ਕਰੀਬੀ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਨਾਲ ਇੱਕ ਰਿਪੋਰਟ ਵਿੱਚ ਕੀਤਾ ਹੈ। ਰਿਪੋਰਟ ਮੁਤਾਬਕ ਇਨ੍ਹਾਂ ਦੋਵਾਂ ਅੰਤਰਰਾਸ਼ਟਰੀ ਅਧਿਕਾਰੀਆਂ ਨੂੰ ਪੂਤਿਨ ਦੇ ਸੰਦੇਸ਼ਵਾਹਕਾਂ ਤੋਂ ਇਹ ਸੰਦੇਸ਼ ਮਿਲਿਆ ਹੈ। ਜਿਸ ਵਿੱਚ ਜੰਗਬੰਦੀ ਦੀ ਇੱਛਾ ਪ੍ਰਗਟਾਈ ਗਈ ਹੈ। ਰਿਪੋਰਟ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਪੂਤਿਨ ਨੇ ਇੱਕ ਸਾਲ ਪਹਿਲਾਂ ਸੰਦੇਸ਼ ਭੇਜ ਕੇ 2022 ਦੇ ਅੰਤ ਤੱਕ ਜੰਗਬੰਦੀ ਸਮਝੌਤੇ ਦੀ ਮੰਗ ਕੀਤੀ ਸੀ। ਪੂਤਿਨ ਨੇ ਇਕ ਵਾਰ ਫਿਰ ਸੰਕੇਤ ਦਿੱਤਾ ਕਿ ਉਹ ਰੂਸ ਦੇ ਕਬਜ਼ੇ ਵਾਲੇ ਖੇਤਰ ਤੋਂ ਸੰਤੁਸ਼ਟ ਹਨ ਅਤੇ ਜੰਗਬੰਦੀ ਲਈ ਤਿਆਰ ਹਨ।

ਰਿਪੋਰਟ ਵਿੱਚ ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਜੇਕਰ ਜੰਗਬੰਦੀ ਦੀ ਗੱਲਬਾਤ ਕੀਤੀ ਜਾਂਦੀ ਹੈ ਤਾਂ ਕੀ ਕਬਜ਼ਾ ਕੀਤੇ ਗਏ ਖੇਤਰ ਵਾਪਸ ਕੀਤੇ ਜਾਣਗੇ ਜਾਂ ਨਹੀਂ।

ਰਿਪੋਰਟ ਵਿੱਚ ਇਹ ਵੀ ਚੇਤਾਵਨੀ ਦਿੱਤੀ ਗਈ ਹੈ ਕਿ ਪੂਤਿਨ ਆਪਣਾ ਮਨ ਬਦਲ ਸਕਦੇ ਹਨ। ਇਸ ਜੰਗ ਵਿੱਚ ਯੂਕਰੇਨ ਨੂੰ ਅਮਰੀਕਾ ਤੋਂ ਲਗਾਤਾਰ ਮਦਦ ਮਿਲ ਰਹੀ ਹੈ। ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਨੇ ਯੂਕਰੇਨ ਨੂੰ ਹਰ ਸੰਭਵ ਮਦਦ ਦੇਣ ਦਾ ਐਲਾਨ ਕੀਤਾ ਹੈ। ਹਾਲਾਂਕਿ ਹੁਣ ਅਮਰੀਕਾ ਵਿੱਚ ਵੀ ਜੰਗਬੰਦੀ ਦੀ ਗੱਲ ਉੱਠ ਰਹੀ ਹੈ। ਅਮਰੀਕਾ ਵੱਲੋਂ ਯੂਕਰੇਨ ਨੂੰ ਲਗਾਤਾਰ ਫੰਡ ਦਿੱਤੇ ਜਾਣ 'ਤੇ ਕਈ ਸੰਸਥਾਵਾਂ ਅਤੇ ਆਮ ਲੋਕ ਇਤਰਾਜ਼ ਕਰ ਰਹੇ ਹਨ।

ਤੁਹਾਨੂੰ ਦੱਸ ਦੇਈਏ ਕਿ ਯੂਕਰੇਨ ਅਤੇ ਰੂਸ ਵਿਚਾਲੇ ਜੰਗ ਨੂੰ ਲਗਭਗ ਦੋ ਸਾਲ ਹੋ ਚੁੱਕੇ ਹਨ। ਫਰਵਰੀ 2022 ਵਿੱਚ, ਰੂਸ ਨੇ ਗੁਆਂਢੀ ਯੂਕਰੇਨ ਉੱਤੇ ਹਮਲਾ ਕੀਤਾ ਸੀ। ਉਸ ਸਮੇਂ ਇਹ ਮੰਨਿਆ ਜਾ ਰਿਹਾ ਸੀ ਕਿ ਇਹ ਜੰਗ ਜ਼ਿਆਦਾ ਦੇਰ ਨਹੀਂ ਚੱਲੇਗੀ ਅਤੇ ਜਲਦੀ ਹੀ ਰੂਸੀ ਫੌਜ ਯੂਕਰੇਨ ਦੇ ਜ਼ਿਆਦਾਤਰ ਹਿੱਸਿਆਂ 'ਤੇ ਕਬਜ਼ਾ ਕਰ ਲਵੇਗੀ। ਇਸ ਦੇ ਉਲਟ, ਯੂਕਰੇਨ ਲਗਾਤਾਰ ਰੂਸ ਨਾਲ ਲੜਦਾ ਰਿਹਾ ਹੈ ਅਤੇ ਲਗਾਤਾਰ ਟਾਕਰਾ ਕਰਦਾ ਰਿਹਾ ਹੈ। ਕਰੀਬ ਦੋ ਸਾਲਾਂ ਤੋਂ ਚੱਲੀ ਆ ਰਹੀ ਜੰਗ ਅਜੇ ਵੀ ਖ਼ਤਮ ਹੋਣ ਦੇ ਕੋਈ ਸੰਕੇਤ ਨਹੀਂ ਦਿਖ ਰਹੇ।

# ਆਸਟ੍ਰੇਲੀਆ 'ਚ ਸਿੱਖ ਡਰਾਈਵਰ ਨੇ ਈਮਾਨਦਾਰੀ ਦੀ ਮਿਸਾਲ ਕਾਇਮ ਕੀਤੀ

ਮੈਲਬੌਰਨ/ਏ.ਟੀ.ਨਿਊਜ਼ : ਆਸਟ੍ਰੇਲੀਆ ਵਿੱਚ ਰਹਿਣ ਵਾਲੇ ਇੱਕ ਸਿੱਖ ਟੈਕਸੀ ਡਰਾਈਵਰ ਨੇ ਈਮਾਨਦਾਰੀ ਦੀ ਮਿਸਾਲ ਕਾਇਮ ਕੀਤੀ ਹੈ। ਜਿਸ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਉਸ ਦੀ ਕਾਫੀ ਤਾਰੀਫ ਹੋ ਰਹੀ ਹੈ। ਚਰਨਜੀਤ ਸਿੰਘ ਅਟਵਾਲ ਮੈਲਬੌਰਨ ਵਿੱਚ ਰਹਿੰਦੇ ਹਨ ਅਤੇ ਪਿਛਲੇ 30 ਸਾਲਾਂ ਤੋਂ ਉੱਥੇ ਡਰਾਈਵਰ ਵਜੋਂ ਕੰਮ ਕਰ ਰਹੇ ਹਨ। ਰੋਜ਼ ਵਾਂਗ ਉਸ ਦਿਨ ਵੀ ਉਹ ਟੈਕਸੀ ਚਲਾ ਰਿਹਾ ਸੀ। ਅਚਾਨਕ ਉਸ ਨੇ ਕਾਰ ਦੀ ਪਿਛਲੀ ਸੀਟ 'ਤੇ ਇੱਕ ਬੈਗ ਦੇਖਿਆ। ਜਦੋਂ ਉਸ ਨੇ ਇਸ ਦੀ ਜਾਂਚ ਕੀਤੀ ਤਾਂ ਉਸ ਵਿੱਚ 8000 ਆਸਟ੍ਰੇਲੀਅਨ ਡਾਲਰ ਯਾਨੀ ਕਰੀਬ ਸਾਢੇ ਚਾਰ ਲੱਖ ਰੁਪਏ ਸਨ। ਉਹ ਤੁਰੰਤ ਨਕਦੀ ਲੈ ਕੇ ਪੁਲਿਸ ਕੋਲ ਪਹੁੰਚਿਆ ਅਤੇ ਸਾਰੀ ਘਟਨਾ ਦੱਸ ਕੇ ਨਕਦੀ ਉਨ੍ਹਾਂ ਦੇ ਹਵਾਲੇ ਕਰ ਦਿੱਤੀ। ਉਨ੍ਹਾਂ ਦੇ ਇਸ ਕਦਮ ਦੀ ਸੋਸ਼ਲ ਮੀਡੀਆ ਅਤੇ ਪੁਲਸ ਵਿਭਾਗ 'ਚ ਕਾਫੀ ਤਾਰੀਫ ਹੋ ਰਹੀ ਹੈ।



**ਇਨਾਮ ਲੈਣ ਤੋਂ ਕੀਤਾ ਇਨਕਾਰ**

ਇਸ ਘਟਨਾ ਨੂੰ ਇੰਸਟਾਗ੍ਰਾਮ 'ਤੇ ਸ਼ੇਅਰ ਕੀਤਾ ਗਿਆ ਹੈ, ਜੋ ਲਗਾਤਾਰ ਵਾਇਰਲ ਹੋ ਰਿਹਾ ਹੈ। ਇਸ ਪੋਸਟ ਅਨੁਸਾਰ ਚਰਨਜੀਤ ਸਿੰਘ ਨੇ ਪੱਤਰਕਾਰ ਨੂੰ ਦੱਸਿਆ ਕਿ ਉਹ ਆਪਣੀ ਕਾਰ ਵਿੱਚ ਸਵਾਰੀਆਂ ਵੱਲੋਂ ਛੱਡੀਆਂ ਗਈਆਂ ਚੀਜ਼ਾਂ ਦੀ ਤਲਾਸ਼ ਕਰਦਾ ਰਹਿੰਦਾ ਹੈ। ਹਾਲ ਹੀ ਵਿੱਚ ਉਸਨੇ ਪਿਛਲੀ ਸੀਟ ਤੋਂ ਲਗਭਗ 8,000 ਡਾਲਰ ਪਾਏ ਅਤੇ ਤੁਰੰਤ ਨਕਦੀ ਲੈ ਕੇ ਪੁਲਿਸ ਕੋਲ ਗਿਆ। ਉਸ ਨੇ ਦੱਸਿਆ ਕਿ ਪੈਸੇ ਆਪਣੇ ਕੋਲ ਰੱਖਣ ਦਾ ਖਿਆਲ ਉਸ ਦੇ ਮਨ ਵਿੱਚ ਬਿਲਕੁਲ ਵੀ ਨਹੀਂ ਆਇਆ।

ਉੱਧਰ ਪੁਲਿਸ ਨੇ ਮਾਲਕ ਨੂੰ ਲੱਭ ਕੇ ਪੈਸਿਆਂ ਨਾਲ ਭਰਿਆ ਬੈਗ ਵਾਪਸ ਕਰ ਦਿੱਤਾ। ਥੈਲੇ ਦਾ ਮਾਲਕ ਚਰਨਜੀਤ ਸਿੰਘ ਦੀ ਈਮਾਨਦਾਰੀ ਦੇਖ ਕੇ ਖੁਸ਼ ਹੋਇਆ ਅਤੇ ਜਦੋਂ ਉਸ ਨੇ ਉਸ ਨੂੰ ਬਦਲੇ ਵਿੱਚ ਕੁਝ ਪੈਸੇ ਦੇਣੇ ਚਾਹੇ ਤਾਂ ਉਸ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਉਸਨੇ ਕਿਹਾ - ਮੈਨੂੰ ਇਸ ਕੰਮ ਦਾ ਇਨਾਮ ਲੈਣ ਦੀ ਲੋੜ ਨਹੀਂ ਹੈ।

**ਈਮਾਨਦਾਰੀ ਦੀ ਸ਼ਲਾਘਾ**

ਸੋਸ਼ਲ ਮੀਡੀਆ 'ਤੇ ਚਰਨਜੀਤ ਦੀ ਕਾਫੀ ਤਾਰੀਫ ਹੋ ਰਹੀ ਹੈ ਅਤੇ ਕਈ ਲੋਕ ਇਸ ਪੋਸਟ 'ਤੇ ਕੁਮੈਂਟ ਕਰ ਰਹੇ ਹਨ। ਇਕ ਯੂਜ਼ਰ ਨੇ ਲਿਖਿਆ- ਕੀ ਉਸ ਨੇ ਕਦੇ ਸੋਚਿਆ ਹੈ ਕਿ ਕੀ ਰੱਬ ਸ਼ਾਇਦ ਉਸ ਨੂੰ ਅਸੀਸ ਦੇ ਰਿਹਾ ਹੋਵੇ ਕਿਉਂਕਿ ਉਹ ਬਹੁਤ ਮਿਹਨਤ ਕਰਦਾ ਹੈ ਅਤੇ ਉਸਨੇ ਪਰਮਾਤਮਾ ਦੀਆਂ ਅਸੀਸਾਂ ਵਾਪਸ ਕਰ ਦਿੱਤੀਆਂ। ਇੱਕ ਹੋਰ ਵਿਅਕਤੀ ਨੇ ਲਿਖਿਆ- ਉਹ ਖੁਸ਼ਕਿਸਮਤ ਹੈ ਅਤੇ ਉਸਦੀ ਈਮਾਨਦਾਰੀ ਅਤੇ ਚੰਗੇ ਕੰਮ ਕਾਰਨ ਉਸਨੂੰ ਦਸ ਗੁਣਾ ਵਾਪਸੀ ਮਿਲੇਗੀ। ਇਕ ਹੋਰ ਵਿਅਕਤੀ ਨੇ ਲਿਖਿਆ- ਅਜਿਹੀਆਂ ਸਕਾਰਾਤਮਕ ਕਹਾਣੀਆਂ ਦੂਜਿਆਂ ਨੂੰ ਚੰਗਾ ਕਰਨ ਲਈ ਪ੍ਰੇਰਿਤ ਕਰਨਗੀਆਂ। ਇਸ ਵੀਡੀਓ ਨੂੰ 20 ਹਜ਼ਾਰ ਦੇ ਕਰੀਬ ਵਿਊਜ਼ ਮਿਲ ਚੁੱਕੇ ਹਨ, ਜਦੋਂ ਕਿ ਇਸ ਵੀਡੀਓ ਜਾਂ ਖ਼ਬਰ ਦੀ ਕਈ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਵੀ ਚਰਚਾ ਹੋ ਰਹੀ ਹੈ।

# ਭਾਰਤੀ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਬਣਿਆ ਕੈਨੇਡਾ ਦਾ ਟਿਮਿੰਸ ਸ਼ਹਿਰ



ਟੋਰਾਂਟੋ/ਏ.ਟੀ.ਨਿਊਜ਼ : ਭਾਰਤੀ ਵਿਦਿਆਰਥੀ ਸੁਨਹਿਰੀ ਭਵਿੱਖ ਦੀ ਆਸ ਵਿੱਚ ਕੈਨੇਡਾ ਪੜ੍ਹਨ ਲਈ ਜਾਂਦੇ ਹਨ। ਹਾਲ ਹੀ ਵਿੱਚ ਸਾਹਮਣੇ ਆਈ ਜਾਣਕਾਰੀ ਮੁਤਾਬਕ ਕੈਨੇਡਾ ਦੇ ਜ਼ਿਆਦਾਤਰ ਕਾਲਜਾਂ ਵਿੱਚ ਭਾਰਤੀ ਵਿਦਿਆਰਥੀਆਂ ਦਾ ਦਬਦਬਾ ਹੈ। ਇਨ੍ਹਾਂ ਵਿੱਚ ਵੱਡੀ ਗਿਣਤੀ ਪੰਜਾਬ ਅਤੇ ਗੁਜਰਾਤ ਦੇ ਵਿਦਿਆਰਥੀਆਂ ਦੀ ਹੈ। ਭਾਰਤੀ ਵਿਦਿਆਰਥੀਆਂ ਦਾ ਦੂਰ-ਦੁਰਾਡੇ ਦੇ ਕਾਲਜਾਂ ਵਿੱਚ ਦਬਦਬਾ ਹੈ। ਭਾਰਤੀ ਉੱਥੇ ਪਹੁੰਚ ਰਹੇ ਹਨ ਜਿੱਥੇ ਸਥਾਨਕ ਵਿਦਿਆਰਥੀ ਨਹੀਂ ਪੜ੍ਹਦੇ। ਕੈਨੇਡਾ ਦੀ ਰਾਜਧਾਨੀ ਟੋਰਾਂਟੋ ਤੋਂ 700 ਕਿਲੋਮੀਟਰ ਦੂਰ ਇੱਕ ਛੋਟਾ ਸ਼ਹਿਰ ਹੈ ਜਿਸ ਦਾ ਨਾਮ ਟਿਮਿੰਸ ਹੈ। ਇਹ ਸ਼ਹਿਰ ਭਾਰਤੀ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਦਰਅਸਲ ਇਸ ਦਾ ਕਾਰਨ ਇੱਥੇ ਭਾਰਤੀ ਵਿਦਿਆਰਥੀਆਂ ਦੀ ਵੱਡੀ ਗਿਣਤੀ ਹੋਣਾ ਹੈ। ਇੱਥੋਂ ਦੇ ਉੱਤਰੀ ਕਾਲਜ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਿੱਚ 96% ਭਾਰਤੀ ਹਨ। 20 ਸਾਲਾ ਗ੍ਰੈਜੂਏਟ ਇੱਕ ਭਾਰਤੀ ਵਿਦਿਆਰਥੀ ਦਾ ਕਹਿਣਾ ਹੈ ਕਿ ਹਰ ਜਮਾਤ ਵਿੱਚ ਸਿਰਫ਼ 3 ਜਾਂ 4 ਕੈਨੇਡੀਅਨ ਵਿਦਿਆਰਥੀ ਹਨ ਅਤੇ ਬਾਕੀ ਦੂਜੇ ਦੇਸ਼ਾਂ ਦੇ ਹਨ, ਜਿਨ੍ਹਾਂ ਵਿੱਚ ਜ਼ਿਆਦਾਤਰ ਭਾਰਤੀ ਹਨ। ਇਹ ਸਾਰੇ ਦੋ ਰਾਜਾਂ ਪੰਜਾਬ ਅਤੇ ਗੁਜਰਾਤ ਦੇ ਹਨ। ਇਸੇ ਲਈ ਦੇਸ਼ ਛੱਡਣ ਤੋਂ ਬਾਅਦ ਵੀ ਸਾਨੂੰ ਲੱਗਦਾ ਹੈ ਕਿ ਅਸੀਂ ਭਾਰਤ ਵਿੱਚ ਹਾਂ। ਤੁਹਾਨੂੰ ਦੱਸ ਦੇਈਏ ਕਿ ਪਿਛਲੇ ਇੱਕ ਦਹਾਕੇ ਵਿੱਚ ਕੈਨੇਡਾ (ਬਾਕੀ ਸਫ਼ਾ 31 'ਤੇ)

# ਇਰਾਨੀ ਸਮੁੰਦਰੀ ਫੌਜ 'ਚ ਨਵੀਂ ਸਵਦੇਸ਼ੀ ਮਿਜ਼ਾਈਲ ਪ੍ਰਣਾਲੀ ਤੇ ਹੈਲੀਕਾਪਟਰ ਸ਼ਾਮਲ



ਤਹਿਰਾਨ/ਏ.ਟੀ.ਨਿਊਜ਼ : ਇਰਾਨ ਦੀ ਸਮੁੰਦਰੀ ਫੌਜ ਨੇ ਸਿਸਤਾਨ ਅਤੇ ਬਲੋਚਿਸਤਾਨ ਦੇ ਦੱਖਣ-ਪੂਰਬੀ ਸੂਬੇ ਵਿੱਚ ਆਯੋਜਿਤ ਇੱਕ ਸਮਾਰੋਹ ਵਿੱਚ ਕਰੂਜ਼ ਮਿਜ਼ਾਈਲ ਪ੍ਰਣਾਲੀਆਂ ਅਤੇ ਹੈਲੀਕਾਪਟਰਾਂ ਸਮੇਤ ਨਵੇਂ ਘਰੇਲੂ ਹਥਿਆਰਾਂ ਦੀ ਸਪਲਾਈ ਪ੍ਰਾਪਤ ਕੀਤੀ।

ਖਬਰਾਂ ਮੁਤਾਬਕ ਕੋਨਾਰਕ ਕਾਊਂਟੀ 'ਚ ਆਯੋਜਿਤ ਸਮਾਰੋਹ 'ਚ ਫੌਜ ਦੇ ਕਮਾਂਡਰ ਅਬਦੋਲਰਹਿਮ ਮੌਸਵੀ, ਨੇਵੀ ਕਮਾਂਡਰ ਸ਼ਾਹਰਾਮ ਇਰਾਨੀ ਅਤੇ ਹੋਰ ਸੀਨੀਅਰ ਫੌਜੀ ਅਧਿਕਾਰੀਆਂ ਨੇ ਸ਼ਿਰਕਤ ਕੀਤੀ। ਰਿਪੋਰਟ ਮੁਤਾਬਕ ਹਥਿਆਰਾਂ ਅਤੇ ਉਪਕਰਨਾਂ ਵਿੱਚ ਤਲਾਇਹ ਅਤੇ ਨਾਸਿਰ ਕਰੂਜ਼ ਮਿਜ਼ਾਈਲ ਪ੍ਰਣਾਲੀ, ਘਰੇਲੂ ਇਲੈਕਟ੍ਰਾਨਿਕ ਜੰਗ ਪ੍ਰਣਾਲੀਆਂ ਨਾਲ ਲੈਸ ਅਤੇ ਟੋਹੀ ਮੁਹਿੰਮਾਂ ਵਿੱਚ ਸਮਰੱਥ ਹੈਲੀਕਾਪਟਰ ਅਤੇ ਵਾਹਕ-ਲਾਂਚ ਕਾਮਿਕੇਜ਼ ਡਰੋਨ ਸ਼ਾਮਲ ਹਨ।

ਇਰਾਨੀ ਨੇ ਸਮਾਰੋਹ ਵਿੱਚ ਕਿਹਾ ਕਿ ਤਲਾਇਹ ਪ੍ਰਣਾਲੀ ਦੀ ਕਾਰਜਸ਼ੀਲ ਰੇਂਜ 1,000 ਕਿਲੋਮੀਟਰ ਹੈ ਅਤੇ ਇਹ ਉਡਾਣ ਵਿੱਚ ਦਿਸ਼ਾ ਬਦਲ ਸਕਦੀ ਹੈ, ਜਦੋਂ ਕਿ 100 ਕਿਲੋਮੀਟਰ ਦੀ ਰੇਂਜ ਵਾਲੇ ਨਾਸਿਰ ਵਿੱਚ ਉੱਚ ਵਿਨਾਸ਼ਕਾਰੀ ਸ਼ਕਤੀ ਹੈ ਅਤੇ ਇਸ ਨੂੰ ਵੱਖ-ਵੱਖ ਸ਼੍ਰੇਣੀਆਂ ਦੇ ਰਾਕੇਟ ਲਾਂਚ ਕਰਨ ਵਾਲੇ ਜਹਾਜ਼ਾਂ ਵਿੱਚ ਲਗਾਇਆ ਜਾ ਸਕਦਾ ਹੈ।

# ਉੱਚ ਸਿੱਖਿਆ 'ਤੇ ਪਾਬੰਦੀ ਲਗਾਉਣ ਤੋਂ ਬਾਅਦ ਤਾਲੀਬਾਨ ਨੇ ਅਫ਼ਗਾਨ ਕੁੜੀਆਂ ਨੂੰ ਮਦਰੱਸਿਆਂ ਵਿੱਚ ਪੜ੍ਹਨ ਦੀ ਦਿੱਤੀ ਇਜ਼ਾਜਤ

ਅਫ਼ਗਾਨਿਸਤਾਨ ਦੀ ਤਾਲੀਬਾਨ ਸਰਕਾਰ ਨੇ ਹੁਣ ਹਰ ਉਮਰ ਦੀਆਂ ਕੁੜੀਆਂ ਨੂੰ ਦੇਸ਼ ਭਰ ਦੇ ਮਦਰੱਸਿਆਂ ਵਿੱਚ ਸਿੱਖਿਆ ਹਾਸਲ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਹ ਫ਼ੈਸਲਾ ਤਾਲੀਬਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਛੇਵੀਂ ਜਮਾਤ ਤੋਂ ਬਾਅਦ ਦੀਆਂ ਲੜਕੀਆਂ ਦੇ ਲਈ ਉੱਚ ਸਿੱਖਿਆ ਤੇ ਪਾਬੰਦੀ ਲਗਾਉਣ ਦੇ ਕਰੀਬ ਇੱਕ ਸਾਲ ਬਾਅਦ ਆਇਆ ਹੈ।



ਤਾਲੀਬਾਨ ਦੇ ਸਿੱਖਿਆ ਮੰਤਰਾਲੇ ਦੇ ਬੁਲਾਰੇ ਮਨਸੂਰ ਅਹਿਮਦ ਨੇ 21 ਦਸੰਬਰ ਨੂੰ ਐਸੋਸੀਏਟਿਡ ਪ੍ਰੈਸ (ਏ.ਪੀ.) ਨੂੰ ਇਸ ਖ਼ਬਰ ਦੀ ਜਾਣਕਾਰੀ ਦਿੱਤੀ। ਮੰਤਰੀ ਨੇ ਸਪਸ਼ਟ ਕੀਤਾ ਕਿ ਸਰਕਾਰ ਦੁਆਰਾ ਸਰਕਾਰ ਅਧੀਨ ਮਦਰੱਸਿਆਂ ਦੇ ਵਿੱਚ ਜਾਣ ਵਾਲੀਆਂ ਲੜਕੀਆਂ ਲਈ ਉਮਰ ਦੀ ਕੋਈ ਪਾਬੰਦੀ ਨਹੀਂ ਹੈ। ਹਾਲਾਂ ਕਿ ਲੜਕੀਆਂ ਦੇ ਲਈ ਮੌਜੂਦਾ ਸਥਿਤੀ ਇਹ ਹੈ ਕਿ ਉਹਨਾਂ ਨੂੰ ਉਹਨਾਂ ਦੀ ਉਮਰ ਦੇ ਅਨੁਸਾਰ ਮਦਰੱਸੇ ਦੀ ਜਮਾਤ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਅਹਿਮਦ ਨੇ ਕਿਹਾ " ਜੇ ਉਸਦੀ ਉਮਰ ਉਸਦੀ ਜਮਾਤ ਨਾਲ ਮੇਲ ਨਹੀਂ ਖਾਂਦੀ ਤਾਂ ਉਸ ਨੂੰ ਇਜਾਜ਼ਤ ਨਹੀਂ ਹੈ। ਮਦਰੱਸੇ ਸਕੂਲਾਂ ਵਾਂਗ ਹੀ ਸਿਧਾਂਤਾਂ ਦੀ ਪਾਲਣਾ ਕਰਦੇ ਨੇ। ਜਿਥੇ ਬਜੁਰਗ ਔਰਤਾਂ ਨੂੰ ਜੂਨੀਅਰ ਜਮਾਤਾਂ ਵਿੱਚ ਦਾਖ਼ਲੇ ਦੀ ਇਜਾਜ਼ਤ ਨਹੀਂ ਹੈ।" ਵਰਤਮਾਨ ਵਿੱਚ ਅਫ਼ਗਾਨਿਸਤਾਨ ਵਿੱਚ ਕਰੀਬ 20 ਹਜ਼ਾਰ ਮਦਰੱਸੇ ਹਨ, ਜਿਹਨਾਂ ਵਿਚੋਂ 13,500 ਤਾਲੀਬਾਨ ਸਰਕਾਰ ਦੇ ਪ੍ਰਸ਼ਾਸਨ ਅਧੀਨ ਹਨ। ਜਦੋਂਕਿ ਬਾਕੀ ਮਸਜਿਦਾਂ ਜਾਂ ਘਰਾਂ ਤੋਂ ਸ਼ੁਰੂ ਕੀਤੇ ਹੋਏ ਨਿੱਜੀ ਮਦਰੱਸੇ ਹਨ। ਲੰਘੇ ਸਮੇਂ ਵਿੱਚ ਛੇਵੀਂ ਜਮਾਤ ਤੋਂ ਬਾਅਦ ਕੁੜੀਆਂ ਦੀ ਸਿੱਖਿਆ 'ਤੇ ਪਾਬੰਦੀ ਨੇ ਤਾਲੀਬਾਨ ਦੀ ਵਿਸ਼ਵ ਪੱਧਰ 'ਤੇ ਵਿਆਪਕ ਆਲੋਚਨਾ ਹੋਈ ਸੀ। ਅਫ਼ਗਾਨਿਸਤਾਨ ਵਿੱਚ ਵਿਰੋਧ ਪ੍ਰਦਰਸ਼ਨ ਵੀ ਹੋਏ ਸੀ। ਖਾਸ ਕਰਕੇ ਔਰਤਾਂ ਨੇ ਬੰਦ ਯੂਨੀਵਰਸਿਟੀ ਦੇ ਗੇਟਾਂ ਅਤੇ ਸਕੂਲਾਂ ਦੇ ਬਾਹਰ ਰੈਲੀਆਂ ਵੀ ਕੀਤੀਆਂ ਸਨ।

ਉੱਚ ਸਿੱਖਿਆ 'ਤੇ ਪਾਬੰਦੀ ਅਫ਼ਗਾਨ ਔਰਤਾਂ ਤੇ ਤਾਲੀਬਾਨ ਸਰਕਾਰ ਦੁਆਰਾ ਲਗਾਈਆਂ ਗਈਆਂ ਪਾਬੰਦੀਆਂ ਵਿਚੋਂ ਇੱਕ ਸੀ, ਜਿਸ ਵਿੱਚ ਦੇਸ਼ ਦੇ ਅੰਦਰ ਯਾਤਰਾ, ਪਾਰਕ ਦੀ ਪਹੁੰਚ, ਜਨਤਕ ਦਿੱਖ ਅਤੇ ਵਾਹਨ ਚਲਾਉਣ 'ਤੇ ਪਾਬੰਦੀਆਂ ਸ਼ਾਮਲ ਸਨ। ਅਮਰੀਕਾ ਦੀਆਂ ਅਗਵਾਈ ਵਾਲੀਆਂ ਫ਼ੌਜਾਂ ਦੇ ਜਾਣ ਤੇ ਅਫ਼ਗਾਨਿਸਤਾਨ ਤੋਂ ਸਾਬਕਾ ਰਾਸ਼ਟਰਪਤੀ ਹਮੀਦ ਕਰਜਈ ਦੇ ਭੱਜਣ ਤੋਂ ਬਾਅਦ ਤਾਲੀਬਾਨ ਨੇ ਸ਼ਰੀਅਤ ਪ੍ਰਣਾਲੀ ਦੇ ਆਧਾਰ 'ਤੇ ਆਪਣੇ ਨਿਯਮ ਲਾਗੂ ਕੀਤੇ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਕਾਂਗਰਸ ਵੱਲੋਂ ਲੋਕ ਸਭਾ ਚੋਣਾਂ ਦੀ ਤਿਆਰੀ: ਫ਼ਿਨਲੈਂਡ, ਜਰਮਨ, ਫ਼ਰਾਂਸ ਅਤੇ ਬੈਲਜੀਅਮ ਦੇ ਨਵੇਂ ਪ੍ਰਧਾਨਾਂ ਦਾ ਐਲਾਨ




ਮਿਲਾਨ (ਇਟਲੀ)/ ਏ.ਟੀ.ਨਿਊਜ਼: ਭਾਰਤ 'ਤੇ ਸਭ ਤੋਂ ਵੱਧ ਸਾਲ ਰਾਜ ਕਰਨ ਵਾਲੀ ਪੁਰਾਤਨ ਪਾਰਟੀ ਕਾਂਗਰਸ ਵੱਲੋਂ ਵਿਦੇਸ਼ਾਂ ਵਿੱਚ ਵੱਸਦੇ ਪ੍ਰਵਾਸੀ ਭਾਰਤੀਆਂ ਨੂੰ ਪਾਰਟੀ ਨਾਲ ਜੁੜਨ ਲਈ ਯੂਰਪ ਵਿੱਚ ਨਵੇਂ ਅਹੁਦੇਦਾਰਾਂ ਦੀ ਚੋਣ ਕਰਕੇ ਚੋਣ ਪ੍ਰਚਾਰ ਲਈ ਤਿਆਰ ਰਹਿਣ ਦਾ ਇਸ਼ਾਰਾ ਕਰ ਦਿੱਤਾ ਗਿਆ ਹੈ। ਕਾਂਗਰਸ ਪਾਰਟੀ ਵੱਲੋਂ ਜਾਰੀ ਕੀਤੇ ਪ੍ਰੈੱਸ ਨੋਟ ਮੁਤਾਬਕ ਯੂਰਪ ਦੇ ਵੱਖ- ਵੱਖ ਦੇਸ਼ਾਂ ਵਿੱਚ ਪਾਰਟੀ ਦੀ ਬਿਹਤਰੀ ਲਈ ਕੰਮ ਕਰਨ ਵਾਲੇ ਪੁਰਾਣੇ ਵਰਕਰਾਂ ਦਵਿੰਦਰ ਸਿੰਘ ਸੈਣੀ ਫ਼ਿਨਲੈਂਡ, ਮਨਵੀਰ ਸਿੰਘ ਮੰਨਾ ਜਰਮਨੀ, ਜਗਤਾਰ ਸਿੰਘ ਬਿੱਟੂ ਫ਼ਰਾਂਸ ਅਤੇ ਗੁਰਦਾਵਰ ਸਿੰਘ ਚਾਹਲ ਬੈਲਜੀਅਮ ਨੂੰ ਕ੍ਰਮਵਾਰ ਇਨ੍ਹਾਂ ਦੇਸ਼ਾਂ ਦੀਆਂ ਇਕਾਈਆਂ ਦਾ ਪ੍ਰਧਾਨ ਥਾਪਿਆ ਗਿਆ ਹੈ।

ਇੰਡੀਅਨ ਓਵਰਸੀਜ਼ ਕਾਂਗਰਸ ਦੇ ਚੇਅਰਮੈਨ ਸੈਮ ਪਟਰੌਦਾ ਵੱਲੋਂ ਓਵਰਸੀਜ਼ ਕਾਂਗਰਸ ਦੇ ਆਗੂਆਂ ਨਾਲ ਗੱਲਬਾਤ ਕਰਨ ਉਪਰੰਤ ਨਵੀਆਂ ਨਿਯੁਕਤੀਆਂ ਕੀਤੀਆ ਗਈਆ ਹਨ। ਦੱਸਣਯੋਗ ਹੈ ਕਿ ਯੂਰਪ ਦੇ ਇੰਨਾਂ ਦੇਸ਼ਾਂ ਵਿੱਚ ਹੋਰਨਾਂ ਪਾਰਟੀਆਂ ਦੇ ਮੁਕਾਬਲੇ ਕਾਗਰਸ ਪਾਰਟੀ ਕੌਲ ਹਮੇਸ਼ਾ ਤੋ ਮਜ਼ਬੂਤ ਵਰਕਰ ਅਤੇ ਲੀਡਰਸ਼ਿਪ ਰਹੀ ਹੈ ਜਿੰਨਾਂ ਵੱਲੋਂ ਪਾਰਟੀ ਵੱਲੋਂ ਕੀਤੀਆਂ ਗਤੀਵਿਧੀਆ ਲਈ ਬਣਦਾ ਯੋਗਦਾਨ ਦਿੱਤਾ ਗਿਆ ਹੈ। ਵੇਖਣ ਵਾਲੀ ਗੱਲ ਹੋਵੇਗੀ ਕਿ ਫ਼ਿੰਨਲੈਂਡ, ਜਰਮਨੀ , ਫ਼ਰਾਂਸ ਅਤੇ ਬੈਲਜੀਅਮ ਵਿੱਚ ਚੁਣੇ ਹੋਏ ਨਵੇਂ ਆਗੂ ਪਾਰਟੀ ਦੀ ਤਰੱਕੀ ਲਈ ਕਿਸ ਹੱਦ ਤੱਕ ਯੋਗਦਾਨ ਪਾਉਂਦੇ ਹਨ।

## ਅਮਰੀਕਾ 'ਚ ਸੋਨੇ ਦਾ ਲਾਲਚ ਦੇ ਕੇ 4 ਵਿਅਕਤੀਆਂ ਦੀ ਜੰਗਲ 'ਚ ਲਿਜਾ ਕੇ ਕੀਤੀ ਹੱਤਿਆ

### ਮ੍ਰਿਤਕਾਂ ਦੀਆਂ ਗੱਡੀਆਂ ਕੀਤੀਆਂ ਚੋਰੀ



ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੇ ਵਾਸ਼ਿੰਗਟਨ ਰਾਜ ਦੇ ਇਕ ਵਿਅਕਤੀ ਵੱਲੋਂ 4 ਵਿਅਕਤੀਆਂ ਦੀ ਹੱਤਿਆ ਕਰਨ ਦੀ ਖ਼ਬਰ ਹੈ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਰਿਚਰਡ ਵਾਲਟਰ ਬਰਾਡਲੇ (40) ਨੇ ਕਥਿੱਤ ਤੌਰ 'ਤੇ ਪੀੜਤਾਂ ਨੂੰ ਜੰਗਲ ਵਿਚ ਦੱਬਿਆ ਸੋਨਾ ਦੇਣ ਦਾ ਲਾਲਚ ਦਿੱਤਾ ਤੇ ਜੰਗਲ ਵਿਚ ਲਿਜਾ ਕੇ ਉਨਾਂ ਦੀ ਹੱਤਿਆ ਕਰ ਦਿੱਤੀ। ਬਾਅਦ ਵਿੱਚ ਮ੍ਰਿਤਕਾਂ ਦੀਆਂ ਗੱਡੀਆਂ ਚੋਰੀ ਕਰਕੇ ਉਨਾਂ ਵਿੱਚ ਘੁੰਮਦਾ ਰਿਹਾ। ਬਰਾਡਲੇ ਵਿਰੁੱਧ ਬਰਾਂਡੀ ਬਲੇਕ ਨਾਮੀ ਵਿਅਕਤੀ ਦੀ ਹੱਤਿਆ ਕਰਨ ਦੇ ਦੋਸ਼ ਮਈ 2021 ਵਿੱਚ ਆਇਦ ਕੀਤੇ ਗਏ ਸਨ। ਇਸ ਮਹੀਨੇ ਦੇ ਸ਼ੁਰੂ ਵਿੱਚ ਉਸ ਵਿਰੁੱਧ ਈਮਿਲੀਓ ਰੌਲ ਮੈਟੂਰਿਨ ਨਾਮੀ ਵਿਅਕਤੀ ਦੀ ਹੱਤਿਆ ਕਰਨ ਦੇ ਦੋਸ਼ ਆਇਦ ਹੋਏ ਹਨ। ਸਰਕਾਰੀ ਵਕੀਲਾਂ ਅਨੁਸਾਰ ਬਰਾਡਲੇ ਵਿਰੁੱਧ ਮਾਈਕਲ ਗੋਮੈਨ ਤੇ ਵਾਂਸ ਲੇਕੀ ਨਾਮੀ ਵਿਅਕਤੀਆਂ ਦੀ ਮੌਤ ਦੇ ਮਾਮਲੇ ਵਿੱਚ ਵੀ ਹੱਤਿਆਵਾਂ ਦੇ ਦੋਸ਼ ਆਇਦ ਕੀਤੇ ਗਏ ਹਨ।

ਕਿੰਗ ਕਾਊਂਟੀ ਦੇ ਸੀਨੀਅਰ ਡਿਪਟੀ ਪ੍ਰਾਸੀਕਿਊਟਿੰਗ ਅਟਾਰਨੀ ਥਾਮਸ ਸੀ ਓ ਬਾਨ ਅਨੁਸਾਰ ਬਰਾਡਲੇ ਨੇ ਸਾਰੀਆਂ ਹੱਤਿਆਵਾਂ ਇਕੋ ਸਕੀਮ ਤਹਿਤ ਕੀਤੀਆਂ। ਉਹ ਪੀੜਤਾਂ ਨੂੰ ਜੰਗਲ ਵਿੱਚ ਦੱਬਿਆ ਸੋਨਾ ਕੱਢਣ ਵਿੱਚ ਮੱਦਦ ਕਰਨ ਲਈ ਕਹਿਕੇ ਨਾਲ ਲੈ ਗਿਆ ਤੇ ਬਾਅਦ ਵਿੱਚ ਉਨਾਂ ਨੂੰ ਮਾਰ ਦਿੱਤਾ।

## ਅਮਰੀਕਾ ਦੇ ਮਿਨੇਸੋਟਾ ਰਾਜ ਨੇ ਆਪਣਾ ਨਵਾਂ ਝੰਡਾ ਕੀਤਾ ਤਿਆਰ



ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਮਿਨੇਸੋਟਾ ਦੇ ਪੁਰਾਣੇ ਅਸਲ ਝੰਡੇ ਦੇ ਡਿਜ਼ਾਈਨ ਤੇ ਚਿਤਰਣ ਨੂੰ ਲੈ ਕੇ ਅਲੋਚਨਾ ਤੋਂ ਬਾਅਦ ਰਾਜ ਨੇ ਆਪਣਾ ਨਵਾਂ ਝੰਡਾ ਤਿਆਰ ਕੀਤਾ ਹੈ ਜਿਸ ਨੂੰ ਰਾਜ ਦੀਆਂ ਇਮਾਰਤਾਂ ਉਪਰ ਲਹਿਰਾਇਆ ਜਾਵੇਗਾ। ਸਟੇਟ ਰੀਡੀਜ਼ਾਈਨ ਕਮਿਸ਼ਨ ਨੇ ਕਿਹਾ ਹੈ ਕਿ ਨਵੇਂ ਝੰਡੇ ਵਿੱਚ ਮਿਨੇਸੋਟਾ ਦੇ ਗੂੜੇ ਨੀਲੇ ਅਕਾਰ ਉੱਪਰ ਚਿੱਟਾ ਉੱਤਰੀ ਤਾਰਾ ਹੈ ਤੇ ਝੰਡੇ ਦਾ ਹਲਕਾ ਨੀਲਾ ਰੰਗ ਰਾਜ ਦੇ ਪਾਣੀਆਂ ਦਾ ਪ੍ਰਤੀਕ ਹੈ। ਮਿਨੇਸੋਟਾ ਦੇ ਚਿੱਤਰਕਾਰ ਐਂਡਰੀਊ ਪਰੇਕਰ, ਜਿਸ ਨੇ ਨਵੇਂ ਝੰਡੇ ਦਾ ਡਿਜ਼ਾਈਨ ਤਿਆਰ ਕੀਤਾ ਹੈ, ਨੇ ਕਿਹਾ ਹੈ ਕਿ ਮੇਰੇ ਡਿਜ਼ਾਈਨ ਦੀ ਚੋਣ ਮੇਰੀ ਇੱਕ ਪ੍ਰਾਪਤੀ ਹੈ ਤੇ ਮੈਂ ਆਸ ਕਰਦਾ ਹਾਂ ਕਿ ਇਹ ਝੰਡਾ ਸਾਡਾ ਧਰਤੀ 'ਤੇ ਏਕਤਾ ਅਤੇ ਸਨਮਾਨ ਲੈ ਕੇ ਆਵੇਗਾ। ਮੈਂ ਆਪਣਾ ਰਹਿੰਦਾ ਜੀਵਨ ਇਸੇ ਸਨਮਾਨ ਨਾਲ ਜੀਵਾਂਗਾ।

## ਐਫ਼. ਬੀ. ਆਈ. ਵੱਲੋਂ ਲਾਪਤਾ ਭਾਰਤੀ ਵਿਦਿਆਰਥਣ ਦੀ ਸੂਹ ਦੇਣ ਵਾਲੇ ਨੂੰ 10,000 ਡਾਲਰ ਇਨਾਮ ਦੇਣ ਦਾ ਐਲਾਨ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : 4 ਸਾਲ ਤੋਂ ਵਧ ਸਮਾਂ ਪਹਿਲਾਂ ਅਮਰੀਕਾ ਦੇ ਨਿਊ ਜਰਸੀ ਰਾਜ ਤੋਂ ਲਾਪਤਾ ਹੋਈ 29 ਸਾਲਾ ਭਾਰਤੀ ਵਿਦਿਆਰਥਣ ਮੇਊਸ਼ੀ ਭਗਤ ਦੀ ਅਜੇ ਤੱਕ ਕੋਈ ਉੱਘ ਸੁੱਘ ਨਹੀਂ ਲਗੀ ਹੈ ਤੇ ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐਫ਼ ਬੀ ਆਈ) ਨੇ ਉਸ ਦੀ ਸੂਹ ਦੇਣ ਵਾਲੇ ਨੂੰ 10000 ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਹੈ ਤੇ ਕਿਹਾ ਹੈ ਕਿ ਜੇਕਰ ਕਿਸੇ ਨੂੰ ਵੀ ਉਸ ਬਾਰੇ ਕੋਈ ਜਾਣਕਾਰੀ ਮਿਲੇ ਤਾਂ ਉਹ ਐਫ਼. ਬੀ. ਆਈ. ਦੇ ਸਥਾਨਕ ਦਫ਼ਤਰ ਜਾਂ ਨੇੜਲੀ ਅਮਰੀਕਨ ਅੰਬੈਸੀ ਜਾਂ ਕੌਂਸਲੇਟ ਨਾਲ ਸੰਪਰਕ ਕਰ ਸਕਦਾ ਹੈ। ਮੇਊਸ਼ੀ ਭਗਤ ਨੂੰ ਆਖਰੀ ਵਾਰ 29 ਅਪ੍ਰੈਲ,2019 ਦੀ ਸ਼ਾਮ ਨੂੰ ਨਿਊ ਜਰਸੀ ਵਿੱਚ ਆਪਣੇ ਅਪਾਰਮੈਂਟ ਵਿਚੋਂ ਨਿਕਲਦਿਆਂ ਵੇਖਿਆ ਗਿਆ ਸੀ। ਉਸ ਨੇ ਰੰਗਦਾਰ ਪਜਾਮਾ-ਪੈਂਟ ਤੇ ਕਾਲੀ ਟੀ ਸ਼ਰਟ ਪਾਈ ਹੋਈ ਸੀ। ਭਗਤ ਦੇ ਪਰਿਵਾਰ ਨੇ ਉਸ ਦੇ ਲਾਪਤਾ ਹੋਣ ਦੀ ਰਿਪੋਰਟ 1 ਮਈ 2019 ਨੂੰ ਲਿਖਵਾਈ ਸੀ। ਉਹ 5 ਫ਼ੁੱਟ 10 ਇੰਚ ਉੱਚੀ ਹੈ ਤੇ ਉਸ ਦੇ ਕਾਲੇ ਵਾਲ ਹਨ। ਐਫ਼ ਬੀ ਆਈ ਨਿਊਯਾਰਕ ਫ਼ੀਲਡ ਦਫ਼ਤਰ ਤੇ ਜਰਸੀ ਸਿਟੀ ਪੁਲਿਸ ਵਿਭਾਗ ਨੇ ਕਿਹਾ ਹੈ ਕਿ ਉਹ ਮੇਊਸ਼ੀ ਭਗਤ ਦੀ ਭਾਲ ਲਈ ਨਿਰੰਤਰ ਆਮ ਲੋਕਾਂ ਤੋਂ ਸਹਾਇਤਾ ਦੀ ਮੰਗ ਕਰਦੇ ਆ ਰਹੇ ਹਨ। ਐਫ਼. ਬੀ. ਆਈ. ਨੇ ਪਿਛਲੇ ਸਾਲ ਜੁਲਾਈ ਵਿੱਚ ਲਾਪਤਾ ਵਿਅਕਤੀਆਂ ਦੀ ਸੂਚੀ ਵਿੱਚ ਮੇਊਸ਼ੀ ਭਗਤ ਨੂੰ ਸ਼ਾਮਿਲ ਕੀਤਾ ਸੀ। ਜੁਲਾਈ 1994 ਵਿੱਚ ਜਨਮੀ ਭਗਤ 2016 ਵਿੱਚ ਐਫ਼ 1 ਵਿਦਿਆਰਥੀ ਵੀਜੇ ਉਪਰ ਅਮਰੀਕਾ ਆਈ ਸੀ ਤੇ ਉਹ ਯੁਨੀਵਰਸਿਟੀ ਆਫ਼ ਹੈਮਸ਼ਾਇਰ ਵਿੱਚ ਦਾਖਲ ਹੋਈ ਸੀ।

**ਅਪ੍ਰੈਲ 2019 'ਚ ਲਾਪਤਾ ਹੋਈ ਸੀ ਮੇਊਸ਼ੀ ਭਗਤ**




## ਆਸਟ੍ਰੇਲੀਆ 'ਚ ਤੇਜ਼ ਤੂਫ਼ਾਨ ਦਾ ਕਹਿਰ

ਸਿਡਨੀ/ਏ.ਟੀ.ਨਿਊਜ਼ : ਆਸਟ੍ਰੇਲੀਆ ਦੇ ਕੁਈਨਜ਼ਲੈਂਡ ਵਿੱਚ ਕ੍ਰਿਸਮਸ ਦੀ ਰਾਤ ਨੂੰ ਰਾਜ ਦੇ ਦੱਖਣ-ਪੂਰਬੀ ਹਿੱਸੇ ਵਿੱਚ ਤੇਜ਼ ਗਰਜ਼ ਨਾਲ ਤੂਫ਼ਾਨ ਆਉਣ ਕਾਰਨ ਇੱਕ ਔਰਤ ਦੀ ਮੌਤ ਹੋ ਗਈ ਅਤੇ 1,20,000 ਤੋਂ ਵੱਧ ਘਰਾਂ ਦੀ ਬਿਜਲੀ ਗੁੱਲ ਹੋ ਗਈ। ਸਥਾਨਕ ਅਖਬਾਰ ਦਿ ਕੋਰੀਅਰ-ਮੇਲ ਅਨੁਸਾਰ 50 ਸਾਲਾਂ ਔਰਤ ਦੀ ਗੋਲਡ ਕੋਸਟ ਦੇ ਸ਼ਹਿਰ ਦੇ ਇੱਕ ਉਪਨਗਰ ਹੇਲਨਸਵੇਲ ਵਿੱਚ ਮੌਤ ਹੋ ਗਈ, ਜਦੋਂ ਉਹ ਸੜਕ 'ਤੇ ਤੁਰ ਰਹੀ ਸੀ ਤਾਂ ਇੱਕ ਦਰੱਖਤ ਉਸ 'ਤੇ ਡਿੱਗ ਗਿਆ। ਗੋਲਡ ਕੋਸਟ, ਸੀਨਿਕ ਰਿਮ ਅਤੇ ਲੋਗਾਨ ਵਿਖੇ ਤੂਫਾਨ ਦੇ ਸਿਖਰ 'ਤੇ ਲਗਭਗ 127,000 ਘਰ ਬਿਜਲੀ ਤੋਂ ਬਿਨਾਂ ਸਨ। ਅਧਿਕਾਰੀਆਂ ਵੱਲੋਂ ਬਿਜਲੀ ਬਹਾਲੀ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆਂ। ਸਮਾਚਾਰ ਏਜੰਸੀ ਸ਼ਿਨਹੂਆ ਨੇ ਦੱਸਿਆ ਕਿ ਮੰਗਲਵਾਰ ਦੁਪਹਿਰ ਨੂੰ ਨਵੀਂ ਗੰਭੀਰ ਗਰਜ਼-ਤੂਫ਼ਾਨ ਦੀਆਂ ਚਿਤਾਵਨੀਆਂ ਜਾਰੀ ਕੀਤੀਆਂ ਗਈਆਂ ਸਨ, ਜਿਸ ਵਿੱਚ ਬ੍ਰਿਸਬੇਨ ਦੇ ਕੁਝ ਉਪਨਗਰਾਂ ਵਿੱਚ ਗੋਲਫ ਬਾਲ-ਆਕਾਰ ਦੇ ਗੜੇਮਾਰੀ ਹੋਈ ਜਦਕਿ ਦੱਖਣੀ ਪੂਰਬੀ ਕੁਈਨਜ਼ਲੈਂਡ ਵਿੱਚ ਮੌਸਮ ਖਰਾਬ ਰਿਹਾ। ਆਸਟ੍ਰੇਲੀਅਨ ਏਬੀਸੀ ਨਿਊਜ਼ ਪ੍ਰਸਾਰਕ ਨੇ ਦੱਸਿਆ ਕਿ ਮੌਸਮ ਦੇ ਅਸਧਾਰਨ ਪੈਟਰਨ ਕਾਰਨ ਇਸ ਸਾਲ ਪੂਰਬੀ ਆਸਟ੍ਰੇਲੀਆ ਵਿੱਚ ਹਿੰਸਕ ਤੂਫ਼ਾਨ ਆਉਣ ਦੀ ਸੰਭਾਵਨਾ ਹੈ।

## ਗਾਜ਼ਾ ਦੇ ਨਾਗਰਿਕਾਂ ਨੂੰ ਅਸਥਾਈ ਵੀਜ਼ਾ ਦੇਵੇਗਾ ਕੈਨੇਡਾ

ਓਟਾਵਾ/ਏ.ਟੀ.ਨਿਊਜ਼ : ਕੈਨੇਡਾ ਨੇ ਗਾਜ਼ਾ ਪੱਟੀ ਦੇ ਉਨ੍ਹਾਂ ਲੋਕਾਂ ਨੂੰ ਅਸਥਾਈ ਵੀਜ਼ਾ ਦੇਣ ਦਾ ਐਲਾਨ ਕੀਤਾ ਹੈ ਜਿਨ੍ਹਾਂ ਦੇ ਰਿਸ਼ਤੇਦਾਰ ਕੈਨੇਡਾ ਵਿੱਚ ਰਹਿੰਦੇ ਹਨ। ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਮੁਹਿੰਮ 9 ਜਨਵਰੀ ਤੱਕ ਸ਼ੁਰੂ ਹੋ ਸਕਦੀ ਹੈ। ਹਾਲਾਂਕਿ ਸੰਘ ਸਰਕਾਰ ਨੇ ਜੰਗ ਪ੍ਰਭਾਵਿਤ ਇਲਾਕੇ ਵਿਚੋਂ ਨਾਗਰਿਕਾਂ ਨੂੰ ਸੁਰੱਖਿਅਤ ਕੱਢਣ ਦਾ ਕੋਈ ਭਰੋਸਾ ਨਹੀਂ ਦਿੱਤਾ ਹੈ ਉਨ੍ਹਾਂ ਕਿਹਾ ਕਿ ਸਰਕਾਰ ਦਾ ਧਿਆਨ 660 ਕੈਨੇਡਾਈ ਨਾਗਰਿਕਾਂ, ਸਥਾਈ ਨਿਵਾਸੀਆਂ ਅਤੇ ਉਨ੍ਹਾਂ ਦੇ ਜੀਵਨਸਾਥੀਆਂ ਤੇ ਬੱਚਿਆਂ ਨੂੰ ਗਾਜ਼ਾ ਵਿਚੋਂ ਬਾਹਰ ਕੱਢਣ 'ਤੇ ਹੈ। ਮਿਲਰ ਨੇ ਕਿਹਾ ਕਿ ਸਰਕਾਰ ਮਾਤਾ-ਪਿਤਾ, ਦਾਦਾ-ਦਾਦੀ, ਭਰਾ-ਭੈਣ ਅਤੇ ਪੋਤੇ-ਪੋਤੀਆਂ ਸਮੇਤ ਕੈਨੇਡਾ ਨਾਲ ਜੁੜੇ ਵਿਸਤਾਰਿਤ ਪਰਿਵਾਰਕ ਸਬੰਧ ਰੱਖਣ ਵਾਲੇ ਲੋਕਾਂ ਦੀਆਂ ਅਰਜ਼ੀਆਂ ਪ੍ਰਵਾਨ ਕਰਨੀਆਂ ਸ਼ੁਰੂ ਕਰੇਗੀ। ਉਨ੍ਹਾਂ ਕਿਹਾ ਕਿ ਮਾਪਦੰਡਾਂ ਉਤੇ ਖਰੇ ਉਤਰਨ ਵਾਲਿਆਂ ਨੂੰ ਸਰਕਾਰ 3 ਸਾਲ ਲਈ ਵੀਜ਼ਾ ਦੇਵੇਗੀ। ਮਿਲਰ ਨੇ ਕਿਹਾ ਕਿ ਉਹ ਯਕੀਨੀ ਤੌਰ 'ਤੇ ਇਹ ਨਹੀਂ ਦੱਸ ਸਕਦੇ ਕਿ ਇਸ ਮੁਹਿੰਮ ਦੇ ਤਹਿਤ ਕਿੰਨੇ ਲੋਕ ਕੈਨੇਡਾ ਆ ਸਕਦੇ ਹਨ ਪਰ ਉਨ੍ਹਾਂ ਕਿਹਾ ਕਿ ਇਹ ਗਿਣਤੀ ਸੈਂਕੜਿਆਂ ਵਿੱਚ ਹੋ ਸਕਦੀ ਹੈ।।

# ਇਤਿਹਾਸਕ ਖ਼ਜ਼ਾਨਾ ਹੈ ਫ਼ਕੀਰ ਖ਼ਾਨਾ ਮਿਊਜ਼ੀਅਮ

ਲਾਹੌਰ/ ਏ.ਟੀ.ਨਿਊਜ਼ : ਦੁਨੀਆਂ ਵਿੱਚ ਅਹਿਮ ਮਿਊਜ਼ੀਅਮ ਤੇ ਲਾਇਬ੍ਰੇਰੀਆ ਹਨ ਪਰ ਲਾਹੌਰ ਵਿੱਚ ਫ਼ਕੀਰ ਖਾਨਾ ਮਿਊਜ਼ੀਅਮ ਦਾ ਇਤਹਾਸਕ ਖਜ਼ਾਨਾ ਅਪਨੇ ਆਪ ਵਿੱਚ ਇਤਹਾਸ ਹੈ। ਇਸ ਵਿੱਚ ਮੌਜੂਦ ਵਸਤਾਂ ਦੇ ਦਰਸ਼ਨ ਤੇ ਜਾਣਕਾਰੀ ਗਿਆਨ ਦਾ ਸੋਮਾ ਹਨ। ਹਰੇਕ ਵਸਤ ਦੇ ਪਿੱਛੇ ਇਤਿਹਾਸ ਛੁਪਿਆ ਹੋਇਆ ਹੈ। ਸਦੀਆਂ ਪੁਰਾਣਾ ਵਸਤਾਂ ਦਾ ਭੰਡਾਰ ਇੱਕ ਵਿਲੱਖਣ ਹੈ।

ਅਲਮਾਸ ਅਹਿਮਦ, ਜੋ ਇਸ ਫ਼ਕੀਰ ਖਾਨੇ ਦੇ ਮੈਨੇਜਰ ਹਨ, ਵੱਲੋਂ ਇੱਕ ਇੱਕ ਚੀਜ਼ ਨੂੰ ਬਾਰੀਕੀ ਨਾਲ ਇਤਿਹਾਸ ਵਜੋਂ ਪੇਸ਼ ਕਰਨ ਦੀ ਮੁਹਾਰਤ ਵਿਰਲੇ ਹੀ ਵੇਖੀ ਹੈ। ਇਸ ਮਿਊਜੀਅਮ ਨੂੰ ਦੇਖਣ ਤੇ ਘੋਖਣ ਦਾ ਅਨੰਦ ਵੱਖਰਾ ਹੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਇਤਿਹਾਸ ਨਾਲ ਜੁੜੀਆਂ ਕਹਾਣੀਆਂ ਦਾ ਪ੍ਰਗਟਾਵਾ ਉਸ ਸਮੇਂ ਦੀ ਤਸਵੀਰ ਨੂੰ ਬਿਆਨ ਕਰਦਾ ਹੈ। ਇਸ ਨੂੰ ਵੇਖਣ ਤੇ ਜਾਨਣ ਲਈ ਇੱਕ ਹਫ਼ਤਾ ਵੀ ਘੱਟ ਲਗਦਾ ਹੈ।







ਰਾਜਾ ਸ਼ੇਰ ਸਿਘ ਦੀ ਮੌਤ ਦੀ ਕਹਾਣੀ ਨੂੰ ਕਿਵੇਂ ਅੰਜਾਮ ਦਿੱਤਾ ਗਿਆ । ਉਸ ਦੀ ਇੱਕ ਤਸਵੀਰ, ਜਿਸ ਨੂੰ ਲੈਨਜ ਨਾਲ ਦਿਖਾਕੇ ਸਵਾਲਾਂ ਰਾਹੀਂ ਬਿਆਨ ਕੀਤਾ ਗਿਆ। ਜੋ ਕਿ ਅਦਭੁਤ ਨਜ਼ਾਰੇ ਤੋਂ ਘੱਟ ਨਹੀਂ ਸੀ। ਮਹਾਰਾਣੀ ਜਿੰਦਾਂ ਦਾ ਸ਼ਾਲ ਤੇ ਉਸ ਦੀ ਮੀਨਾਕਾਰੀ ਅੱਜ ਕੱਲ ਕਿਧਰੇ ਵੀ ਨਜ਼ਰ ਨਹੀ ਆਉਂਦੀ ਹੈ। ਜੋ ਕਿ ਕੱਢਾਈ ਨਹੀਂ ਹੈ ਸਗੋ ਸੋਨੇ ਨਾਲ ਜ਼ਰੀ ਦਾ ਕੰਮ ਕਾਬਲੇ ਤਾਰੀਫ ਸੀ। ਕੁਝ ਮੁਗਲਈ ਵਸਤਾਂ ਤੇ ਮੁੰਦਰੀਆਂ ਵੱਖਰੇ ਇਤਿਹਾਸ ਦੀ ਸਿਰਜਣਾ ਕਰਦਾ ਦਿਖਾਈ ਦਿੱਤਾ ਹੈ। ਜਿਸ ਵਿੱਚ ਰਾਜਾ ਪੋਰਸ ਦੀ ਪਹਿਨੀ ਮੁੰਦਰੀ ਤੇ ਉਸ ਸਮੇਂ ਕੁਰਾਨ ਦੀ ਹੱਥ ਲਿਖਤ ਦੀ ਕਮਾਲ ਬਹੁਤ ਹੀ ਸ਼ਲਾਘਾ ਦੀ ਪ੍ਰਤੀਕ ਸੀ।

ਫ਼ਕੀਰ ਖਾਨੇ ਵਿੱਚ ਇਤਿਹਾਸਕ ਤਸਵੀਰਕਾਰ ਬੈਠੇ ਹਨ। ਜੋ ਕਰਤਾਰਪੁਰ ਸਾਹਿਬ ਸਿੱਖ ਮਿਊਜ਼ੀਅਮ ਲਈ ਕੰਮ ਕਰ ਰਹੇ ਹਨ। ਉਹਨਾਂ ਵੱਲੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਸਵੀਰ ਘੋੜੇ 'ਤੇ ਬਿਰਾਜਮਾਨ ਪੇਸ਼ ਕੀਤੀ ਗਈ। ਹਰ ਸਿੱਖ ਤੇ ਮਹਾਰਾਜਾ ਰਣਜੀਤ ਸਿੰਘ ਦੇ ਉਪਾਸ਼ਕ ਨੂੰ ਉਹਨਾਂ ਦੇ ਰਾਜ ਬਾਰੇ ਜਾਨਣ ਤੇ ਇਤਿਹਾਸਕ ਵਸਤਾਂ ਦੇ ਦਰਸ਼ਨ ਕਰਨ ਲਈ ਇਸ ਮਿਊਜ਼ੀਅਮ ਵਿੱਚ ਜ਼ਰੂਰ ਆਉਣਾ ਬਣਦਾ ਹੈ।

# ਅਫ਼ੀਮ ਦੀ ਖੇਤੀ ਵਿੱਚ ਮੀਆਂਮਾਰ ਨੇ ਅਫ਼ਗਾਨਿਸਤਾਨ ਨੂੰ ਪਿੱਛੇ ਛੱਡਿਆ

## ਮੀਆਂਮਾਰ ਦੇ ਵਿੱਚ ਅਫ਼ੀਮ ਦਾ ਵਧਦਾ ਕਾਰੋਬਾਰ ਭਾਰਤ ਦੇ ਸਰਹੱਦੀ ਇਲਾਕਿਆਂ ਦੇ ਲਈ ਖ਼ਤਰੇ ਦੀ ਘੰਟੀ

ਹੁਣੇ ਹੁਣੇ ਸੰਯੁਕਤ ਰਾਸ਼ਟਰ ਦਾ ਤਾਜ਼ਾ ਸਰਵੇਖਣ ਆਇਆ ਹੈ, ਜਿਸ ਅਨੁਸਾਰ ਅਫ਼ੀਮ ਦੀ ਖੇਤੀ ਦੇ ਵਿੱਚ ਮੀਆਂਮਾਰ, ਅਫ਼ਗਾਨਿਸਤਾਨ ਨੂੰ ਪਿੱਛੇ ਛੱਡ ਕੇ ਪਹਿਲੇ ਨੰਬਰ 'ਤੇ ਆ ਗਿਆ ਹੈ। ਇਹ ਪਹਿਲੀ ਵਾਰ ਹੈ ਕਿ ਅਫ਼ੀਮ ਦੀ ਖੇਤੀ ਦੇ ਵਿੱਚ ਮੀਆਂਮਾਰ ਨੇ ਪਹਿਲਾ ਦਰਜ਼ਾ ਹਾਸਲ ਕੀਤਾ ਹੋਵੇ। ਅਸਲ ਵਿੱਚ ਮੀਆਂਮਾਰ ਲਾਊਸ ਅਤੇ ਥਾਈਲੈਂਡ ਦੇ ਵਿਚਕਾਰ ਪੈਂਦੇ ਗੋਲਡਨ ਟਰਾਈ ਐਂਗਲ ਇਲਾਕੇ ਦਾ ਹਿਸਾ ਹੈ। ਇਹ ਹਿੱਸਾ ਨਸ਼ੀਲੇ ਪਦਾਰਥਾਂ ਦੇ ਗ਼ੈਰਕਨੂੰਨੀ ਵਪਾਰ ਦੇ ਲਈ ਰੱਜ ਕੇ ਬਦਨਾਮ ਹੈ। ਇਸ ਖੇਤਰ ਦੇ ਵਿੱਚ ਦਹਾਕਿਆਂ ਤੋਂ ਅਫ਼ੀਮ ਦੀ ਖੇਤੀ ਹੁੰਦੀ ਆ ਰਹੀ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਚੱਲਦੀ ਜੰਗ ਦੇ ਵਿੱਚ ਐਸਾ ਕੀ ਹੋ ਗਿਆ ਕਿ ਮੀਆਂਮਾਰ ਪਹਿਲੇ ਨੰਬਰ 'ਤੇ ਆ ਗਿਆ। ਤੁਹਾਨੂੰ ਯਾਦ ਹੋਣੈ ਕਿ ਸਾਲ 2021 ਦੇ ਵਿੱਚ ਫ਼ੌਜੀ ਤਖ਼ਤਾ ਪਲਟ ਹੋਇਆ ਸੀ, ਤੇ ਦੇਸ਼ ਕਈ ਹਿੱਸਿਆਂ ਵਿੱਚ ਵੰਡਿਆ ਗਿਆ ਸੀ। ਲੋਕਤੰਤਰ ਦੀ ਬਹਾਲੀ ਦੀ ਮੰਗ ਕਰ ਰਹੇ ਮੁਜ਼ਾਹਰਾ ਕਾਰੀ ਸ਼ਾਂਤੀ ਦੇ ਨਾਲ ਵਿਚਰ ਰਹੇ ਸਨ ਪਰ ਫ਼ੌਜ ਨੇ ਹਿੰਸਕ ਕਾਰਵਾਈ ਕੀਤੀ।



ਕੁਝ ਅੰਦੋਲਨਕਾਰੀਆਂ ਨੇ ਸਰਕਾਰ ਦਾ ਵਿਰੋਧ ਕਰਨ ਦੇ ਲਈ ਟ੍ਰੇਨਿੰਗ ਲਈ ਤੇ ਇੱਕ ਹਥਿਆਰਬੰਦ ਸਮੂਹ ਬਣਾਇਆ ਜਿਸ ਦਾ ਨਾਂਅ ਪੀਪਲਜ਼ ਡਿਫੈਂਸ ਆਫ਼ ਫੋਰਸਿਸ ਰੱਖਿਆ ਗਿਆ ਪਰ ਥਾਈਲੈਂਡ ਤੇ ਚੀਨ ਦੇ ਨਾਲ ਲੱਗਦੇ 'ਸੈਨ' ਰਾਜ ਨੇ ਇਹਨਾਂ ਦਾ ਸਾਥ ਦੇਣ ਤੋਂ ਨਾਂਹ ਕਰ ਦਿੱਤੀ ਸੀ।

ਇਹ ਉਹ ਇਲਾਕਾ ਹੈ ਜੋ ਗ਼ੈਰਕਨੂੰਨੀ ਨਸ਼ਿਆਂ ਦੀ ਪੈਦਾਵਾਰ ਦੇ ਲਈ ਜਾਣਿਆ ਜਾਂਦਾ ਹੈ। ਇਥੇ ਅਮਨ ਕਾਨੂੰਨ ਦੀ ਸਥਿਤੀ ਵੀ ਸਹੀ ਨਹੀਂ ਹੈ। ਅਜਿਹੇ ਹਾਲਾਤਾਂ ਦੇ ਵਿੱਚ ਅਫ਼ੀਮ ਦੀ ਪੈਦਾਵਾਰ ਵਿੱਚ ਵਾਧਾ ਹੋ ਗਿਆ ਹੈ। ਕਾਰਨ ਇਹ ਹੋਇਆ ਕਿ 2022 ਦੇ ਵਿੱਚ ਤਾਲਿਬਾਨ ਸੱਤਾ ਵਿੱਚ ਆਏ, ਤਾਲਿਬਾਨਾਂ ਨੇ ਅਫ਼ੀਮ ਦੀ ਖੇਤੀ 'ਤੇ ਪਾਬੰਦੀ ਲਗਾ ਦਿੱਤੀ, ਸੁਭਾਵਿਕ ਪੈਦਾਵਾਰ ਘੱਟ ਗਈ। ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਿਕ ਸਾਲ 2022 ਵਿੱਚ ਅਫ਼ਗਾਨਿਸਤਾਨ ਵਿੱਚ 6200 ਟਨ ਅਫ਼ੀਮ ਦੀ ਖੇਤੀ ਕੀਤੀ ਗਈ ਪਰ 2023 ਦੇ ਵਿੱਚ 95 ਫ਼ੀਸਦੀ ਘੱਟ ਕੇ ਮਹਿਜ਼ 333 ਟਨ ਖੇਤੀ ਰਹਿ ਗਈ।

ਜਦੋਂ ਕਿ ਦੁਨੀਆਂ ਭਰ ਦੇ ਵਿੱਚ ਅਫ਼ੀਮ ਦਾ ਕੁੱਲ ਉਤਪਾਦਨ ਦਾ 80 ਫ਼ੀਸਦੀ ਤੋਂ ਜ਼ਿਆਦਾ ਹਿੱਸਾ ਅਫ਼ਗਾਨਿਸਤਾਨ ਦੇ ਵਿੱਚ ਹੁੰਦਾ ਸੀ।

ਦੂਜੇ ਪਾਸੇ ਮੀਆਂਮਾਰ ਵਿੱਚ ਸਾਲ 2022 ਦੇ ਵਿੱਚ 795 ਟਨ ਅਫ਼ੀਮ ਦੀ ਪੈਦਾਵਾਰ ਹੋਈ ਸੀ। 2023 ਦੇ ਵਿੱਚ ਇਹ 36 ਫ਼ੀਸਦੀ ਵੱਧ ਕੇ 1080 ਟਨ ਹੋ ਗਈ ਸੀ। ਅਫ਼ਗਾਨਿਸਤਾਨ ਵਿੱਚ ਅਫ਼ੀਮ 'ਤੇ ਪਾਬੰਦੀ ਲੱਗਣ ਕਾਰਨ ਕੀਮਤਾਂ ਵਿੱਚ ਵੀ ਵਾਧਾ ਹੋਇਆ ਤੇ ਕੀਮਤਾਂ ਵਧਣ ਦੇ ਨਾਲ ਮੀਆਂਮਾਰ ਦੇ ਲੋਕ ਅਫ਼ੀਮ ਦੀ ਖੇਤੀ ਕਰਨ ਵੱਲ ਆਕਰਸ਼ਿਤ ਹੋਏ। ਉਥੋਂ ਦੀ ਸਰਕਾਰ ਨੇ ਅਫ਼ੀਮ ਦੀ ਖੇਤੀ ਵੱਲੋਂ ਮੋੜਨ ਦੇ ਲਈ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਦੀ ਗੱਲ ਕਹੀ। ਜਿਵੇਂ ਖੰਡ, ਰਬੜ, ਫਲ ਅਤੇ ਸਬਜ਼ੀਆਂ ਵਿੱਚ ਮੁਨਾਫ਼ਾ ਦੇਣ ਦੀ ਕੋਸ਼ਿਸ਼ ਕੀਤੀ ਪਰ ਕਿਸਾਨ ਉਤਸ਼ਾਹਿਤ ਨਹੀਂ ਹੋਏ, ਉਹਨਾਂ ਨੂੰ ਅਫ਼ੀਮ ਦੀ ਖੇਤੀ ਆਸਾਨ ਲੱਗੀ ਕਿਉਂਕਿ ਫਲਾਂ ਸਬਜ਼ੀਆਂ ਨੂੰ ਵੇਚਣ ਦੇ ਲਈ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ 'ਤੇ ਜਾਣਾ ਪੈਂਦਾ ਹੈ ਪਰ ਅਫ਼ੀਮ ਦੇ ਲਈ ਕਿਸਾਨ ਦੇ ਖੇਤ ਵਿੱਚ ਵਪਾਰੀ ਜਾਂਦਾ ਹੈ, ਸੋ ਕੋਈ ਖ਼ਰਚਾ ਨਹੀਂ। ਮੀਆਂਮਾਰ ਦੇ ਤਖ਼ਤਾ ਪਲਟ ਤੋਂ ਬਾਅਦ ਬਹੁਤ ਘੱਟ ਕੌਮਾਂਤਰੀ ਮਦਦ ਤੇ ਵਿਦੇਸ਼ੀ ਨਿਵੇਸ਼ ਮਿਲਿਆ। ਆਮਦਨ ਦੇ ਸਾਧਨ ਘੱਟ ਨੇ। ਸਰਹੱਦਾਂ ਅਸੁੱਰਖਿਅਤ ਨੇ ਤੇ ਨਸ਼ੇ ਦੇ ਵਪਾਰੀਆਂ ਦੇ ਲਈ ਕਾਨੂੰਨ ਦੀ ਗ੍ਰਿਫ਼ਤ ਤੋਂ ਬਚਣਾ ਬਹੁਤ ਆਸਾਨ ਹੈ। ਵੈਸੇ ਵੀ ਮੌਜੂਦਾ ਫ਼ੌਜੀ ਸ਼ਾਸਨ ਜਿਥੇ ਦੇਸ਼ ਨੂੰ ਕੰਟਰੋਲ ਕਰਨ ਦੇ ਲਈ ਜੱਦੋ-ਜਹਿਦ ਕਰ ਰਿਹਾ ਹੈ, ਉੱਥੇ ਨਸ਼ੇ ਵਰਗੀਆਂ ਸਮੱਸਿਆਵਾਂ ਦੇ ਨਾਲ ਨਿਪਟਣਾ ਉਨ੍ਹਾਂ ਦੀ ਤਰਜੀਹ ਦੇ ਵਿੱਚ ਸ਼ਾਮਲ ਨਹੀਂ ਹੋਵੇਗਾ।

ਮੀਆਂਮਾਰ ਨੇ ਇਸ ਸਾਲ ਅਫ਼ੀਮ ਦਾ ਵਪਾਰ 2.4 ਅਰਬ ਡਾਲਰ ਦਾ ਕੀਤਾ ਹੈ। ਜਿਹੜਾ ਕਿ ਉਸ ਦੀ ਜੀਡੀਪੀ ਦਾ 4.1 ਫ਼ੀਸਦੀ ਹੈ। ਮੀਆਂਮਾਰ ਜਿਹੜਾ ਘਰੇਲੂ ਯੁੱਧ ਦੀ ਅੱਗ ਵਿੱਚ ਜਲ ਰਿਹਾ ਹੈ, ਪਰ ਅਫ਼ੀਮ ਦੇ ਧੰਦੇ ਦੇ ਵਿੱਚ ਨੰਬਰ ਇੱਕ ਹੈ, ਉਹ ਭਾਰਤ ਲਈ ਵੱਡਾ ਖ਼ਤਰਾ ਸਾਬਤ ਹੋ ਸਕਦਾ ਹੈ। ਭਾਰਤ ਤੇ ਮੀਆਂਮਾਰ ਦੇ ਵਿੱਚ ਸਬੰਧ ਸਿਰਫ਼ ਰਾਜਨੀਤਿਕ ਹੀ ਨਹੀਂ ਬਲਕਿ ਸੱਭਿਆਚਾਰਕ ਰੂਪ ਵਿੱਚ ਇਤਿਹਾਸਿਕ ਵੀ ਰਹੇ ਹਨ। ਗੁਆਂਢੀ ਦੇਸ਼ਾਂ ਵਿਚੋਂ ਮੀਆਂਮਾਰ ਭਾਰਤ ਦੇ ਸਭ ਤੋਂ ਨੇੜੇ ਹੈ। ਕਈ ਤਿਉਹਾਰ ਇਕੱਠੇ ਮਨਾਏ ਜਾਂਦੇ ਹਨ। ਮਨੀਪੁਰ, ਮਿਜ਼ੋਰਮ ਤੇ ਮੇਘਾਲਿਆ ਦੇ ਲੋਕਾਂ ਦੇ ਕਈ ਰਿਸ਼ਤੇਦਾਰ ਸਰਹੱਦੋਂ ਪਾਰ ਮੀਆਂਮਾਰ ਦੇ ਵਿੱਚ ਰਹਿੰਦੇ ਹਨ। ਸੋ ਰਿਪੋਰਟ ਦੇ ਮੁਤਾਬਿਕ ਇਹੀ ਕਿਹਾ ਜਾ ਰਿਹਾ ਕਿ ਮੀਆਂਮਾਰ ਦੇ ਵਿੱਚ ਅਫ਼ੀਮ ਦਾ ਵਧਦਾ ਕਾਰੋਬਾਰ ਭਾਰਤ ਦੇ ਸਰਹੱਦੀ ਇਲਾਕਿਆਂ ਦੇ ਲਈ ਖ਼ਤਰੇ ਦੀ ਘੰਟੀ ਹੈ। ਸੋ ਮੀਆਂਮਾਰ ਦੇ ਬਹੁਤ ਸਾਰੇ ਲੋਕ ਡਰੇ ਸਹਿਮੇ ਭਾਰਤੀ ਹੱਦ ਦੇ ਵਿੱਚ ਦਾਖ਼ਲ ਵੀ ਹੋਏ ਹਨ, ਇਹਨਾਂ ਸਾਰਿਆਂ ਵਿੱਚੋਂ ਬਹੁਤ ਸਾਰੇ ਸਮਗਲਰ ਵੀ ਕਹੇ ਜਾ ਸਕਦੇ ਹਨ। ਇੱਕ ਰਿਪੋਰਟ ਮੁਤਾਬਿਕ ਮੀਆਂਮਾਰ ਤੋਂ ਕਰੀਬ ਦੋ ਹਜ਼ਾਰ ਲੋਕਾਂ ਨੇ ਸਰਹੱਦ ਪਾਰ ਕਰਕੇ ਮਨੀਪੁਰ ਵਿੱਚ ਐਂਟਰੀ ਲਈ ਹੈ।

# ਹੁਣ ਸੱਤਾਧਾਰੀਆਂ ਦਾ ਹੱਥਠੋਕਾ ਹੋਵੇਗਾ ਚੋਣ ਕਮਿਸ਼ਨ

## ਮੋਦੀ ਸਰਕਾਰ ਨੇ ਨਵਾਂ ਚੋਣ ਕਮਿਸ਼ਨ ਕਾਇਮ ਕਰਨ ਲਈ ਬਿੱਲ ਪਾਸ ਕਰਵਾਇਆ

ਨਵੀਂ ਦਿੱਲੀ/ਏ.ਟੀ.ਨਿਊਜ਼ : ਸੰਸਦ ਵਿੱਚੋਂ ਸਮੁੱਚੀ ਵਿਰੋਧੀ ਧਿਰ ਨੂੰ ਬਾਹਰ ਕਰਕੇ ਸੱਤਾਧਾਰੀ ਧਿਰ ਮੋਦੀ ਸਰਕਾਰ ਨੇ ਨਵਾਂ ਚੋਣ ਕਮਿਸ਼ਨ ਕਾਇਮ ਕਰਨ ਲਈ ਅਜਿਹਾ ਬਿੱਲ ਪਾਸ ਕਰਵਾ ਲਿਆ ਹੈ, ਜਿਸ ਨਾਲ ਚੋਣ ਕਮਿਸ਼ਨ ਸੱਤਾਧਾਰੀਆਂ ਦਾ ਹੱਥਠੋਕਾ ਬਣ ਕੇ ਰਹਿ ਜਾਵੇਗਾ। ਇਸ ਬਿੱਲ ਵਿੱਚ ਇਹ ਮੱਦ ਸ਼ਾਮਲ ਕੀਤੀ ਗਈ ਹੈ ਕਿ ਮੁੱਖ ਚੋਣ ਕਮਿਸ਼ਨਰ ਤੇ ਦੂਜੇ ਚੋਣ ਕਮਿਸ਼ਨਰਾਂ ਨੂੰ ਇੱਕ ਕਮੇਟੀ ਨਾਮਜ਼ਦ ਕਰੇਗੀ, ਜਿਸ ਦੇ ਮੈਂਬਰ ਪ੍ਰਧਾਨ ਮੰਤਰੀ, ਪ੍ਰਧਾਨ ਮੰਤਰੀ ਵੱਲੋਂ ਤੈਅ ਕੀਤਾ ਗਿਆ ਕੇਂਦਰੀ ਮੰਤਰੀ ਤੇ ਵਿਰੋਧੀ ਧਿਰ ਦਾ ਆਗੂ ਹੋਣਗੇ। ਸਪੱਸ਼ਟ ਹੈ ਕਿ ਇਸ ਕਮੇਟੀ ਵਿੱਚ ਕੇਂਦਰ ਸਰਕਾਰ ਦਾ ਬਹੁਮਤ ਹੋਵੇਗਾ ਤੇ ਉਹ ਆਪਣੀ ਮਰਜ਼ੀ ਦਾ ਚੋਣ ਕਮਿਸ਼ਨ ਬਣਾ ਸਕੇਗੀ। ਇਸ ਤੋਂ ਬਾਅਦ ਚੋਣ ਕਮਿਸ਼ਨ ਤੋਂ ਨਿਰਪੱਖ ਚੋਣਾਂ ਦੀ ਆਸ ਰੱਖਣਾ ਖਾਮਖਿਆਲੀ ਹੋਵੇਗੀ। ਇਸ ਲਈ ਅਜਿਹੇ ਚੋਣ ਕਮਿਸ਼ਨ ਦੀ ਨਿਗਰਾਨੀ ਹੇਠ ਕਰਾਈਆਂ ਗਈਆਂ ਚੋਣਾਂ ਲੋਕਤੰਤਰਿਕ ਵਿਵਸਥਾ ਨੂੰ ਬੇਭਰੋਸਗੀ ਤੇ ਹਨੇਰੇ ਦੌਰ ਵਿੱਚ ਧੱਕ ਦੇਣਗੀਆਂ।




ਇਸੇ ਗੱਲ ਨੂੰ ਧਿਆਨ ਵਿੱਚ ਰੱਖ ਕੇ ਮਾਰਚ 2023 ਵਿੱਚ ਸੁਪਰੀਮ ਕੋਰਟ ਨੇ ਮੁੱਖ ਚੋਣ ਕਮਿਸ਼ਨਰ ਚੁਣਨ ਲਈ ਬਣਾਈ ਗਈ ਕਮੇਟੀ ਵਿੱਚ ਪ੍ਰਧਾਨ ਮੰਤਰੀ, ਚੀਫ਼ ਜਸਟਿਸ ਤੇ ਵਿਰੋਧੀ ਧਿਰ ਦੇ ਆਗੂ ਨੂੰ ਸ਼ਾਮਲ ਕੀਤਾ ਸੀ। ਇਹ ਕਮੇਟੀ ਅਜਿਹੀ ਸੀ, ਜਿਸ ਉੱਤੇ ਨਾ ਸੱਤਾਧਾਰੀਆਂ ਦਾ ਦਬਦਬਾ ਸੀ ਤੇ ਨਾ ਹੀ ਵਿਰੋਧੀ ਧਿਰ ਦਾ, ਪ੍ਰੰਤੂ ਮੌਜੂਦਾ ਸਰਕਾਰ ਨੂੰ ਤਾਂ ਅਜਿਹਾ ਚੋਣ ਕਮਿਸ਼ਨ ਚਾਹੀਦਾ ਸੀ, ਜੋ ਉਸ ਦੀ ਕਠਪੁੱਤਲੀ ਹੋਵੇ। ਚੋਣ ਕਮਿਸ਼ਨ ਲਈ ਸਰਕਾਰ ਜੋ ਤਰੀਕਾ ਅਪਣਾ ਰਹੀ ਹੈ, ਸੰਵਿਧਾਨ ਨਿਰਮਾਤਾ ਸ਼ੁਰੂ ਤੋਂ ਹੀ ਇਸ ਬਾਰੇ ਸ਼ੱਕੀ ਸਨ। ਜੂਨ 1949 ਵਿੱਚ ਸੰਵਿਧਾਨ ਸਭਾ ਨੂੰ ਸੰਬੋਧਨ ਕਰਦਿਆਂ ਡਾ. ਅੰਬੇਡਕਰ ਨੇ ਚੋਣ ਕਮਿਸ਼ਨ ਤੇ ਸਰਕਾਰ ਵਿਚਕਾਰ ਫਾਸਲਾ ਰੱਖਣ ਬਾਰੇ ਇਸ ਨੂੰ ਸਰਕਾਰ ਤੋਂ ਮੁਕਤ ਰੱਖਣ ਦੀ ਅਪੀਲ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਚੋਣਾਂ ਦੀ ਸ਼ੁੱਧਤਾ ਤੇ ਅਜ਼ਾਦੀ ਦੇ ਹਿੱਤ ਵਿੱਚ ਇਹ ਮਹੱਤਵਪੂਰਨ ਹੈ ਕਿ ਚੋਣ ਕਮਿਸ਼ਨ ਨੂੰ ਕਾਰਜਪਾਲਿਕਾ ਦੀ ਦਖ਼ਲਅੰਦਾਜ਼ੀ ਤੋਂ ਮੁਕਤ ਰੱਖਿਆ ਜਾਵੇ। ਅੰਬੇਡਕਰ ਦਾ ਸਪੱਸ਼ਟ ਸੁਨੇਹਾ ਸੀ ਕਿ ਨਾ ਨਿਯੁਕਤੀ, ਨਾ ਹਟਾਉਣ ਤੇ ਨਾ ਹੀ ਸੇਵਾ ਸ਼ਰਤਾਂ ਲਈ ਭਾਰਤ ਦੇ ਚੋਣ ਕਮਿਸ਼ਨ ਨੂੰ ਕਿਸੇ ਵੀ ਸਮੇਂ ਦੀ ਸਰਕਾਰ ਦੇ ਅਧੀਨ ਕੰਮ ਕਰਨਾ ਚਾਹੀਦਾ ਹੈ। ਡਾ. ਅੰਬੇਡਕਰ ਨੇ ਸੰਵਿਧਾਨ ਸਭਾ ਵਿੱਚ ਬੋਲਦਿਆ ਅੱਗੇ ਕਿਹਾ ਸੀ, 'ਚੋਣਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਸਰਕਾਰੀ ਤੇ ਸੱਤਾਧਾਰੀ ਪੱਖ ਦੇ ਦੁਰਉਪਯੋਗ ਤੋਂ ਬਚਣ ਲਈ ਚੋਣਾਂ ਦੀ ਸੁਤੰਤਰਤਾ ਨੂੰ ਇੱਕ ਮੂਲ ਅਧਿਕਾਰ ਸਮਝਣਾ ਚਾਹੀਦਾ ਹੈ।'

ਲੋਕਤੰਤਰ ਦੀ ਰੀੜ੍ਹ ਦੀ ਹੱਡੀ ਤੋੜਣ ਤੇ ਵਿਰੋਧ ਦੀ ਆਵਾਜ਼ ਨੂੰ ਕੁਚਲਣ ਵਾਲਾ ਇਹ ਬਿੱਲ ਲੋਕ ਸਭਾ ਵਿੱਚ ਪਾਸ ਹੋ ਚੁੱਕਾ ਹੈ। ਰਾਸ਼ਟਰਪਤੀ ਦੇ ਦਸਤਖਤਾਂ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ। ਸੁਪਰੀਮ ਕੋਰਟ ਦੇ ਸਾਬਕਾ ਚੀਫ਼ ਜਸਟਿਸ ਰੋਹਿੰਟਨ ਨਾਰੀਮਨ ਨੇ ਇਸ ਬਿੱਲ ਦੇ ਪਾਸ ਹੋਣ ਉੱਤੇ ਕਿਹਾ ਹੈ, 'ਜੇਕਰ ਸੁਪਰੀਮ ਕੋਰਟ ਇਸ ਨੂੰ ਰੱਦ ਨਹੀਂ ਕਰਦੀ ਤਾਂ ਇਹ ਲੋਕਤੰਤਰ ਲਈ ਸਭ ਤੋਂ ਵੱਡਾ ਖ਼ਤਰਾ ਹੋਵੇਗਾ।'

# ਪੁਸਤਕ ਇੰਡੀਅਨਜ਼ ਐਵਰੌਂਡ ਐਂਡ ਪੰਜਾਬ ਇਮਪੈਕਟ ਪੰਜਾਬੀ ਸੰਸਾਰ-2023 ਲੋਕ ਅਰਪਣ

## ਪ੍ਰਵਾਸ ਦੇ ਰੁਝਾਨ ਦਾ ਕਾਰਨ ਬੁੱਧੀਜੀਵੀ ਵਰਗ ਦੀ ਆਪਣੀ ਭੂਮਿਕਾ ਨਿਭਾਉਣ 'ਚ ਅਸਫਲਤਾ ਹੈ- ਡਾ: ਸਵਰਾਜ ਸਿੰਘ

ਫਗਵਾੜਾ/ਏ.ਟੀ.ਨਿਊਜ਼ : ਵੱਧ ਰਹੇ ਪ੍ਰਵਾਸ ਦੇ ਰੁਝਾਨ ਨੂੰ ਪੰਜਾਬ ਦਾ ਸਭ ਤੋਂ ਵੱਡਾ ਸੰਕਟ ਦੱਸਦਿਆਂ, ਪ੍ਰਸਿੱਧ ਪੰਜਾਬੀ ਲੇਖਕ ਅਤੇ ਚਿੰਤਕ ਡਾ: ਸਵਰਾਜ ਸਿੰਘ ਨੇ ਕਿਹਾ ਕਿ ਇਸ ਦਾ ਮੁੱਖ ਕਾਰਨ ਬੁੱਧੀਜੀਵੀ ਵਰਗ ਦੀ ਇਸ ਸਬੰਧੀ ਆਪਣੀ ਭੂਮਿਕਾ ਨਿਭਾਉਣ 'ਚ ਅਸਫਲਤਾ ਹੈ।



ਉਹ ਇਥੇ ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਅਤੇ ਪੰਜਾਬੀ ਵਿਰਸਾ ਟਰੱਸਟ ਵੱਲੋਂ ਕਰਵਾਏ ਗਏ ਇੱਕ ਸਮਾਗਮ ਵਿੱਚ 'ਵਿਸ਼ਵ ਵਿੱਚ ਉੱਭਰ ਰਹੇ ਨਵੇਂ ਰੁਝਾਨ' ਸਬੰਧੀ ਆਪਣਾ ਕੁੰਜੀਵਤ ਸੰਬੋਧਨ ਕਰ ਰਹੇ ਸਨ। ਇਸ ਸਮਾਗਮ ਵਿੱਚ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਦੀ ਸਿਲਵਰ ਜੁਬਲੀ ਵੱਡ ਅਕਾਰੀ ਪੁਸਤਕ 'ਇੰਡੀਅਨਜ਼ ਐਵਰੌਂਡ ਐਂਡ ਪੰਜਾਬ ਇਮਪੈਕਟ (ਪੰਜਾਬੀ ਸੰਸਾਰ-2023)' ਵੱਡੀ ਗਿਣਤੀ 'ਚ ਹਾਜ਼ਰ ਲੇਖਕਾਂ, ਪੰਜਾਬੀ ਪਿਆਰਿਆਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤੀ ਗਈ। ਡਾ: ਸਵਰਾਜ ਸਿੰਘ ਨੇ ਕਿਹਾ ਕਿ ਅਸੀਂ ਪ੍ਰਵਾਸ ਦੇ ਰੁਝਾਨ ਨੂੰ ਰੋਕ ਨਹੀਂ ਸਕੇ। ਉਹਨਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਵਾਪਰ ਰਹੀਆਂ ਪ੍ਰਮੁੱਖ ਘਟਨਾਵਾਂ ਦਾ ਜ਼ਿਕਰ ਕਰਦਿਆਂ ਰੂਸ- ਯੂਕਰੇਨ, ਇਜ਼ਰਾਈਲ- ਫਲਸਤੀਨ ਜੰਗਾਂ ਦਾ ਵੀ ਜ਼ਿਕਰ ਕੀਤਾ। ਉਹਨਾਂ ਕਿਹਾ ਕਿ ਭਾਰਤ ਆਉਣ ਵਾਲੇ ਸਮੇਂ 'ਚ ਆਰਥਿਕ ਤੌਰ 'ਤੇ ਮੋਹਰੀ ਦੇਸ਼ ਬਨਣ ਵਾਲੇ ਪਾਸੇ ਵਧ ਰਿਹਾ ਹੈ, ਪਰ ਇਸ ਬਾਰੇ ਕੋਈ ਭਰੋਸਾ ਨਹੀਂ ਕਿ ਦੇਸ਼ 'ਚ ਦੌਲਤ ਦੀ ਵੰਡ ਸਾਂਵੀਂ ਪੱਧਰੀ ਹੋਵੇਗੀ ਜਾਂ ਨਹੀਂ। ਉਹਨਾਂ ਕਿਹਾ ਕਿ ਸਵਰਗ ਨਰਕ ਕੁਝ ਵੀ ਨਹੀਂ ਹੁੰਦਾ, ਇਹ ਸਿਰਫ਼ ਇੱਕ ਮਨੋ ਅਵਸਥਾ ਹੈ, ਜਿਸ ਬਾਰੇ ਗੁਰੂ ਨਾਨਕ ਦੇਵ ਜੀ ਦੀ ਫ਼ਿਲਾਸਫ਼ੀ ਸੱਚਾ ਮਾਰਗ ਦਰਸ਼ਨ ਕਰਦੀ ਹੈ। ਸਮਾਗਮ ਦੀ ਪ੍ਰਧਾਨਗੀ ਡਾ: ਸਵਰਾਜ ਸਿੰਘ, ਸ: ਨਰਪਾਲ ਸਿੰਘ ਸ਼ੇਰਗਿੱਲ, ਸ: ਗਿਆਨ ਸਿੰਘ ਮੋਗਾ, ਪ੍ਰੋ: ਜਸਵੰਤ ਸਿੰਘ ਗੰਡਮ, ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਕੀਤੀ।

ਇਸ ਮੌਕੇ ਪੰਜਾਬੀ ਵਿਰਸਾ ਟਰੱਸਟ ਦੇ ਪ੍ਰਧਾਨ ਪ੍ਰੋ: ਜਸਵੰਤ ਸਿੰਘ ਗੰਡਮ ਨੇ ਆਏ ਲੇਖਕਾਂ ਤੇ ਪੰਜਾਬੀ ਪਿਆਰਿਆਂ ਨੂੰ ਜੀ ਆਇਆਂ ਕਹਿੰਦਿਆਂ ਡਾ: ਸਵਰਾਜ ਸਿੰਘ ਦੀ ਬੌਧਿਕਤਾ ਅਤੇ ਨਰਪਾਲ ਸਿੰਘ ਸ਼ੇਰਗਿੱਲ ਦੀ ਸਖ਼ਤ ਮਿਹਨਤ ਦੁਆਰਾ ਤਿਆਰ ਕੀਤੀ ਗਈ ਵਿਸ਼ਵ ਦਰਸ਼ਨ ਕਰਾਉਣ ਵਾਲੀ ਡਾਇਰੈਕਟਰੀ ਦੀ ਪ੍ਰਸੰਸਾ ਕੀਤੀ। ਉਹਨਾਂ ਨੇ ਦੇਸ਼ ਵਿੱਚ ਅਸਹਿਮਤੀ ਪ੍ਰਤੀ ਵਧ ਰਹੀ

(ਬਾਕੀ ਸਫ਼ਾ 30 'ਤੇ)

# ਇੱਕ ਮਹੀਨੇ 'ਚ ਜੇਲ੍ਹ ਤੋਂ ਹੋਏ 43 ਹਜ਼ਾਰ ਫ਼ੋਨ ਕਾਲ, ਕਰੋੜਾਂ ਦੀ ਡਰੱਗ ਮਨੀ ਹੋਈ ਟਰਾਂਸਫ਼ਰ

## ਅਦਾਲਤ ਵੱਲੋਂ 7 ਜੇਲ੍ਹ ਅਧਿਕਾਰੀਆਂ ਖ਼ਿਲਾਫ਼ ਜਾਂਚ ਦੇ ਹੁਕਮ, ਪੰਜਾਬ ਸਰਕਾਰ ਦਾ ਜਲੂਸ ਨਿੱਕਲਿਆ

## ਹਾਈਕੋਰਟ ਵੱਲੋਂ ਲਾਰੈਂਸ ਦਾ ਜੇਲ੍ਹ ਇੰਟਰਵਿਊ ਸੋਸ਼ਲ ਮੀਡੀਆ ਤੋਂ ਹਟਾਉਣ ਦੇ ਹੁਕਮ

ਚੰਡੀਗੜ੍ਹ/ਏ.ਟੀ.ਨਿਊਜ਼ : ਫ਼ਿਰੋਜ਼ਪੁਰ ਜੇਲ੍ਹ ਵਿੱਚ ਡਰੱਗ ਅਤੇ ਮੋਬਾਈਲ ਨੈੱਟਵਰਕ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੀਆਂ ਸਖ਼ਤ ਟਿੱਪਣੀਆਂ ਤੋਂ ਬਾਅਦ ਹੁਣ ਪੰਜਾਬ ਪੁਲਿਸ ਐਕਸ਼ਨ ਵਿੱਚ ਆਈ ਹੈ। ਜੇਲ੍ਹ ਸੁਪਰਡੈਂਟ ਸਮੇਤ 7 ਅਧਿਕਾਰੀਆਂ ਖ਼ਿਲਾਫ਼ ਜਾਂਚ ਦੇ ਹੁਕਮ ਦਿੱਤੇ ਗਏ ਹਨ। ਇਸ ਵਿੱਚ 2 ਮੌਜੂਦਾ ਅਤੇ 3 ਸੇਵਾ ਮੁਕਤ ਸੁਪਰਡੈਂਟ ਵੀ ਜਾਂਚ ਦੇ ਘੇਰੇ ਵਿੱਚ ਹਨ। ਜੇਲ੍ਹ ਵਿੱਚ ਤਿੰਨ ਤਸਕਰਾਂ ਵੱਲੋਂ 1 ਮਹੀਨੇ ਦੇ ਅੰਦਰ 43 ਹਜ਼ਾਰ ਤੋਂ ਵੱਧ ਫ਼ੋਨ ਕਾਲ ਕਰਨ ਦਾ ਇਲਜ਼ਾਮ ਹੈ। ਯਾਨੀ ਰੋਜ਼ 1,295 ਕਾਲਾਂ ਅਤੇ ਪ੍ਰਤੀ ਘੰਟਾ 53 ਕਾਲਾਂ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ 2 ਤਸਕਰਾਂ ਨੇ ਆਪਣੀ ਪਤਨੀ ਦੇ ਖਾਤਿਆਂ ਵਿੱਚ 1 ਕਰੋੜਾਂ 35 ਲੱਖ ਰੁਪਏ ਟਰਾਂਸਫ਼ਰ ਹੋਏ ਸਨ।

ਜਿੰਨਾਂ ਪੁਲਿਸ ਅਧਿਕਾਰੀਆਂ ਦੇ ਖ਼ਿਲਾਫ਼ ਜਾਂਚ ਦੇ ਹੁਕਮ ਦਿੱਤੇ ਗਏ ਹਨ ਉਨ੍ਹਾਂ ਵਿੱਚ ਸਤਨਾਮ ਸਿੰਘ ਸੁਪਰਡੈਂਟ,ਅਰਵਿੰਦਰ ਸਿੰਘ ਸਾਬਕਾ ਸੁਪਰਡੈਂਟ,ਪਰਮਿੰਦਰ ਸਿੰਘ ਦਾ ਨਾਂ ਸ਼ਾਮਲ ਹੈ। ਇਸ ਤੋਂ ਪਹਿਲਾਂ ਬੀਤੇ ਦਿਨੀਂ ਪੰਜਾਬ ਹਰਿਆਣਾ ਹਾਈਕੋਰਟ ਨੇ ਇਸੇ ਮਾਮਲੇ ਵਿੱਚ ਸਖ਼ਤ ਨੋਟਿਸ ਲੈਂਦੇ ਹੋਏ ਪੁੱਛਿਆ ਸੀ ਕਿਉਂ ਨਾ ਜਾਂਚ ਸੀ.ਬੀ.ਆਈ. ਨੂੰ ਸੌਂਪ ਦਿੱਤੀ ਜਾਵੇ। ਜੇਲ੍ਹ ਪ੍ਰਸ਼ਾਸਨ ਵੱਲੋਂ ਇਸੇ ਦਾ ਜਵਾਬ ਵਿੱਚ ਕਿਹਾ ਗਿਆ ਸੀ ਕਿ ਅਸੀਂ ਸੁਧਾਰ ਦੇ ਲਈ ਹਰ ਸ਼ੁੱਕਰਵਾਰ ਨੂੰ ਮੀਟਿੰਗ ਕਰਦੇ ਹਾਂ ਜਿਸ ਦੇ ਜਵਾਬ ਵਿੱਚ ਅਦਾਲਤ ਨੇ ਕਿਹਾ ਸੀ ਕਿ ਸਾਨੂੰ ਪਤਾ ਹੈ ਕਿ ਮੀਟਿੰਗਾਂ ਵਿੱਚ ਸਿਰਫ਼ ਚਾਹ ਅਤੇ ਸਮੋਸੇ ਹੀ ਚੱਲਦੇ ਹਨ ਇਸ ਤੋਂ ਵੱਧ ਕੁਝ ਨਹੀਂ ਹੁੰਦਾ ਹੈ। ਜੇਕਰ ਕੋਈ ਕਾਰਵਾਈ ਹੁੰਦੀ ਤਾਂ ਇਸ ਦਾ ਨਤੀਜਾ ਜ਼ਰੂਰ ਨਜ਼ਰ ਆਉਂਦਾ। ਹਾਈਕੋਰਟ ਦੀ ਫ਼ਟਕਾਰ ਤੋਂ ਬਾਅਦ ਜਿਸ ਤਰ੍ਹਾਂ ਨਾਲ ਜੇਲ੍ਹ ਵਿਭਾਗ ਵੱਲੋਂ ਐਕਸ਼ਨ ਲਿਆ ਗਿਆ ਹੈ ਉਸ ਤੋਂ ਬਾਅਦ ਹੁਣ ਅਦਾਲਤ ਨੂੰ ਇਸ ਦੀ ਜਾਣਕਾਰੀ ਦਿੱਤੀ ਜਾਵੇਗੀ। ਅਗਲੀ ਸੁਣਵਾਈ ਵਿੱਚ ਅਦਾਲਤ ਸਰਕਾਰ ਦੀ ਇਸ ਕਾਰਵਾਈ 'ਤੇ ਕਿੰਨੀ ਸੰਤੁਸ਼ਟ ਨਜ਼ਰ ਆਉਂਦੀ ਹੈ,ਇਹ ਵੇਖਣ ਵਾਲੀ ਗੱਲ ਹੋਵੇਗੀ।



ਇਸ ਸਾਰੇ ਕਾਂਡ ਦੇ ਇਸ ਪੱਖ ਨੇ ਅਦਾਲਤ ਨੂੰ ਹਿਲਾ ਕੇ ਰੱਖ ਦਿੱਤਾ ਹੈ ਕਿ ਇੱਕ ਪਾਸੇ ਅੰਮ੍ਰਿਤਪਾਲ ਸਿੰਘ ਵਰਗੇ ਕੁੱਝ ਸਿੱਖ ਰਾਜਸੀ ਨੌਜਵਾਨ ਹਨ ਜਿਨ੍ਹਾਂ ਵਿਰੁੱਧ ਕੋਈ ਠੋਸ ਜੁਰਮਾਂ ਦੇ ਦੋਸ਼ ਨਾ ਹੋਣ 'ਤੇ ਵੀ ਹਜ਼ਾਰਾਂ ਕਿਲੋਮੀਟਰ ਦੂਰ ਜੇਲ੍ਹਾਂ ਵਿੱਚ ਭੇਜ ਦਿੱਤਾ ਗਿਆ। ਦੂਜੇ ਪਾਸੇ ਇਸੇ ਸਿਸਟਮ ਨੇ 71 ਸੰਗੀਨ ਮਾਮਲਿਆਂ ਵਿੱਚ ਪ੍ਰਭਾਵੀ ਮੁਜਰਮਾਂ ਨੂੰ ਸਰਕਾਰੀ ਮਹਿਮਾਨ ਬਣਾ ਕੇ ਪੰਜਾਬ ਦੇ ਸਿਰ ਉਪਰ ਬਿਠਾ ਰਖਿਆ ਹੈ।

### ਅਦਾਲਤ ਲਾਰੈਂਸ ਬਿਸ਼ਨੋਈ ਦੀ ਮੁਲਾਕਾਤ ਬਾਰੇ ਸਖ਼ਤ

ਜਸਟਿਸ ਅਨੂਪਿੰਦਰ ਸਿੰਘ ਗਰੇਵਾਲ ਅਤੇ ਜਸਟਿਸ ਕੀਰਤੀ ਸਿੰਘ ਦੇ ਖੰਡ ਪੀਠ ਨੇ ਲਾਰੈਂਸ ਬਿਸ਼ਨੋਈ ਦੀ ਇੱਕ ਨਿੱਜੀ ਮੀਡੀਆ ਗਰੁੱਪ ਨਾਲ ਜੇਲ੍ਹ/ਹਿਰਾਸਤੀ ਮੁਲਾਕਾਤ ਦੇ ਮਾਮਲੇ ਵਿੱਚ ਬਾਕਾਇਦਾ ਮੁਕਦਮਾ ਦਰਜ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਹੈ। ਅਦਾਲਤ ਨੇ ਪੜਤਾਲ ਦਾ ਕਾਰਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਡੀ.ਜੀ. ਪਰਬੋਧ ਕੁਮਾਰ ਦੀ ਅਗਵਾਈ ਵਿੱਚ ਸਥਾਪਤ ਵਿਸ਼ੇਸ਼ ਟੀਮ ਦੇ ਸਪੁਰਦ ਕੀਤਾ ਹੈ। ਟੀਮ ਦੇ ਦੋ ਹੋਰ ਅਫ਼ਸਰ ਐਸ. ਰਾਹੁਲ ਅਤੇ ਵਿਜੈ ਜਗਦੇਲ ਹੋਣਗੇ।

ਅਦਾਲਤ ਇਹ ਵੇਖ ਕੇ ਦੰਗ ਰਹਿ ਗਈ ਕਿ ਪੰਜਾਬ ਪੁਲਿਸ ਦੀ ਉੱਚ ਪੱਧਰੀ ਪੜਤਾਲੀਆ ਟੀਮ ਅੱਠ ਮਹੀਨਿਆਂ ਵਿੱਚ ਇੰਨਾ ਤੱਥ ਨਹੀਂ ਕੱਢ ਸਕੀ ਕਿ ਇਹ ਮੁਲਾਕਾਤ ਕਿਥੇ ਹੋਈ ਅਤੇ ਇਸ ਨੂੰ ਕਰਵਾਉਣ ਲਈ ਜਿੰਮੇਵਾਰ ਕੌਣ ਕੌਣ ਸਨ ।

ਅਦਾਲਤ ਨੇ ਨੋਟ ਕੀਤਾ ਕਿ ਦੋਸ਼ੀ ਉਪਰ ਕਤਲਾਂ, ਫ਼ਿਰੌਤੀਆਂ ਆਦਿ ਦੇ ਮਾਮਲਿਆਂ ਸਮੇਤ 71 ਮੁਕਦਮੇ ਦਰਜ ਹਨ। ਇਨ੍ਹਾਂ ਵਿਚੋਂ 4 ਮਾਮਲਿਆਂ ਵਿੱਚ ਉਸ ਨੂੰ ਸਜ਼ਾ ਹੋ ਚੁੱਕੀ ਹੈ। ਮੀਡੀਆ ਮੁਲਾਕਾਤ ਰਾਹੀਂ ਉਸ ਨੂੰ ਇੱਕ ਢੰਗ ਨਾਲ ਬਹੁਤ ਵੱਡੀ ਸ਼ਖਸੀਅਤ ਵਜੋਂ ਪੇਸ਼ ਕੀਤਾ ਗਿਆ। ਮੁਲਾਕਾਤ ਰਾਹੀਂ ਬਿਸ਼ਨੋਈ ਕਤਲਾਂ ਨੂੰ ਹੱਕੀ ਤੱਕ ਠਹਿਰਾ ਰਿਹਾ ਸੀ। ਇਸ ਮੁਲਾਕਾਤ ਨੂੰ 1.20 ਕਰੋੜ ਲੋਕਾਂ ਨੇ ਵੇਖਿਆ। ਅਦਾਲਤ ਨੇ ਇਸ ਦੇ ਨੌਜਵਾਨ ਮਨਾਂ ਉਪਰ ਪੈਣ ਵਾਲੇ ਮਾੜੇ ਅਸਰ ਦਾ ਨੋਟਿਸ ਲਿਆ ਅਤੇ ਹੁਕਮ ਦਿੱਤਾ ਕਿ ਇਸ ਮੁਲਾਕਾਤ ਦਾ ਸੋਸ਼ਲ ਮੀਡੀਆ ਸਾਈਟਸ ਤੋਂ ਖੁਰਾ ਖੋਜ ਮਿਟਾ ਦਿੱਤਾ ਜਾਵੇ। ਕੋਰਟ ਨੇ ਕਿਹਾ ਕਿ ਜਾਂਚ ਕਮੇਟੀ ਨੇ ਵੀ ਆਪਣੀ ਰਿਪੋਰਟ ਵਿੱਚ ਹਟਾਉਣ ਦੀ ਸਿਫ਼ਾਰਿਸ਼ ਕੀਤੀ। ਜਿਸ 'ਤੇ ਸਰਕਾਰ ਨੇ ਜਵਾਬ ਦਿੱਤਾ ਕਿ ਵਿਚਾਰ ਕਰ ਰਹੇ ਹਾਂ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਜਸਟਿਸ ਅਨੂੰਪਿੰਦਰ ਸਿੰਘ ਗਰੇਵਾਲ ਅਤੇ ਜਸਟਿਸ ਕੀਰਤੀ ਸਿੰਘ ਦੇ ਆਦੇਸ਼ਾਂ ਨੂੰ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਸ਼ੇਅਰ ਕਰਦੇ ਹੋਏ ਕਿਹਾ ਕਿ 'ਗੈਂਗਸਟਰ ਨੂੰ ਇਸ ਇੰਟਰਵਿਊ ਦੇ ਜ਼ਰੀਏ ਮਸ਼ਹੂਰ ਕੀਤਾ ਜਾ ਰਿਹਾ ਹੈ ਅਤੇ ਕੇਂਦਰ ਤੇ ਸੂਬਾ ਸਰਕਾਰਾਂ ਹੁਣ ਵੀ ਇਸ 'ਤੇ ਵਿਚਾਰ ਕਰ ਰਹੀਆਂ ਹਨ ਕਿ ਇਸ ਇੰਟਰਵਿਊ ਨੂੰ ਹਟਾਇਆ ਜਾਵੇ ਜਾਂ ਨਹੀਂ । ਜੇਕਰ ਕੋਈ ਹੋਰ ਭੜਕਾਊ ਟਵੀਟ ਮੇਰੇ ਜਾਂ ਫ਼ਿਰ ਤੁਹਾਡੇ ਵੱਲੋਂ ਕੀਤਾ ਜਾਂਦਾ ਤਾਂ ਇਸ ਨੂੰ ਫ਼ੌਰਨ ਹਟਾ ਦਿੱਤਾ ਜਾਂਦਾ ਹੈ'। ਉਨ੍ਹਾਂ ਨੇ ਹਾਈਕੋਰਟ ਦੇ ਆਦੇਸ਼ ਨੂੰ ਖ਼ਬਰਾਂ ਵਿੱਚ ਤਵੱਜੋ ਨਾ ਮਿਲਣ 'ਤੇ ਕੌਮੀ ਅਤੇ ਸੂਬਾ ਮੀਡੀਆ ਨਾਲ ਵੀ ਨਰਾਜ਼ਗੀ ਜ਼ਾਹਿਰ ਕੀਤੀ । ਬਲਕੌਰ ਸਿੰਘ ਨੇ ਇੱਕ ਹੋਰ ਟਵੀਟ ਕਰਦੇ ਹੋਏ ਕਿਹਾ ਹਾਈਕੋਰਟ ਨੇ ਆਪਣੇ ਆਦੇਸ਼ ਵਿੱਚ ਕਿਹਾ ਕਿ ਇੰਟਰਵਿਊ ਨੂੰ ਕਈ ਮਿਲੀਅਨ ਲੋਕਾਂ ਨੇ ਵੇਖਿਆ ਅਤੇ ਜ਼ਿਆਦਾਤਰ ਲੋਕਾਂ ਨੇ ਲਾਰੈਂਸ ਦੀ ਹਮਾਇਤ ਵਿੱਚ ਕੁਮੈਂਟ ਕੀਤੇ ਹਨ। ਅਜਿਹਾ ਕਰਕੇ ਨੌਜਵਾਨ ਉਸ ਨੂੰ ਹੀਰੋ ਬਣਾ ਰਹੇ ਹਨ ਅਤੇ ਸਿਆਸੀ ਏਜੰਡਾ ਚਲਾਇਆ ਜਾ ਰਿਹਾ ਹੈ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਲਾਰੈਂਸ ਖ਼ਿਲਾਫ਼ ਯੂਏਪੀਏ ਤੋਂ ਇਲਾਵਾ 71 ਕੇਸ ਹਨ ਜਿਸ ਵਿੱਚ ਕਤਲ ਅਤੇ ਫ਼ਿਰੌਤੀ ਦੇ ਮਾਮਲੇ ਹਨ । ਡਬਲ ਬੈਂਚ ਨੇ ਕਿਹਾ ਲਾਰੈਂਸ ਆਪਣੇ ਇੰਟਰਵਿਊ ਵਿੱਚ ਟਾਰਗੇਟ ਕਿਲਿੰਗ ਨੂੰ ਸਹੀ ਦੱਸ ਰਿਹਾ ਹੈ। ਬਲਕੌਰ ਸਿੰਘ ਨੇ ਕਿਹਾ ਸਰਕਾਰ ਵੱਲੋਂ ਬਣਾਈ ਗਈ ਪਹਿਲੀ ਸਿੱਟ ਇਹ ਲੱਭਣ ਵਿੱਚ ਫ਼ੇਲ੍ਹ ਸਾਬਤ ਹੋਈ ਕਿ ਲਾਰੈਂਸ ਦਾ ਇੰਟਰਵਿਊ ਕਿੱਥੇ ਹੋਇਆ ਸੀ ? ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸਿੱਟ ਜਾਣ ਬੁਝ ਕੇ ਸੱਚ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਸੀ ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



### ਮੋਦੀ ਸਰਕਾਰ ਵੱਲੋਂ ਪੰਜਾਬ ਨੂੰ ਇੱਕ ਹੋਰ ਵਿੱਤੀ ਝਟਕਾ

# ਪੰਜਾਬ ਦੀ ਕਰਜ਼ਾ ਲੈਣ ਦੀ ਸੀਮਾ ’ਚ 2300 ਕਰੋੜ ਰੁਪਏ ਦੀ ਕੀਤੀ ਕਟੌਤੀ

## .ਫੰਡਾਂ ’ਚ ਕਟੌਤੀ ਕਰਕੇ ਕੇਂਦਰ ਪੰਜਾਬ ਨਾਲ ਕਰ ਰਿਹੈ ਮਤਰੇਈ ਮਾਂ ਵਾਲਾ ਸਲੂਕ : ਹਰਪਾਲ ਚੀਮਾ

ਚੰਡੀਗੜ੍ਹ/ਏ.ਟੀ.ਨਿਊਜ਼ : ਮੋਦੀ ਸਰਕਾਰ ਵੱਲੋਂ ਪੰਜਾਬ ਦੀ ‘ਆਪ’ ਸਰਕਾਰ ਨੂੰ ਵਿੱਤੀ ਝਟਕੇ ਲਗਾਤਾਰ ਦੇਣ ਦਾ ਕੰਮ ਜਾਰੀ ਹੈ। ਹੁਣ ਮੋਦੀ ਸਰਕਾਰ ਨੇ ਪੰਜਾਬ ਦੀ ਕਰਜ਼ਾ ਲੈਣ ਦੀ ਸੀਮਾ ਵਿੱਚ 2300 ਕਰੋੜ ਰੁਪਏ ਦੀ ਕਟੌਤੀ ਕੀਤੀ ਹੈ। ਇਸ ਤੋਂ ਪਹਿਲਾਂ ਵੀ ਮੋਦੀ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ ਦੇ ਹਵਾਲੇ ਸੂਬੇ ਦੀ ਕਰਜ਼ਾ ਸੀਮਾ ’ਤੇ 18 ਹਜ਼ਾਰ ਕਰੋੜ ਦਾ ਕੱਟ ਲਾਇਆ ਸੀ, ਜਿਸ ਨੂੰ ਮਗਰੋਂ ਬਹਾਲ ਕਰ ਦਿੱਤਾ ਸੀ।



ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ 30 ਜੂਨ 2022 ਤੋਂ ਰਾਜਾਂ ਨੂੰ ਦਿੱਤੀ ਜਾ ਰਹੀ ਜੀ.ਐਸ.ਟੀ. ਮੁਆਵਜ਼ਾ ਰਾਸ਼ੀ ਰੋਕ ਦਿੱਤੀ ਸੀ, ਜਿਸ ਨਾਲ ਪੰਜਾਬ ਸਰਕਾਰ ਦਾ ਵਿੱਤੀ ਘਾਟਾ ਹੋਰ ਵਧਿਆ ਸੀ। ਉਸ ਸਮੇਂ ਪੰਜਾਬ ਸਰਕਾਰ ਨੂੰ ਜੀ.ਐਸ.ਟੀ. ਮੁਆਵਜ਼ੇ ਵਜੋਂ 18 ਹਜ਼ਾਰ ਕਰੋੜ ਰੁਪਏ ਮਿਲ ਰਹੇ ਸਨ, ਜੋ ਕੇਂਦਰ ਸਰਕਾਰ ਦੇ ਹੁਕਮਾਂ ਤੋਂ ਬਾਅਦ ਪੰਜਾਬ ਸਰਕਾਰ ਨੂੰ ਮਿਲਣੇ ਬੰਦ ਹੋ ਗਏ ਸਨ। ਅਸਲ ਵਿੱਚ ਕੇਂਦਰ ਸਰਕਾਰ ਕੋਈ ਵੀ ਮੌਕਾ ਅੰਜਾਈ ਨਹੀਂ ਜਾਣ ਦੇ ਰਹੀ,ਜਿਸ ਨਾਲ ਪੰਜਾਬ ਸਰਕਾਰ ਨੂੰ ਪ੍ਰੇਸ਼ਾਨੀ ਵਿੱਚ ਪਾਇਆ ਜਾ ਸਕੇ। ਇਸੇ ਕਰਕੇ ਮੋਦੀ ਸਰਕਾਰ ਵੱਲੋਂ ਪੰਜਾਬ ਸਰਕਾਰ ਨੂੰ ਲਗਾਤਾਰ ਵਿੱਤੀ ਝਟਕੇ ਤੇ ਝਟਕਾ ਦਿੱਤਾ ਜਾ ਰਿਹਾ ਹੈ।

ਹੁਣ ਕੇਂਦਰ ਸਰਕਾਰ ਨੇ ਇੱਕ ਹੋਰ ਵਿੱਤੀ ਝਟਕਾ ਦਿੰਦਿਆਂ ਪੰਜਾਬ ਦੀ ਕਰਜ਼ਾ ਲੈਣ ਦੀ ਸੀਮਾ ਵਿੱਚ ਕਰੀਬ 2300 ਕਰੋੜ ਰੁਪਏ ਦੀ ਕਟੌਤੀ ਕਰ ਦਿੱਤੀ ਹੈ। ਕੇਂਦਰੀ ਵਿੱਤ ਮੰਤਰਾਲੇ ਨੇ ਇਸ ਵਾਰ ਪਾਵਰਕੌਮ ਦੇ ਸਾਲ 2022-23 ਦੇ 4700 ਕਰੋੜ ਰੁਪਏ ਦੇ ਵਿੱਤੀ ਘਾਟੇ ਦਾ ਹਵਾਲਾ ਦਿੱਤਾ ਹੈ। ਕੇਂਦਰ ਨੇ ਇਸ ਵਿੱਤੀ ਘਾਟੇ ਦਾ 50 ਫ਼ੀਸਦੀ ਬੋਝ ਸੂਬਾ ਸਰਕਾਰ ਨੂੰ ਸਹਿਣ ਕਰਨ ਵਾਸਤੇ ਕਿਹਾ ਹੈ ਜਿਸ ਤਹਿਤ ਸਾਲ 2023-24 ਦੀ ਸੂਬੇ ਦੀ ਕਰਜ਼ਾ ਲੈਣ ਦੀ ਮਨਜ਼ੂਰਸ਼ੁਦਾ ਹੱਦ ’ਚ 2300 ਕਰੋੜ ਦੀ ਕਟੌਤੀ ਕੀਤੀ ਜਾਵੇਗੀ।

ਕੇਂਦਰੀ ਵਿੱਤ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਇਸ ਬਾਰੇ ਜਾਣੂ ਕਰਾ ਦਿੱਤਾ ਹੈ ਅਤੇ ਵਰ੍ਹਾ 2023-24 ਲਈ ਸੂਬੇ ਦੀ ਕਰਜ਼ਾ ਲੈਣ ਦੀ ਸੀਮਾ 45,730.35 ਕਰੋੜ ਰੁਪਏ ਹੈ ਜਿਸ ’ਚ ਹੁਣ 2300 ਕਰੋੜ ਦੀ ਕਟੌਤੀ ਹੋ ਜਾਵੇਗੀ। ਪਹਿਲਾਂ ਹੀ ਵਿੱਤੀ ਸੰਕਟ ਨਾਲ ਜੂਝ ਰਹੇ ਸੂਬੇ ਲਈ ਇਹ ਕਟੌਤੀ ਨਵੀਂ ਚੁਣੌਤੀ ਪੇਸ਼ ਕਰਨ ਵਾਲੀ ਹੈ। ਨਵੇਂ ਕੇਂਦਰੀ ਪੱਤਰ ਨੇ ਸੂਬੇ ਦੇ ਵਿੱਤ ਵਿਭਾਗ ਵਿੱਚ ਕਾਫ਼ੀ ਹਿਲਜੁਲ ਪੈਦਾ ਕਰ ਦਿੱਤੀ ਹੈ ਕਿਉਂਕਿ ਸੂਬੇ ਵਿੱਚ ਪਹਿਲਾਂ ਹੀ (**ਬਾਕੀ ਸਫ਼ਾ 30 ’ਤੇ**)

### ਕੇਂਦਰ ਦਾ ਇਹ ਰਵੱਈਆ ਅਤਿ ਨਿੰਦਣਯੋਗ : ਚੀਮਾ



ਚੀਮਾ ਨੇ ਕਿਹਾ ਕਿ ਪੰਜਾਬ ਸੂਬਾ ਪੂਰੇ ਦੇਸ਼ ਨੂੰ ਅਨਾਜ ਦੇਣ ਨਾਲ ਸੂਬਾ ਹੈ। ਦੇਸ਼ ਦੀ ਅੰਦਰੂਨੀ ਅਤੇ ਬਾਹਰੀ ਲੜਾਈ ਹਮੇਸ਼ਾ ਆਪਣੀ ਹਿੱਕ ਅੱਗੇ ਡਾਅ ਕੇ ਲੜਦਾ ਰਿਹਾ ਹੈ। ਦੇਸ਼ ਦੇ ਰਖਵਾਲੇ ਦੇ ਨਾਲ ਕੇਂਦਰ ਸਰਕਾਰ ਦਾ ਇਹ ਰਵੱਈਆ ਅਤਿ ਨਿੰਦਣਯੋਗ ਹੈ। ਪੰਜਾਬ ਦੇ ਲੋਕਾਂ ਨੇ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਸਰਕਾਰ ਦੇ ਨੱਕ ਵਿੱਚ ਦਮ ਕਰ ਕੇ ਵਾਪਸ ਕਰਵਾਏ ਸਨ, ਇਸ ਵਿੱਚ ਪੰਜਾਬ ਦੇ ਲੋਕਾਂ ਨੇ ਮੋਹਰੀ ਹੋ ਕੇ ਲੜਾਈ ਲੜੀ ਸੀ, ਇਸ ਕਰਕੇ ਕੇਂਦਰ ਸਰਕਾਰ ਪੰਜਾਬ ਦੇ ਲੋਕਾਂ ਨਾਲ ਉਸ ਸਮੇਂ ਤੋਂ ਵਿਤਕਰਾ ਕਰਨਾ ਸ਼ੁਰੂ ਕੀਤਾ ਜਿਸ ਨਾਲ ਹਰ ਸਮੇਂ ਪੰਜਾਬ ਦਾ ਨੁਕਸਾਨ ਕਰਨ ਵੱਲ ਕੇਂਦਰ ਬਹਾਨੇ ਲੱਭਦਾ ਰਹਿੰਦਾ ਹੈ। ਪੰਜਾਬ ਦੇ ਲੋਕਾਂ ਦਾ ਟੈਕਸ ਰਾਹੀਂ ਇਕੱਠਾ ਕੀਤਾ ਗਿਆ ਪੈਸਾ ਪੰਜਾਬ ਨੂੰ ਵਾਪਸ ਕਰਨ ਦਾ ਬਜਾਏ ਉਸ ਵਿੱਚ ਕੱਟ ਲਾਉਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਦੇ ਬਹਾਦਰ ਲੋਕ ਕਦੇ ਵੀ ਸਰਕਾਰ ਦੀਆਂ ਬੇਨਿਯਮੀਆਂ ਦਾ ਜਵਾਬ ਜ਼ਰੂਰ ਦੇਣਗੇ।

# ਸੂਬੇ ਅੰਦਰ ਉਦਯੋਗਾਂ ਨੂੰ ਪ੍ਰਫ਼ੁੱਲਿਤ ਕਰਨ ਦੇ ਪੰਜਾਬ ਦੇ ਮੁੱਖ ਮੰਤਰੀ ਦੇ ਦਾਅਵੇ ਹੋਏ ਢਹਿ ਢੇਰੀ

## ਪੰਜਾਬ ਦੇ ਕਾਰੋਬਾਰੀਆਂ ਵੱਲੋਂ ਯੂ.ਪੀ. ਦੇ ਮੁੱਖ ਮੰਤਰੀ ਨੂੰ ਨਿਵੇਸ਼ ਕਰਨ ਦਾ ਦਿੱਤਾ ਭਰੋਸਾ

ਲੁਧਿਆਣਾ/ਏ.ਟੀ.ਨਿਊਜ਼ : ਸੂਬੇ ਅੰਦਰ ਉਦਯੋਗਾਂ ਨੂੰ ਪ੍ਰਫ਼ੁੱਲਿਤ ਕਰਨ ਦੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਾਅਵੇ ਉਸ ਸਮੇਂ ਢਹਿ ਢੇਰੀ ਹੁੰਦੇ ਵਿਖਾਈ ਦਿੱਤੇ, ਜਦੋਂ ਪੰਜਾਬ ਦੇ ਨਾਮੀ ਕਾਰੋਬਾਰੀਆਂ ਵੱਲੋਂ ਉੱਤਰ ਪ੍ਰਦੇਸ਼ (ਯੂ.ਪੀ.) ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੂੰ ਯੂ.ਪੀ. ਵਿੱਚ 2 ਲੱਖ 35 ਹਜ਼ਾਰ ਕਰੋੜ ਨਿਵੇਸ਼ ਕਰਨ ਦਾ ਭਰੋਸਾ ਦੇ ਦਿੱਤਾ । ਜ਼ਿਕਰਯੋਗ ਹੈ ਕਿ ਯੂ.ਪੀ. ਸਰਕਾਰ ਵੱਲੋਂ ਅਕਬਰਪੁਰ ਕਾਨਪੁਰ ਦਿਹਾਤ ’ਚ 450 ਏਕੜ ਵਿੱਚ ਉਦਯੋਗਿਕ ਪਾਰਕ ਅਤੇ ਕਾਨਪੁਰ-ਝਾਂਸੀ ਰਾਜਮਾਰਗ ਉੱਪਰ 48000 ਏਕੜ ’ਚ ਉਦਯੋਗਿਕ ਨਗਰ ਸਥਾਪਤ ਕਰਨ ਦੀਆਂ ਤਿਆਰੀਆਂ ਦੇ ਚੱਲਦੇ ਪੰਜਾਬ ਦੇ ਨਾਮੀ ਕਾਰੋਬਾਰੀਆਂ ਨਾਲ ਮੀਟਿੰਗਾਂ ਦਾ ਦੌਰ ਜਾਰੀ ਹੈ । ਇਸਦੇ ਚਲਦੇ ਹੀ ਬੀਤੇ ਦਿਨ ਵੀ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਵੱਲੋਂ ਯੂ.ਪੀ. ਨੂੰ ਇੰਡਸਟਰੀ ਹੱਬ ਬਣਾਉਣ ਦੇ ਉਦੇਸ਼ ਨਾਲ ਪੰਜਾਬ ਦੇ ਕਾਰੋਬਾਰੀਆਂ ਨਾਲ ਮੀਟਿੰਗ ਕੀਤੀ ਗਈ ਸੀ। ਅਟੱਲ ਉਦਯੋਗਿਕ ਵਿਕਾਸ ਪ੍ਰੀਸ਼ਦ ਦੀ ਅਗਵਾਈ ਹੇਠ ਪੰਜਾਬ ਦੇ ਕਾਰੋਬਾਰੀ, ਜਿਸ ’ਚ ਪ੍ਰੀਸ਼ਦ ਦੇ ਰਾਸ਼ਟਰੀ ਪ੍ਰਧਾਨ ਟੀ.ਆਰ. ਮਿਸ਼ਾ, ਏਵਨ ਸਾਈਕਲ ਦੇ ਸੀ.ਐਮ.ਡੀ. ਓਂਕਾਰ ਸਿੰਘ ਪਾਹਵਾ, ਅਨੂਪ ਸੰਖਧਰ, ਮਦਨ ਅਗਰਵਾਲ, ਡੀ.ਪੀ. ਮਿਸ਼ਰਾ, ਰਵਿੰਦਰ ਤਿਵਾੜੀ, ਵਿਵੇਕ ਗੁਪਤਾ, ਵਿਜੈ ਚੌਹਾਨ, ਰਾਮ ਉਗਰਹ ਸ਼ੁਕਲ, ਰਾਜੇਸ਼ ਸਿੰਘ ਵੀ ਹਾਜ਼ਰ ਸਨ। ਅਟੱਲ ਉਦਯੋਗਿਕ ਵਿਕਾਸ ਪ੍ਰੀਸ਼ਦ ਦੇ ਮੈਂਬਰਾਂ ਵੱਲੋਂ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਅੱਗੇ 2,35,000 ਕਰੋੜ ਦੇ ਨਿਵੇਸ਼ ਦਾ ਪ੍ਰਸਤਾਵ ਰੱਖਿਆ ਗਿਆ, ਜਿਸ ਵਿਚੋਂ ਕੁੱਝ ਇਕਾਈਆਂ ਦਾ ਕੰਮ ਮੁਕੰਮਲ ਹੋ ਗਿਆ ਹੈ ਅਤੇ ਕੁੱਝ ਦਾ ਚਲ ਰਿਹਾ ਹੈ। ਏਵਨ ਸਾਈਕਲ ਦੇ ਸੀ.ਐਮ.ਡੀ. ਓਂਕਾਰ ਸਿੰਘ ਪਾਹਵਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਯੂ.ਪੀ. ਸਰਕਾਰ ਵੱਲੋਂ ਉਦਯੋਗਿਕ ਪਾਰਕ ਤੇ ਉਦਯੋਗਿਕ ਨਗਰ ਦੀ ਸਥਾਪਨਾ ਕੀਤੀ ਜਾ ਰਹੀ ਹੈ, ਜਿਸ ਵਿੱਚ ਪੰਜਾਬ ਦੇ ਨਾਮੀ ਕਾਰੋਬਾਰੀ ਵੀ ਨਿਵੇਸ਼ ਕਰ ਰਹੇ ਹਨ। ਯੂ.ਪੀ. ਸਰਕਾਰ ਵੱਲੋਂ ਕਾਰੋਬਾਰੀਆਂ ਨੂੰ ਆਪਣੀਆਂ ਇਕਾਈਆਂ ਸਥਾਪਤ ਕਰਨ ਲਈ ਸਸਤੀ ਜ਼ਮੀਨ ਦੇ ਨਾਲ ਹੀ ਹੋਰ ਰਿਆਇਤਾਂ ਵੀ ਦਿੱਤੀਆਂ ਜਾ ਰਹੀਆਂ ਹਨ ।



## ਉੱਤਰਾਖੰਡ ਸਰਕਾਰ ਗੁ.ਗਿਆਨ ਗੋਦੜੀ ਸਾਹਿਬ ਲਈ ਥਾਂ ਅਲਾਟ ਕਰਵਾਏਗੀ

ਦੇਹਰਾਦੂਨ/ਚੰਡੀਗੜ੍ਹ-ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਵਫ਼ਦ ਨੂੰ ਭਰੋਸਾ ਦਿਵਾਇਆ ਹੈ ਕਿ ਉਹ ਹਰਿਦੁਆਰ ਵਿਚ ਗੁਰਦੁਆਰਾ ਸ੍ਰੀ ਗਿਆਨ ਗੋਦੜੀ ਲਈ ਥਾਂ ਅਲਾਟ ਕਰਨਗੇ। ਇਹ ਭਰੋਸਾ ਉਨ੍ਹਾਂ ਅਕਾਲੀ ਦਲ ਦੇ ਵਫ਼ਦ ਨੂੰ ਬੀਤੇ ਦਿਨੀ ਹੋਈ ਮੁਲਾਕਾਤ ਦੌਰਾਨ ਦਿਵਾਇਆ। ਪੁਸ਼ਕਰ ਸਿੰਘ ਧਾਮੀ ਨੇ ਕਿਹਾ ਕਿ ਉਹ ਹਰਿਦੁਆਰ ’ਚ ਗੁਰਦੁਆਰਾ ਸਾਹਿਬ ਲਈ ਥਾਂ ਨਿਸ਼ਚਿਤ ਕਰਨ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭਰੋਸੇ ’ਚ ਲੈ ਕੇ ਹੀ ਫ਼ੈਸਲਾ ਕਰਨਗੇ। ਇਸ ਮਕਸਦ ਲਈ ਛੇਤੀ ਹੀ ਸ਼੍ਰੋਮਣੀ ਕਮੇਟੀ ਦੀ ਇਕ ਟੀਮ ਹਰਿਦੁਆਰ ਦਾ ਦੌਰਾ ਕਰੇਗੀ। ਧਾਮੀ ਦਾ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਸਮਝਣ ਤੇ ਉਨ੍ਹਾਂ ਦਾ ਸਤਿਕਾਰ ਕਰਨ ਲਈ ਧੰਨਵਾਦ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਅਕਾਲੀ ਦਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਵਾਲੀ ਥਾਂ ਹਰਿਦੁਆਰ ’ਚ ਗੁਰਦੁਆਰਾ ਸਾਹਿਬ ਸਥਾਪਿਤ ਕਰਨ ਦੀ ਪੰਥ ਦੀ ਚਿਰੋਕਣੀ ਮੰਗ ਹੱਲ ਕਰਵਾਉਣ ’ਚ ਸਫ਼ਲ ਰਿਹਾ ਹੈ। ਸੁਖਬੀਰ ਨੇ ਦੱਸਿਆ ਕਿ ਉੱਤਰਾਖੰਡ ਦੇ ਮੁੱਖ ਮੰਤਰੀ ਨੇ ਊਧਮ ਸਿੰਘ ਨਗਰ ਦੇ ਹਜ਼ਾਰਾਂ ਕਿਸਾਨਾਂ ਦਾ ਮਸਲਾ ਹੱਲ ਕਰਨ ਦਾ ਵੀ ਭਰੋਸਾ ਦਿੱਤਾ ਹੈ ਜਿਨ੍ਹਾਂ ਨੂੰ ਸੀਲਿੰਗ ਦੇ ਨੋਟਿਸ ਦਿੱਤੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਜ਼ਮੀਨ ਦੀ ਵਿਕਰੀ ’ਤੇ ਰੋਕਾਂ ਲਗਾਈਆਂ ਜਾ ਰਹੀਆਂ ਹਨ ਜਦੋਂ ਕਿ ਉਨ੍ਹਾਂ ਨੇ 70 ਸਾਲ ਪਹਿਲਾਂ ਇਹ ਜ਼ਮੀਨਾਂ ਲਈਆਂ ਸਨ। ਉਨ੍ਹਾਂ ਕਿਹਾ ਕਿ ਬਾਜ਼ਪੁਰ ’ਚ 4805 ਏਕੜ ਜ਼ਮੀਨ ਦਾ ਇਹ ਮਸਲਾ ਹੱਲ ਹੈ ਤੇ ਇਸ ਕੇਸ ਦੇ ਹੱਲ ਹੋਣ ਨਾਲ ਉੱਤਰਾਖੰਡ ਦੇ ਹਜ਼ਾਰਾਂ ਸਿੱਖ ਕਿਸਾਨਾਂ ਨੂੰ ਵੱਡੀ ਰਾਹਤ ਮਿਲੇਗੀ। ਅਕਾਲੀ ਦਲ ਦੇ ਵਫ਼ਦ ’ਚ ਬਲਵਿੰਦਰ ਸਿੰਘ ਭੂੰਦੜ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਐਨ.ਕੇ. ਸ਼ਰਮਾ, ਪਰਮਬੰਸ ਸਿੰਘ ਰੋਮਾਣਾ, ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਤੇ ਬਾਬਾ ਤਰਸੇਮ ਸਿੰਘ ਨਾਨਕਮਤਾ ਡੇਰਾ ਕਾਰ ਸੇਵਾ ਵਾਲੇ ਵੀ ਸ਼ਾਮਿਲ ਸਨ।

# 2 ਸਾਲ ਬਾਅਦ ਬਹਿਬਲਕਲਾਂ ਵਿੱਚ ਇਨਸਾਫ ਮੋਰਚਾ ਖ਼ਤਮ ਕਰਨ ਦਾ ਕੀਤਾ ਐਲਾਨ

## ਮੋਰਚੇ ਦੇ ਮੁਖੀ ਸੁਖਰਾਜ ਸਿੰਘ ਨੇ ਕਿਹਾ ਕਿ ਅਸੀਂ ਅਗਲੀ ਜੰਗ ਅਦਾਲਤ ਵਿੱਚ ਲੜਾਂਗੇ

ਮੋਗਾ : ਬਹਿਬਲਕਲਾਂ ਇਨਸਾਫ ਮੋਰਚਾ ਖਤਮ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਮੋਰਚੇ ਦੇ ਮੁਖੀ ਸੁਖਰਾਜ ਸਿੰਘ ਨੇ ਬਹਿਬਲਕਲਾਂ ਗੋਲੀਕਾਂਡ ਮਾਮਲੇ ਵਿੱਚ ਸਿਟ ਵੱਲੋਂ ਸਟੇਟਸ ਰਿਪੋਰਟ ਪੇਸ਼ ਕਰਨ ਤੋਂ ਬਾਅਦ ਹੀ ਇਸ ਦਾ ਐਲਾਨ ਕੀਤਾ ਹੈ ।

ਫਰੀਦਕੋਟ ਅਦਾਲਤ ਵਿੱਚ ਇਹ ਸਟੇਟਸ ਰਿਪੋਰਟ ਪੇਸ਼ ਕੀਤੀ ਗਈ ਹੈ । ਹੁਣ ਅਦਾਲਤ ਵਿੱਚ ਬਹਿਬਲਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਦੇ ਟ੍ਰਾਈਲ ਸ਼ੁਰੂ ਕੀਤੇ ਜਾਣਗੇ । ਸੁਖਰਾਜ ਸਿੰਘ ਨੇ ਸਰਕਾਰ ਨੂੰ ਅਲਟੀਮੇਟਮ ਦਿੱਤਾ ਸੀ ਕਿ ਜੇਕਰ 22 ਦਸੰਬਰ ਤੱਕ ਬਹਿਬਲਕਲਾਂ ਗੋਲੀਕਾਂਡ ਨੂੰ ਲੈਕੇ ਸਿਟ ਨੇ ਸਟੇਟਸ ਰਿਪੋਰਟ ਪੇਸ਼ ਨਹੀਂ ਕੀਤੀ ਤਾਂ ਉਹ ਮਰਨ ਵਰਤ ‘ਤੇ ਬੈਠਣਗੇ । ਹੁਣ ਸਟੇਟਸ ਰਿਪੋਰਟ ਫਾਈਲ ਹੋਣ ਅਤੇ ਟ੍ਰਾਇਲ ਸ਼ੁਰੂ ਹੋਣ ‘ਤੇ ਉਨ੍ਹਾਂ ਨੇ ਸੰਤੁਸ਼ਟੀ ਜਤਾਈ ਹੈ ।

2 ਸਾਲ ਤੋਂ ਬਹਿਬਲਕਲਾਂ ਮੋਰਚਾ ਸੁਖਰਾਜ ਸਿੰਘ ਦੀ ਅਗਵਾਈ ਵਿੱਚ ਚੱਲ ਰਿਹਾ ਸੀ ਜੋ ਗੋਲੀਕਾਂਡ ਵਿੱਚ ਸ਼ਹੀਦ ਹੋਏ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਹਨ। ਸੁਖਰਾਜ ਨੇ ਕਿਹਾ ਕਿ ਉਹ ਇੱਕ ਦੋ ਦਿਨਾਂ ਦੇ ਅੰਦਰ ਸਮਾਗਮ ਰੱਖਣਗੇ ਅਤੇ ਮੋਰਚਾ ਖਤਮ ਕਰ ਦੇਣਗੇ । ਉਨ੍ਹਾਂ ਨੇ ਕਿਹਾ ਹੁਣ ਅਸੀਂ ਅਗਲੀ ਜੰਗ ਅਦਾਲਤ ਵਿੱਚ ਲੜਾਂਗੇ ਅਤੇ ਦੋਸ਼ੀ ਪੁਲਿਸ ਮੁਲਾਜ਼ਮਾਂ ਦੇ ਖਿਲਾਫ ਪੂਰੇ ਸਬੂਤ ਰੱਖਾਗੇ। ਉਨ੍ਹਾਂ ਨੇ ਮੋਰਚੇ ਦੌਰਾਨ ਸਾਥ ਦੇਣ ਵਾਲੇ ਸਾਥੀਆਂ ਅਤੇ ਸੰਗਤਾਂ ਦਾ ਵੀ ਧੰਨਵਾਦ ਕੀਤਾ ਹੈ ।




2015 ਵਿੱਚ ਬਰਗਾੜੀ ਬੇਅਦਬੀ ਕਾਂਡ ਤੋਂ ਬਾਅਦ ਕੋਟਕਪੂਰਾ ਅਤੇ ਬਹਿਬਲਕਲਾਂ ਵਿੱਚ ਸਿੱਖ ਆਗੂਆਂ ਵੱਲੋਂ ਮੋਰਚਾ ਲਗਾਇਆ ਗਿਆ ਸੀ । ਪਰ ਇਲਜ਼ਾਮ ਸੀ ਕਿ ਪੁਲਿਸ ਵੱਲੋਂ ਸਵੇਰ ਵੇਲੇ ਨਿਹੱਥੇ ਲੋਕਾਂ ‘ਤੇ ਗੋਲੀਆਂ ਚਲਾਈਆਂ ਗਈਆਂ ਸਨ ਜਿਸ ਵਿੱਚ 2 ਸਿੰਘ ਸ਼ਹੀਦ ਹੋ ਗਏ ਸਨ। ਇਸ ਮਾਮਲੇ ਵਿੱਚ ਕੈਪਟਨ ਸਰਕਾਰ ਵੱਲੋਂ ਵੀ ਸਿਟ ਦਾ ਗਠਨ ਕੀਤਾ ਗਿਆ ਸੀ । ਪਰ ਉਸ ਦੀ ਰਿਪੋਰਟ ਨੂੰ 2021 ਵਿੱਚ ਪੰਜਾਬ ਹਰਿਆਣਾ ਹਾਈਕੋਰਟ ਨੇ ਰੱਦ ਕਰ ਦਿੱਤਾ ਸੀ । ਜਿਸ ਤੋਂ ਬਾਅਦ ਅਦਾਲਤ ਨੇ 2 ਵੱਖ ਤੋਂ ਸਿਟ ਬਣਾਉਣ ਦੇ ਨਿਰਦੇਸ਼ ਦਿੱਤੇ ਸਨ। 8 ਮਹੀਨੇ ਪਹਿਲਾਂ ਹੀ ਦੋਵੇ ਸਿਟ ਨੇ ਚਾਰਜਸ਼ੀਟ ਫਾਈਲ ਕੀਤੀ ਸੀ। ਗੋਲੀਕਾਂਡ ਅਤੇ ਬੇਅਦਬੀ ਨੂੰ ਲੈਕੇ 2 ਕਮਿਸ਼ਨ ਵੀ ਬਣ ਚੁੱਕੇ ਹਨ ਪਰ ਹੁਣ ਤੱਕ ਕਿਸੇ ਨੂੰ ਵੀ ਸਜ਼ਾ ਨਹੀਂ ਹੋਈ ਹੈ ।

## ਦਰਪਣ ਝੂਠ ਨਹੀਂ ਬੋਲਦਾ

# ਸਿੱਖ ਪੰਥ ਦੇ ਵਿਰੋਧ ਕਾਰਨ ਮੁੱਖ ਮੰਤਰੀ ਨੇ ਵਾਪਸ ਲਿਆ ਸ਼ਹੀਦੀ ਸਭਾ 'ਚ ਮਾਤਮੀ ਬਿਗਲ ਵਜਾਉਣ ਦਾ ਫ਼ੈਸਲਾ

## ਮੁੱਖ ਮੰਤਰੀ ਮਾਨ ਨੇ ਕਿਹਾ ਸੀ- ਸਿੱਖ ਪੰਥ ਨਾਲ ਕੋਈ ਵਾਦ-ਵਿਵਾਦ ਨਹੀਂ ਚਾਹੁੰਦੇ

## ਜਥੇਦਾਰ ਅਕਾਲ ਤਖ਼ਤ, ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਨੇ ਕੀਤਾ ਸੀ ਵਿਰੋਧ

ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਨੇ ਸਨਮਾਨ ਵਜੋਂ ਸ਼ਹੀਦੀ ਸਭਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਮਾਤਮੀ ਬਿਗਲ ਵਜਾਉਣ ਦਾ ਫ਼ੈਸਲਾ ਵਾਪਸ ਲੈ ਲਿਆ ਹੈ। ਇਹ ਮਾਤਮੀ ਬਿਗਲ 10 ਮਿੰਟ ਲਈ ਵਜਾਇਆ ਜਾਣਾ ਸੀ। ਇਸ ਉਪਰੰਤ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਤੇ ਹੋਰ ਪੰਥਕ ਜਥੇਬੰਦੀਆਂ ਦਲ ਖਾਲਸਾ, ਅਕਾਲੀ ਦਲ ਅੰਮ੍ਰਿਤਸਰ ਤੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਕਮੇਟੀ ਨੇ ਇਸ ਉੱਤੇ ਇਤਰਾਜ਼ ਜਤਾਇਆ ਸੀ ਕਿ ਇਹ ਗੁਰ ਮਰਿਆਦਾ ਅਨੁਸਾਰ ਨਹੀਂ ਹੈ ਅਤੇ ਸਰਕਾਰ ਨੂੰ ਇਹ ਫ਼ੈਸਲਾ ਰੱਦ ਕਰਨਾ ਚਾਹੀਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਫੈਸਲੇ ਨੂੰ ਸਿੱਖ ਸਿਧਾਂਤਾਂ ਦੇ ਨਾ-ਅਨੁਕੂਲ ਕਰਾਰ ਦਿੰਦਿਆਂ ਆਖਿਆ ਸੀ ਕਿ ਪੰਜਾਬ ਸਰਕਾਰ ਨੂੰ ਇਹ ਫੈਸਲਾ ਤੁਰੰਤ ਵਾਪਸ ਲੈ ਕੇ ਸਿੱਖ ਪਰੰਪਰਾਵਾਂ ਦੇ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸ਼ਰਧਾ-ਸਤਿਕਾਰ ਅਰਪਿਤ ਕਰਨਾ ਚਾਹੀਦਾ ਹੈ। ਗਿਆਨੀ ਰਘਬੀਰ ਸਿੰਘ ਨੇ ਆਖਿਆ ਸੀ ਕਿ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਦੇ ਮਾਨਵ ਜਾਤੀ ਲਈ ਲਾਸਾਨੀ ਪਰਉਪਕਾਰ ਨੂੰ ਸ਼ਰਧਾ ਭੇਟ ਕਰਨ ਲਈ ਪੰਜਾਬ ਸਰਕਾਰ ਦੀ ਭਾਵਨਾ ਬੇਸ਼ੱਕ ਸ਼ੁੱਧ ਹੋਵੇ ਪਰ ਸਿੱਖ ਪਰੰਪਰਾ ਵਿਚ 'ਨਿੱਕੀਆਂ ਜਿੰਦਾ, ਵੱਡੇ ਸਾਕੇ' ਕਰਕੇ ਜਾਣੇ ਜਾਂਦੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਮੌਕੇ 'ਮਾਤਮੀ ਬਿਗਲ' ਵਜਾਉਣ ਦਾ ਫੈਸਲਾ ਸ਼ਹਾਦਤ ਦੇ ਲਾਸਾਨੀ ਸਿੱਖ ਸੰਕਲਪ ਨੂੰ ਠੇਸ ਪਹੁੰਚਾਉਣ ਵਾਲਾ ਹੈ।

ਇਸ ਮਾਮਲੇ ਬਾਰੇ ਸਿੱਖਾਂ ਨੇ ਸੋਸ਼ਲ ਮੀਡੀਆ ਉੱਪਰ ਮੁੱਖ ਮੰਤਰੀ ਦਾ ਤਿੱਖਾ ਵਿਰੋਧ ਕੀਤਾ ਸੀ।ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਸੰਬੰਧੀ ਟਵੀਟ ਕਰਦਿਆਂ ਕਿਹਾ ਕਿ 'ਮੈਂ ਇਹ ਬਿਲਕੁਲ ਵੀ ਨਹੀਂ ਚਾਹੁੰਦਾ ਕਿ ਇਹਨਾਂ ਸ਼ਹਾਦਤ ਵਾਲੇ ਦਿਨਾਂ ਵਿੱਚ ਸਮੁੱਚੀਆਂ ਸੰਗਤਾਂ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੂੰ ਨਮਨ ਕਰਨ ਤੋਂ ਇਲਾਵਾ ਕਿਸੇ ਹੋਰ ਵਾਦ-ਵਿਵਾਦ ਵਿੱਚ ਪੈਣ .. ਇਸ ਲਈ ਭਾਵਨਾਵਾਂ ਦੀ ਕਦਰ ਕਰਦੇ ਹੋਏ ਪੰਜਾਬ ਸਰਕਾਰ ਵੱਲੋਂ 27 ਦਸੰਬਰ ਨੂੰ ਸ੍ਰੀ ਫਤਿਹਗੜ੍ਹ



ਸਾਹਿਬ ਵਿਖੇ ਬਿਗਲ ਵਜਾਉਣ ਵਾਲਾ ਫੈਸਲਾ ਵਾਪਸ ਲਿਆ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਬੀਤੇ ਦਿਨੀਂ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਮੌਕੇ 27 ਦਸੰਬਰ ਨੂੰ ਸਵੇਰੇ 10 ਵਜੇ ਤੋਂ 10:10 ਤੱਕ ਮਾਤਮੀ ਬਿਗਲ ਵਜਾਉਣ ਦਾ ਐਲਾਨ ਕੀਤਾ ਸੀ।

ਸਿੱਖ ਪੰਥ ਵਿੱਚ ਕੀ ਸ਼ਹੀਦੀ ਮਾਤਮ ਹੈ ਜਾਂ ਰੱਬੀ ਮਾਰਗ ਉਪਰ ਪ੍ਰੇਮ ਖੇਲਣ ਦਾ ਚਾਉ ਹੈ

ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਸ਼ਹਾਦਤ ਪ੍ਰੇਮ ਖੇਲਣ ਦਾ ਚਾਉ ਹੈ ਲੋਕ ਹਿਤ ਮਿਸ਼ਨ ਹੈ, ਧਰਮ ਦੀ ਚੜ੍ਹਦੀ ਕਲਾ ਲਈ ਹੈ। ਇਹ ਮਾਤਮ ਨਹੀਂ ,ਵਾਹਿਗੁਰੂ ਦੀ ਰਜ਼ਾ 'ਚ ਸਿੱਖ ਪੰਥ ਦਾ ਸ਼ੁਭ ਕਰਮ ਹੈ। ਸ਼ਹੀਦ ਉਹ ਅਦੁੱਤੀ ਸ਼ਖਸੀਅਤ ਹੁੰਦਾ ਹੈ ਜਿਹੜਾ ਮੌਤ ਦੇ ਭੈਅ ਤੋਂ ਕੋਹਾਂ ਦੂਰ ਹੁੰਦਾ ਹੈ। ਇਸੇ ਪ੍ਰੇਮ ਖੇਡ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੰਗਾਰਿਆ ਹੈ-

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ ਪੰਨਾ 1412

ਗੁਰਬਾਣੀ ਵਿੱਚ ਸ਼ਹਾਦਤ ਲਈ ਪ੍ਰੇਰਿਆ ਗਿਆ ਹੈ। ਮੌਤ ਦਾ ਡਰ ਖਤਮ ਕਰਕੇ ਮਨੁੱਖ ਨੂੰ ਹਕੂਮਤ ਜਾਂ ਜ਼ੁਲਮ ਵੱਲੋਂ ਹੋਣ ਵਾਲੇ ਅੰਜਾਮ ਤੋਂ ਬੇਨਿਆਜ਼ ਕੀਤਾ ਹੈ। ਇਹ ਮੌਤ ਦਾ ਡਰ ਰਬ ਦੇ ਭੈਅ ਸਨਮੁਖ ਨਿਗੂਣਾ ਹੋ ਜਾਂਦਾ ਹੈ:

ਡਡਾ ਡਰ ਉਪਜੇ ਡਰੁ ਜਾਈ ॥ ਤਾ ਡਰ ਮਹਿ ਡਰੁ ਰਹਿਆ ਸਮਾਈ ॥ ਜਉ ਡਰ ਡਰੈ ਤਾ ਫਿਰ ਡਰੁ ਲਾਗੈ ॥ ਨਿਡਰ ਹੂਆ ਡਰੁ ਉਰ ਹੋਇ ਭਾਗੈ ॥ ( ਪੰਨਾ 327)

ਸਿੱਖ ਤਾਂ ਸਤਿਗੁਰੂ ਦੇ ਚਰਨ-ਕਮਲਾਂ ਦਾ ਭੌਰਾ ਹੈ ਅਤੇ ਇਸ ਮੌਜ ਵਿਚ ਹਮੇਸ਼ਾ ਰਹਿੰਦਾ ਹੈ।

ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਸਮੇਂ ਸਿੱਖੀ ਦਾ ਵਧਦਾ ਰਸੂਖ ਜਹਾਂਗੀਰ ਨੂੰ ਨਾ ਭਾਇਆ। ਉਸ ਨੇ ਇਸ ਨੂੰ ਇਸਲਾਮ ਧਰਮ ਅਤੇ ਉਸ ਦੀ ਆਪਣੀ ਸਲਤਨਤ ਨੂੰ ਚੈਲਿੰਜ ਜਾਣਿਆ। ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਤਸੀਹੇ ਦਿੱਤੇ, ਤਾਂ ਕਿ ਗੁਰੂ ਜੀ ਆਪਣਾ ਧਰਮ ਤਿਆਗ ਕੇ ਇਸਲਾਮ ਕਬੂਲ ਕਰ ਲੈਣ, ਪਰੰਤੂ ਗੁਰੂ ਜੀ ਅਡੋਲ ਡਟੇ ਰਹੇ ਅਤੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਾ ਜਾਮ ਪੀ ਗਏ। ਇਹੋ ਸਾਖੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਮੇਂ ਦੁਹਰਾਈ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ ਸਰਬੰਸਦਾਨੀ ਹੋ ਨਿਬੜੇ। ਉਨ੍ਹਾਂ ਤੋਂ ਇਲਾਵਾ ਉਨ੍ਹਾਂ ਦੇ ਚਾਰ ਸਾਹਿਬਜ਼ਾਦੇ ਅਤੇ ਮਾਤਾ ਜੀ ਵੀ ਸ਼ਹੀਦੀ ਨੂੰ ਪ੍ਰਾਪਤ ਹੋਏ। ਸ਼ਹੀਦੀ ਪਰੰਪਰਾ ਦੀ ਨੀਂਹ ਪੱਕੀ ਹੋ ਗਈ।

(ਬਾਕੀ ਸਫ਼ਾ 30 'ਤੇ)

# ਕੀ ਚੀਨ ਕਰੇਗਾ ਪਰਮਾਣੂ ਪ੍ਰੀਖਣ ?

## ਗੁਪਤ ਤਰੀਕੇ ਨਾਲ ਬਣਾਇਆ ਪਰਮਾਣੂ ਬੇਸ, ਸੈਟੇਲਾਈਟ ਫ਼ੋਟੋਆਂ ਕਾਰਨ ਤਣਾਅ 'ਚ ਅਮਰੀਕਾ

ਚੀਨ ਨੇ ਲਗਭਗ ਛੇ ਦਹਾਕੇ ਪਹਿਲਾਂ ਲੋਪ ਨੂਰ ਵਿੱਚ ਪਰਮਾਣੂ ਬੰਬ ਦਾ ਪ੍ਰੀਖਣ ਕੀਤਾ ਸੀ, ਉੱਥੇ ਤਾਜ਼ਾ ਗਤੀਵਿਧੀਆਂ ਨੇ ਅਮਰੀਕਾ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਦੇ ਅਨੁਸਾਰ, ਇੱਕ ਡ੍ਰਿਲਿੰਗ ਰਿਗ ਨਾਲ ਜ਼ਮੀਨ ਵਿੱਚ ਇੱਕ ਮੋਰੀ ਕੀਤੀ ਹੈ, ਜੋ ਸੰਭਾਵਿਤ ਤੌਰ 'ਤੇ 500 ਮੀਟਰ ਤੋਂ ਵੱਧ ਡੂੰਘਾ ਹੈ। ਅਮਰੀਕਾ ਵੱਲੋਂ ਇਸ ਗੱਲ ਉੱਪਰ ਚਿੰਤਾ ਜਤਾਈ ਜਾ ਰਹੀ ਹੈ ਕਿ ਚੀਨ ਇੱਕ ਨਵੇਂ ਪ੍ਰਮਾਣੂ ਹਥਿਆਰ ਦਾ ਪ੍ਰੀਖਣ ਕਰ ਸਕਦਾ ਹੈ, ਜਿਸ ਨਾਲ ਉਸ ਦੇ ਪ੍ਰਮਾਣੂ ਹਥਿਆਰਾਂ ਦੀ ਘਾਤਕਤਾ ਵਿੱਚ ਵਾਧਾ ਹੋਵੇਗਾ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਿਲਟਰੀ ਕੰਪਲੈਕਸ ਦੀਆਂ ਸੈਟੇਲਾਈਟ ਤਸਵੀਰਾਂ ਤੋਂ ਤਾਜ਼ਾ ਬੋਰਹੋਲ ਦਾ ਖੁਲਾਸਾ ਕਰਦੀਆਂ ਹਨ। ਇਹ ਬੋਰਹੋਲ ਪ੍ਰਮਾਣੂ ਧਮਾਕਿਆਂ ਦੇ ਖਤਰਨਾਕ ਨਤੀਜਿਆਂ ਨੂੰ ਰੋਕਣ ਲਈ ਸਮਰੱਥ ਜਾਪਦੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਿਲਟਰੀ ਕੰਪਲੈਕਸ ਵਿੱਚ ਕਈ ਸੁਧਾਰ ਅਤੇ ਅਪਗ੍ਰੇਡ ਕੀਤੇ ਗਏ ਹਨ। ਕਾਰਨੇਗੀ ਐਂਡੋਮੈਂਟ ਫਾਰ ਇੰਟਰਨੈਸ਼ਨਲ ਪੀਸ ਦੇ ਟੋਂਗ ਝਾਓ ਸਮੇਤ ਬਹੁਤ ਸਾਰੇ ਪ੍ਰਮਾਣੂ ਮਾਹਿਰ, ਇਸ ਸਬੂਤ ਨੂੰ ਲੋਪ ਨੂਰ ਵਿਖੇ ਫਿਰ ਤੋਂ ਪ੍ਰਮਾਣੂ ਪ੍ਰੀਖਣ ਕਰਨ ਦੀਆਂ ਤਿਆਰੀਆਂ ਵਜੋਂ ਮੰਨਦੇ ਹਨ।

ਲਾਸ ਅਲਾਮੋਸ ਹਥਿਆਰ ਪ੍ਰਯੋਗਸ਼ਾਲਾ ਦੇ ਸਾਬਕਾ ਨਿਰਦੇਸ਼ਕ, ਸੀਗਫ੍ਰਾਈਡ ਐਸ. ਹੇਕਰ ਨੇ ਕਿਹਾ ਕਿ ਇੱਕ ਵਾਰ ਫਿਰ ਤੋਂ ਲੋਪ ਨੂਰ ਵਿਖੇ ਇੰਨਾ ਜ਼ਿਆਦਾ ਨਿਰਮਾਣ ਅਸਾਧਾਰਨ ਹੈ। ਚੀਨ ਦੀ ਸਰਗਰਮੀ ਅਮਰੀਕਾ ਅਤੇ ਰੂਸ ਨਾਲੋਂ ਵੱਖਰੀ ਹੈ। ਉਸਨੇ ਕਿਹਾ ਕਿ ਰੂਸੀਆਂ ਅਤੇ ਅਮਰੀਕੀਆਂ ਨੇ ਆਪਣੇ ਟੈਸਟਿੰਗ ਸਾਈਟਾਂ 'ਤੇ ਸਰਗਰਮੀ ਜਾਰੀ ਰੱਖੀ ਹੈ ਪਰ ਬਹੁਤਾ ਕੁਝ ਨਹੀਂ ਕੀਤਾ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਲੋਪ ਨੂਰ ਦੀ ਗਤੀਵਿਧੀ ਦਰਸਾਉਂਦੀ ਹੈ ਕਿ ਚੀਨ ਨੇ ਆਪਣੀ ਪਰਮਾਣੂ ਸਥਾਪਨਾ ਦਾ ਵਿਆਪਕ ਤੌਰ 'ਤੇ ਆਧੁਨਿਕੀਕਰਨ ਕੀਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਚਿਤਾਵਨੀ ਦਿੱਤੀ ਕਿ ਹਥਿਆਰਾਂ ਦੇ ਨਿਰਮਾਣ ਵਿੱਚ ਵਾਧਾ ਹੋ ਸਕਦਾ ਹੈ ਅਤੇ ਸੰਭਵ ਹੈ ਕਿ ਪ੍ਰਮਾਣੂ ਪ੍ਰੀਖਣ ਦਾ ਨਵਾਂ ਦੌਰ ਸ਼ੁਰੂ ਹੋ ਜਾਵੇ।

ਵਿਸ਼ਲੇਸ਼ਕਾਂ ਨੇ ਇਹ ਵੀ ਚਿਤਾਵਨੀ ਦਿੱਤੀ ਹੈ ਕਿ ਚੀਨ ਦੀਆਂ ਹੋਰ ਪਰਮਾਣੂ ਸ਼ਕਤੀਆਂ ਨਾਲ ਮਿਲ ਕੇ ਕੀਤੀਆਂ ਗਈਆਂ ਕਾਰਵਾਈਆਂ 1996 ਦੇ ਗਲੋਬਲ ਟੈਸਟ ਪਾਬੰਦੀ ਨੂੰ ਕਮਜ਼ੋਰ ਕਰ ਸਕਦੀਆਂ ਹਨ। ਅਮਰੀਕਾ ਨਾਲ ਤਣਾਅਪੂਰਨ ਸਬੰਧਾਂ ਦਰਮਿਆਨ ਚੀਨ ਦੀਆਂ ਗਤੀਵਿਧੀਆਂ ਚਿੰਤਾ ਦਾ ਵਿਸ਼ਾ ਹਨ। ਯੂ.ਐਸ. ਖੁਫ਼ੀਆ ਏਜੰਸੀਆਂ ਨੇ ਸਾਲਾਂ ਤੋਂ ਲੋਪ ਨੂਰ ਬੇਸ ਦੇ ਵਿਕਾਸ ਦੀ ਨਿਗਰਾਨੀ ਕੀਤੀ ਹੈ। ਉਸ ਨੇ ਇੱਥੇ ਉਸਾਰੀ ਨੂੰ ਸਵੀਕਾਰ ਕਰ ਲਿਆ ਹੈ। ਪਰ ਉਹ ਅਜੇ ਵੀ ਇਸ ਦੇ ਸਹੀ ਉਦੇਸ਼ ਬਾਰੇ ਅਨਿਸ਼ਚਿਤ ਹੈ। ਚੀਨੀ ਵਿਦੇਸ਼ ਮੰਤਰਾਲੇ ਨੇ ਲੋਪ ਨੂਰ ਦੇ ਅਪਗ੍ਰੇਡ ਹੋਣ ਬਾਰੇ ਪੁੱਛੇ ਗਏ ਸਵਾਲ ਨੂੰ ਖਾਰਜ ਕਰ ਦਿੱਤਾ ਅਤੇ ਇਸ ਨੂੰ ਬੇਬੁਨਿਆਦ ਅਤੇ ਡਰ ਪੈਦਾ ਕਰਨ ਵਾਲਾ ਦੱਸਿਆ ਹੈ।

(ਬਾਕੀ ਸਫ਼ਾ 30 'ਤੇ)

## ਮਾਇਆਵਤੀ 'ਇੰਡੀਆ' ਜਾਂ ਐਨ.ਡੀ.ਏ. ਦੇ ਗੱਠਜੋੜ ਵਿੱਚ ਜਾਣ ਤੋਂ ਇਨਕਾਰੀ

ਬਸਪਾ ਸੰਸਦ ਮੈਂਬਰਾਂ ਦੀ ਰਾਏ ਹੈ ਕਿ ਪਾਰਟੀ ਨੂੰ ਵਿਰੋਧੀ ਧਿਰ ਦੇ 'ਇੰਡੀਆ' ਗੱਠਜੋੜ ਵਿੱਚ ਸ਼ਾਮਿਲ ਹੋ ਜਾਣਾ ਚਾਹੀਦਾ ਹੈ, ਪਰ ਬਸਪਾ ਸੁਪਰੀਮੋ ਮਾਇਆਵਤੀ ਨੇ 'ਇੰਡੀਆ' ਜਾਂ ਐਨ.ਡੀ.ਏ. ਨਾਲ ਕਿਸੇ ਵੀ ਤਰ੍ਹਾਂ ਦੇ ਗੱਠਜੋੜ ਵਿੱਚ ਜਾਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਉਹ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਦੇ ਨਿਰੀਖਣ ਲਈ ਜਲਦ ਹੀ ਉੱਤਰ ਪ੍ਰਦੇਸ਼ ਦਾ ਦੌਰਾ ਕਰ ਸਕਦੀ ਹੈ। ਮਾਇਆਵਤੀ ਨੂੰ ਉਮੀਦ ਹੈ ਕਿ ਜ਼ਮੀਨੀ ਪੱਧਰ 'ਤੇ ਪਾਰਟੀ ਵਰਕਰਾਂ ਕੋਲੋਂ ਸਿੱਧਾ ਫ਼ੀਡਬੈਕ ਮਿਲਣ ਨਾਲ ਪਾਰਟੀ ਨੂੰ ਰਣਨੀਤੀ ਬਣਾਉਣ ਅਤੇ ਉਮੀਦਵਾਰ ਤੈਅ ਕਰਨ ਵਿੱਚ ਮਦਦ ਮਿਲੇਗੀ।



ਇਸ ਨਾਲ ਚੋਣ ਰਣਨੀਤੀ 'ਚ ਵੱਡਾ ਬਦਲਾਅ ਆ ਸਕਦਾ ਹੈ। ਮਾਇਆਵਤੀ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਅਤੇ 2023 ਦੀਆਂ ਸ਼ਹਿਰੀ ਸਥਾਨਕ ਚੋਣਾਂ ਲਈ ਪ੍ਰਚਾਰ ਨਹੀਂ ਕੀਤਾ ਸੀ। ਉੱਤਰ ਪ੍ਰਦੇਸ਼ 'ਚ ਪਾਰਟੀ ਸਾਹਮਣੇ ਸਭ ਤੋਂ ਵੱਡੀਆਂ ਚੁਣੌਤੀਆਂ 'ਚੋਂ ਇੱਕ ਨਾ ਸਿਰਫ਼ ਪੂਰੀਆਂ ਸੀਟਾਂ ਜਿੱਤਣਾ ਹੈ, ਸਗੋਂ ਜੋ ਸੀਟਾਂ ਉਸ ਦੇ ਕੋਲ ਹਨ, ਉਨ੍ਹਾਂ ਨੂੰ ਬਰਕਰਾਰ ਰੱਖਣਾ ਵੀ ਹੈ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਨੇ 10 ਸੀਟਾਂ ਜਿੱਤੀਆਂ ਸਨ ਅਤੇ 2014 'ਚ ਉਸ ਦੀ ਝੋਲੀ ਵਿੱਚ ਇੱਕ ਵੀ ਸੀਟ ਨਹੀਂ ਸੀ ਆਈ, ਜਦੋਂ ਕਿ 2009 ਵਿੱਚ ਉਸ ਨੇ ਯੂ.ਪੀ. ਦੀਆਂ 20 ਸੀਟਾਂ ਜਿੱਤੀਆਂ ਸਨ।

# ਕੀ 2024 ਵਿੱਚ ਮੋਦੀ ਨੂੰ ਕੋਈ ਚੁਣੌਤੀ ਨਹੀਂ ?

2014 ਵਿੱਚ ਭਾਜਪਾ ਸੁਪਰੀਮੋ ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚੋਣ ਰਣਨੀਤੀਕਾਰ ਰਹੇ ਪ੍ਰਸ਼ਾਂਤ ਕਿਸ਼ੋਰ ਨੇ ਹੁਣ ਕਾਂਗਰਸ ਦੇ ਚੋਣ ਰਣਨੀਤੀਕਾਰ ਬਣਨ ਦੀ ਪੇਸ਼ਕਸ਼ ਕੀਤੀ ਹੈ। ਪਰ ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਭਵਿੱਖਬਾਣੀ ਕੀਤੀ ਹੈ ਕਿ 2024 ਵਿੱਚ ਨਰਿੰਦਰ ਮੋਦੀ ਦੇ ਰਾਹ ਵਿੱਚ ਕੋਈ ਰੁਕਾਵਟ ਨਹੀਂ ਆਵੇਗੀ। ਨਿਤੀਸ਼ ਕੁਮਾਰ, ਮਮਤਾ ਬੈਨਰਜੀ, ਜਗਨਮੋਹਨ ਰੈਡੀ, ਸਟਾਲਿਨ ਅਤੇ ਕੇਜਰੀਵਾਲ ਦੇ ਚੋਣ ਰਣਨੀਤੀਕਾਰ ਰਹੇ ਪ੍ਰਸ਼ਾਂਤ ਕਿਸ਼ੋਰ 2017 ਦੀਆਂ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੇ ਰਣਨੀਤੀਕਾਰ ਵੀ ਸਨ। ਪੰਜਾਬ



ਵਿੱਚ ਕਾਂਗਰਸ ਦੀ ਜਿੱਤ ਹੋਈ ਸੀ, ਪਰ ਉੱਤਰ ਪ੍ਰਦੇਸ਼ ਵਿੱਚ ਕਾਂਗਰਸ ਪੂਰੀ ਤਰ੍ਹਾਂ ਫੇਲ੍ਹ ਹੋ ਗਈ ਸੀ। ਪ੍ਰਸ਼ਾਂਤ ਕਿਸ਼ੋਰ ਦਾ ਕਾਂਗਰਸ ਨਾਲ ਕੰਮ ਕਰਨ ਦਾ ਤਜਰਬਾ ਚੰਗਾ ਨਹੀਂ ਰਿਹਾ। 2018 ਵਿੱਚ ਉਨ੍ਹਾਂ ਨੇ ਜੇਡੀਯੂ ਦੀ ਮੈਂਬਰਸ਼ਿਪ ਲਈ ਸੀ ਪਰ ਨਿਤੀਸ਼ ਕੁਮਾਰ ਨਾਲ ਉਨ੍ਹਾਂ ਦਾ ਤਜਰਬਾ ਵੀ ਚੰਗਾ ਨਹੀਂ ਰਿਹਾ। ਇਸ ਲਈ, ਢਾਈ ਸਾਲਾਂ ਬਾਅਦ, ਜਨਵਰੀ 2021 ਵਿੱਚ, ਉਸਨੇ ਜੇਡੀਯੂ ਤੋਂ ਅਸਤੀਫ਼ਾ ਦੇ ਦਿੱਤਾ ਸੀ। ਜੇਡੀਯੂ ਛੱਡਣ ਤੋਂ ਬਾਅਦ ਉਹ ਆਪਣੀਆਂ ਸ਼ਰਤਾਂ 'ਤੇ ਕਾਂਗਰਸ ਵਿੱਚ ਸ਼ਾਮਲ ਹੋਣਾ ਚਾਹੁੰਦੇ ਸਨ, ਉਨ੍ਹਾਂ ਨਾਲ ਲੰਬੀ ਗੱਲਬਾਤ ਹੋਈ, ਪਰ ਕਾਂਗਰਸ ਉਨ੍ਹਾਂ ਦੀਆਂ ਸ਼ਰਤਾਂ ਮੰਨਣ ਲਈ ਤਿਆਰ ਨਹੀਂ ਸੀ। ਉਹ ਇੱਕ ਚੰਗੇ ਚੋਣ ਰਣਨੀਤੀਕਾਰ ਹਨ, ਪਰ ਉੱਤਰ ਪ੍ਰਦੇਸ਼ ਵਿੱਚ, ਉਹ ਭਾਜਪਾ ਦੇ ਰਣਨੀਤੀਕਾਰ ਅਮਿਤ ਸ਼ਾਹ ਸਾਹਮਣੇ ਟਿਕ ਨਹੀਂ ਸਕੇ ਸਨ। ਜਦ ਕਿ ਭਾਰਤੀ ਜਨਤਾ ਪਾਰਟੀ ਨੇ ਸਪੱਸ਼ਟ ਬਹੁਮਤ ਨਾਲ ਸਰਕਾਰ ਬਣਾ ਲਈ ਸੀ, ਪਰ ਕਾਂਗਰਸ ਮੁੱਖ ਵਿਰੋਧੀ ਪਾਰਟੀ ਵੀ ਨਹੀਂ ਬਣ ਸਕੀ ਸੀ।

ਹਾਲੀਆ ਇੰਡੀਆ ਟੂਡੇ ਓਪੀਨੀਅਨ ਪੋਲ ਨੇ ਵੀ ਭਵਿੱਖਬਾਣੀ ਕੀਤੀ ਹੈ ਕਿ ਭਾਜਪਾ ਨੂੰ 2024 ਵਿੱਚ ਸਪੱਸ਼ਟ ਬਹੁਮਤ ਮਿਲੇਗਾ। ਪ੍ਰਸ਼ਾਂਤ ਕਿਸ਼ੋਰ ਦਾ ਚੋਣ ਮੁਲਾਂਕਣ ਇਸ ਲਈ ਮਾਇਨੇ ਰੱਖਦਾ ਹੈ ਕਿਉਂਕਿ ਜਦੋਂ ਅਮਿਤ ਸ਼ਾਹ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿੱਚ 200 ਸੀਟਾਂ ਜਿੱਤਣ ਦਾ ਦਾਅਵਾ ਕਰ ਰਹੇ ਸਨ ਤਾਂ ਜ਼ਿਆਦਾਤਰ ਚੋਣ ਸਰਵੇਖਣ ਵੀ ਭਾਜਪਾ ਦੀ ਜਿੱਤ ਜਾਂ ਜਿੱਤ ਦੇ ਨੇੜੇ ਆਉਣ ਦਾ ਦਾਅਵਾ ਕਰ ਰਹੇ ਸਨ ਪਰ

(ਬਾਕੀ ਸਫ਼ਾ 30 'ਤੇ)

# ਕੀ ਪੰਥਕ ਸਿਆਸਤ 'ਚ ਆਈ ਖੜੋਤ ਨੂੰ ਦੂਰ ਕਰ ਸਕੇਗਾ ਅਕਾਲੀ ਦਲ ?

## ਬਾਦਲ ਦਲ ਮੁੜ ਪੰਥਕ ਪੱਤਾ ਖੇਡਣ ਦੀ ਤਾਕ 'ਚ ?





ਪੰਜਾਬ ਦੀ ਸਿਆਸਤ ਵਿੱਚ ਭਾਵੇਂ ਲਗਾਤਾਰ ਸਰਗਰਮੀਆਂ ਹੋ ਰਹੀਆਂ ਹਨ ਪਰ ਪੰਥਕ ਸਿਆਸਤ ਵਿੱਚ ਸਰਗਰਮੀਆਂ ਨਾਂਹ ਦੇ ਬਰਾਬਰ ਹਨ। ਭਾਵੇਂ ਕਿ ਬਾਦਲ ਦਲ ਵਿਰੋਧੀ ਕਈ ਪੰਥਕ ਆਗੂ ਸਰਗਰਮ ਹਨ ਪਰ ਉਹ ਅਜੇ ਅਕਾਲੀ ਦਲ ਬਾਦਲ ਦਾ ਬਦਲ ਬਣਨ ਵਿੱਚ ਕਾਮਯਾਬ ਨਹੀਂ ਹੋ ਸਕੇ।

ਹੁਣ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਬੇਅਦਬੀ ਮੁੱਦੇ 'ਤੇ ਪੰਥ ਕੋਲੋਂ ਮੁਆਫ਼ੀ ਮੰਗ ਲੈਣ ਨਾਲ ਕਿਆਸ ਅਰਾਈਆਂ ਦਾ ਦੌਰ ਸ਼ੁਰੂ ਹੋ ਗਿਆ ਹੈ ਕਿ ਅਕਾਲੀ ਦਲ ਬਾਦਲ ਪਹਿਲਾਂ ਵਾਂਗ ਹੀ ਮੁੜ ਪੰਥਕ ਪਾਰਟੀ ਬਣਨ ਦੇ ਰਾਹ ਪੈ ਗਿਆ ਹੈ।

ਜ਼ਿਕਰਯੋਗ ਹੈ ਕਿ ਕੁਝ ਦਹਾਕੇ ਪਹਿਲਾਂ ਤੱਕ ਅਕਾਲੀ ਦਲ ਨੂੰ ਪੰਥਕ ਪਾਰਟੀ ਹੀ ਕਿਹਾ ਜਾਂਦਾ ਸੀ ਅਤੇ ਪੰਜਾਬ ਦੀ ਸਿਆਸਤ ਵਿੱਚ ਪੰਥਕ ਸਿਆਸਤ ਦਾ ਉੱਘਾ ਯੋਗਦਾਨ ਹੁੰਦਾ ਸੀ ਪਰ ਕਈ ਸਾਲ ਪਹਿਲਾਂ ਮੋਗਾ ਰੈਲੀ ਦੌਰਾਨ ਉਸ ਸਮੇਂ ਦੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਕਾਲੀ ਦਲ ਨੂੰ ਪੰਥਕ ਪਾਰਟੀ ਦੀ ਥਾਂ ਸਾਰੇ ਪੰਜਾਬੀਆਂ ਦੀ ਪਾਰਟੀ ਬਣਾ ਦਿੱਤਾ ਗਿਆ ਸੀ ਅਤੇ ਉਸ ਤੋਂ ਬਾਅਦ ਗੈਰ ਸਿੱਖ ਆਗੂਆਂ ਨੂੰ ਵੀ ਅਕਾਲੀ ਦਲ ਵਿੱਚ ਚੰਗੇ ਅਹੁਦੇ ਦੇਣੇ ਸ਼ੁਰੂ ਕਰ ਦਿੱਤੇ ਸਨ, ਜਿਸ ਕਾਰਨ ਅਕਾਲੀ ਦਲ ਬਾਦਲ ਦਾ ਮੁਹਾਂਦਰਾ ਹੀ ਬਦਲ ਗਿਆ ਸੀ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਪੰਜਾਬ ਵਿੱਚ ਅਕਾਲੀ ਦਲ ਪੰਥਕ ਪਾਰਟੀ ਦੀ ਥਾਂ ਪੰਜਾਬੀਆਂ ਦੀ ਪਾਰਟੀ ਵਜੋਂ ਵਿਚਰ ਰਿਹਾ ਹੈ। ਪੰਜਾਬ ਵਿੱਚ ਭਾਵੇਂ ਅਨੇਕਾਂ ਪੰਥਕ ਪਾਰਟੀਆਂ ਸਰਗਰਮ ਹਨ ਪਰ ਉਹਨਾਂ ਵਿਚੋਂ ਕੋਈ ਵੀ ਪੰਥਕ ਪਾਰਟੀ ਅਕਾਲੀ ਦਲ ਦਾ ਸਥਾਨ ਨਹੀਂ ਲੈ ਸਕੀ। ਇਸ ਤੋਂ ਇਲਾਵਾ ਵੱਖ ਵੱਖ ਪੰਥਕ ਪਾਰਟੀਆਂ ਏਕਾ ਕਰਕੇ ਅਕਾਲੀ ਦਲ ਦਾ ਮੁਕਾਬਲਾ ਕਰਨ ਦੀ ਥਾਂ ਆਪੋ ਆਪਣੀ ਬੋਲੀ ਬੋਲ ਰਹੀਆਂ ਹਨ, ਜਿਸ ਕਾਰਨ ਵੀ ਅਕਾਲੀ ਦਲ ਵਲੋਂ ਪੰਥਕ ਸਿਆਸਤ ਵਿੱਚ ਖ਼ਾਲੀ ਕੀਤੀ ਹੋਈ ਥਾਂ ਨੂੰ ਕੋਈ ਹੋਰ ਪੰਥਕ ਪਾਰਟੀ ਨਹੀਂ ਭਰ ਸਕੀ।

ਲੋਕ ਸਭਾ ਚੋਣਾਂ 1989 ਵਿੱਚ ਜਦੋਂ ਪੰਜਾਬ ਦੇ ਲੋਕਾਂ ਨੇ ਅਕਾਲੀ ਦਲ ਮਾਨ ਨੂੰ ਭਰਪੂਰ ਹੁੰਗਾਰਾ ਭਰਿਆ ਸੀ ਤਾਂ ਮਾਨ ਦਲ ਨੂੰ ਅਕਾਲੀ ਦਲ ਬਾਦਲ ਤੋਂ ਬਾਅਦ ਪੰਥਕ ਪਾਰਟੀ ਮੰਨਿਆ ਜਾਣ ਲੱਗਿਆ ਸੀ ਪਰ ਮਾਨ ਦਲ ਪੰਥਕ ਹਿੱਤਾਂ 'ਤੇ ਲਗਾਤਾਰ ਪਹਿਰਾ ਨਹੀਂ ਦੇ ਸਕਿਆ ਅਤੇ ਮਾਨ ਦਲ ਦਾ ਇਸ ਸਮੇਂ ਜੋ ਹਾਲ ਹੈ, ਉਹ ਸਭ ਦੇ ਸਾਹਮਣੇ ਹੈ। ਮਾਨ ਦਲ ਤੋਂ ਬਾਅਦ ਹੋਰ ਵੀ ਅਨੇਕਾਂ ਪੰਥਕ ਪਾਰਟੀਆਂ ਹੋਂਦ ਵਿੱਚ ਆਈਆਂ ਪਰ ਉਹਨਾਂ ਦਾ ਦਾਇਰਾ ਸੀਮਿਤ ਹੋਣ ਕਾਰਨ ਉਹ ਅਕਾਲੀ ਦਲ ਦੀ ਥਾਂ ਨਹੀਂ ਲੈ ਸਕੀਆਂ। ਇਸੇ ਕਾਰਨ ਹੁਣ ਇੱਕ ਵਾਰ ਫਿਰ ਅਕਾਲੀ ਦਲ ਬਾਦਲ ਵੱਲੋਂ ਪੰਥਕ ਰੂਪ ਅਖਤਿਆਰ ਕਰਨ ਦੀਆਂ ਕਨਸੋਆਂ ਮਿਲ ਰਹੀਆਂ ਹਨ।

ਪੰਜਾਬ ਵਿੱਚ ਪੰਥਕ ਵੋਟਾਂ ਦੀ ਗਿਣਤੀ ਬਹੁਤ ਜਿਆਦਾ ਹੈ। ਪੰਜਾਬ ਵਿੱਚ ਵੱਡੀ ਗਿਣਤੀ ਵੋਟਰ ਅਜਿਹੇ ਹਨ ਜੋ ਕਿ ਪੰਥ ਦੇ ਨਾਂਅ 'ਤੇ ਵੋਟ ਪਾਉਂਦੇ ਹਨ। ਇਸੇ ਕਾਰਨ ਹਰ ਸਿਆਸੀ ਪਾਰਟੀ ਪੱਕੀਆਂ ਸਮਝੀਆਂ ਜਾਂਦੀਆਂ ਪੰਥਕ ਵੋਟਾਂ ਨੂੰ ਲੈਣ ਲਈ ਸਰਗਰਮ ਰਹਿੰਦੀ ਹੈ।

ਅਜਿਹੀਆਂ ਪੰਥਕ ਵੋਟਾਂ ਕਿਸੇ ਵੀ ਉਮੀਦਵਾਰ ਦੀ ਜਿੱਤ ਹਾਰ ਦਾ ਫੈਸਲਾ ਕਰਨ ਦੇ ਸਮਰੱਥ ਹੁੰਦੀਆਂ ਹਨ। ਅਕਾਲੀ ਦਲ ਬਾਦਲ ਬਾਰੇ ਵਿਰੋਧੀ ਆਗੂ ਕਹਿੰਦੇ ਹਨ ਕਿ ਅਕਾਲੀ ਦਲ ਜਦੋਂ ਵਿਰੋਧੀ ਧਿਰ ਵਿੱਚ ਹੁੰਦਾ ਹੈ ਤਾਂ ਇਸ ਨੂੰ ਪੰਥਕ ਮੁੱਦੇ ਯਾਦ ਆ ਜਾਂਦੇ ਹਨ ਅਤੇ ਚੋਣਾਂ ਜਿੱਤਣ ਤੋਂ ਬਾਅਦ ਅਕਾਲੀ ਦਲ ਬਾਦਲ ਵੱਲੋਂ ਪੰਥਕ ਮੁੱਦੇ ਫਿਰ ਠੰਡੇ ਬਸਤੇ ਵਿੱਚ ਪਾ ਦਿੱਤੇ ਜਾਂਦੇ ਹਨ ਭਾਵ ਅਗਲੀਆਂ ਚੋਣਾਂ ਲਈ ਸਾਂਭ ਲਿਆ ਜਾਂਦਾ ਹੈ। ਦੂਜੇ ਪਾਸੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਕੋਈ ਵੀ ਪੰਥਕ ਪਾਰਟੀ ਅਕਾਲੀ ਦਲ ਬਾਦਲ ਦਾ ਪੂਰੀ ਤਰਾਂ ਬਦਲ ਨਹੀਂ ਬਣ ਸਕੀ, ਜਿਸ ਕਰਕੇ ਪੰਜਾਬ ਵਿੱਚ ਆਪਣਾ ਖੋਇਆ ਹੋਇਆ ਆਧਾਰ ਮੁੜ ਕਾਇਮ ਕਰਨ ਲਈ ਅਕਾਲੀ ਦਲ ਬਾਦਲ ਵੱਲੋਂ ਮੁੜ ਪੰਥਕ ਪੱਤਾ ਖੇਡਣ ਦੇ ਆਸਾਰ ਬਣ ਗਏ ਹਨ।

ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਬੰਧੀ ਹੋ ਰਹੀਆਂ ਸਰਗਰਮੀਆਂ ਕਾਰਨ ਵੀ ਅਕਾਲੀ ਦਲ ਬਾਦਲ ਵੱਲੋਂ ਪੰਥਕ ਰੂਪ ਅਖਤਿਆਰ ਕੀਤੇ ਜਾਣ ਦੀ ਸੰਭਾਵਨਾ ਬਣੀ ਹੋਈ ਹੈ।

ਪੰਜਾਬ ਵਿੱਚ ਭਾਵੇਂ ਅਕਾਲੀ ਦਲ ਦੇ ਕਈ ਗਰੁੱਪ ਸਰਗਰਮ ਹਨ ਪਰ ਸਭ ਤੋਂ ਸ਼ਕਤੀਸ਼ਾਲੀ ਅਕਾਲੀ ਦਲ ਉਹੀ ਮੰਨਿਆ ਜਾਂਦਾ ਹੈ, ਜਿਸ ਦਾ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਹੋਵੇ। ਇਸੇ ਕਾਰਨ ਸ਼੍ਰੋਮਣੀ ਕਮੇਟੀ ਚੋਣਾਂ ਲਈ ਬਾਦਲ ਦਲ ਸਮੇਤ ਸਾਰੀਆਂ ਪੰਥਕ ਧਿਰਾਂ ਸਰਗਰਮ ਹੋ ਚੁੱਕੀਆਂ ਹਨ। ਇਹ ਤਾਂ ਹੁਣ ਸਮਾਂ ਹੀ ਦੱਸੇਗਾ ਕਿ ਅਕਾਲੀ ਦਲ ਬਾਦਲ ਪੰਥਕ ਪਾਰਟੀ ਵਜੋਂ ਕਿੰਨਾ ਕੁ ਸਫ਼ਲ ਰਹਿੰਦਾ ਹੈ ਜਾਂ ਕੋਈ ਹੋਰ ਪੰਥਕ ਪਾਰਟੀ ਬਾਦਲ ਦਲ ਨੂੰ ਠਿੱਬੀ ਲਾ ਜਾਂਦੀ ਹੈ।

## ਰਵਾਇਤੀ ਪਾਰਟੀਆਂ ਨੇ 75 ਸਾਲਾਂ ਤਕ ਪੰਜਾਬ ਨੂੰ ਕੀਤਾ ਨਜ਼ਰਅੰਦਾਜ਼: ਬਲਕਾਰ ਸਿੰਘ



ਜਲੰਧਰ/ਏ.ਟੀ.ਨਿਊਜ਼: ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਕਿਹਾ ਹੈ ਕਿ ਰਵਾਇਤੀ ਪਾਰਟੀਆਂ ਨੇ 75 ਸਾਲਾਂ ਤੱਕ ਪੰਜਾਬ ਨੂੰ ਨਜ਼ਰਅੰਦਾਜ਼ ਕਰਕੇ ਰਖਿਆ ਅਤੇ ਸੂਬੇ ਦੇ ਮਸਲੇ ਹੱਲ ਕਰਨ ਵੱਲ ਧਿਆਨ ਨਹੀਂ ਦਿੱਤਾ।

ਉਨ੍ਹਾਂ ਕਿਹਾ ਕਿ ਅੱਜ ਵੀ ਲੋਕਾਂ ਦੀਆਂ ਸਮੱਸਿਆਵਾਂ ਗਲੀਆਂ-ਨਾਲੀਆਂ ਨਾਲ ਜੁੜੀਆਂ ਹੋਈਆਂ ਹਨ। ਕਈ ਪਿੰਡਾਂ ਵਿੱਚ 26-26 ਸਾਲਾਂ ਬਾਅਦ ਗਲੀਆਂ ਬਣੀਆਂ ਹਨ। ਇਸ ਲਈ ਸਿਰਫ਼ ਰਵਾਇਤੀ ਪਾਰਟੀਆਂ ਹੀ ਜ਼ਿੰਮੇਵਾਰ ਹਨ। ਹੁਣ ਸੂਬੇ ਵਿੱਚ ਤਬਦੀਲੀ ਆਈ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਤਰੱਕੀ ਵੱਲ ਵਧ ਰਿਹਾ ਹੈ। ਪਹਿਲੀ ਵਾਰ ਪਿੰਡਾਂ ਅਤੇ ਸ਼ਹਿਰਾਂ ਵਿੱਚ ਮਿਆਰੀ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਵਿਕਾਸ ਕਾਰਜ ਕਰਵਾਉਂਦੇ ਹੋਏ ਜ਼ਿੰਮੇਵਾਰੀਆਂ ਵੀ ਤੈਅ ਕੀਤੀਆਂ ਜਾ ਰਹੀਆਂ ਹਨ। ਹੁਣ ਜੇ ਮਿੱਥੀ ਸਮਾਂ ਹੱਦ ਤੋਂ ਪਹਿਲਾਂ ਸੜਕਾਂ ਟੁੱਟੀਆਂ ਤਾਂ ਜ਼ਿੰਮੇਵਾਰੀ ਤੈਅ ਹੋਵੇਗੀ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਸੜਕਾਂ ਬਣਾਉਣ ਵਾਲੇ ਠੇਕੇਦਾਰਾਂ ਨੂੰ ਇਹ ਕਹਿ ਦਿੱਤਾ ਹੈ ਕਿ ਚੰਗੀ ਕੁਆਲਿਟੀ ਦੀਆਂ ਸੜਕਾਂ ਬਣਾਈਆਂ ਜਾਣ। ਪਹਿਲਾਂ ਤਾਂ ਪੁਰਾਣੀ ਸੜਕ 'ਤੇ ਹੀ ਲੁੱਕ ਪਾ ਦਿੱਤੀ ਜਾਂਦੀ ਸੀ ਪਰ ਹੁਣ ਸੜਕਾਂ ਪੁੱਟ ਕੇ ਨਵੇਂ ਸਿਰੇ ਤੋਂ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਇਸ ਨਾਲ ਇੱਕ ਤਾਂ ਸੜਕਾਂ ਦਾ ਲੈਵਲ ਨਹੀਂ ਵਧੇਗਾ ਅਤੇ ਦੂਜਾ ਲੰਬੇ ਸਮੇਂ ਤੱਕ ਸੜਕਾਂ ਖਰਾਬ ਨਹੀਂ ਹੋਣਗੀਆਂ। ਇਸ ਨਾਲ ਸਰਕਾਰ ਅਤੇ ਲੋਕਾਂ ਦੇ ਪੈਸਿਆਂ ਦੀ ਬਚਤ ਹੋਵੇਗੀ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ਼ਹਿਰਾਂ ਵਿੱਚ ਸ਼ੁਰੂ ਕੀਤੇ ਗਏ ਵਿਕਾਸ ਕਾਰਜਾਂ ਬਾਰੇ ਲਗਾਤਾਰ ਜਾਣਕਾਰੀ ਦਿੱਤੀ ਜਾ ਰਹੀ ਹੈ। 'ਆਪ' ਸਰਕਾਰ ਸ਼ਹਿਰਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।

ਬਲਕਾਰ ਸਿੰਘ ਨੇ ਕਿਹਾ ਕਿ ਵਿਰੋਧੀ ਧਿਰ ਦੇ ਆਗੂਆਂ ਦੀ ਸੋਚ ਬਹੁਤ ਸੌੜੀ ਹੈ। ਉਨ੍ਹਾਂ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿ ਇੱਕ ਇਮਾਨਦਾਰ ਮੁੱਖ ਮੰਤਰੀ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਵੱਲ ਕਿਵੇਂ ਲੈ ਕੇ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਕਾਸ ਦੇ ਨਾਲ-ਨਾਲ ਸਰਕਾਰੀ ਮੁਲਾਜ਼ਮਾਂ ਦੇ ਮਸਲੇ ਵੀ ਹੱਲ ਕੀਤੇ ਜਾ ਰਹੇ ਹਨ। ਸਰਕਾਰੀ ਵਿਭਾਗਾਂ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਲਈ ਪਹਿਲਾਂ ਹੀ ਹਦਾਇਤਾਂ ਦਿੱਤੀਆਂ ਜਾ ਚੁੱਕੀਆਂ ਹਨ। ਸਰਕਾਰੀ ਨੌਕਰੀਆਂ ਦੇਣ ਸਮੇਂ ਪੂਰੀ ਤਰ੍ਹਾਂ ਪਾਰਦਰਸ਼ੀ ਤਰੀਕਾ ਅਪਣਾਇਆ ਜਾ ਰਿਹਾ ਹੈ। ਬਿਨਾਂ ਰਿਸ਼ਵਤ ਤੋਂ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ।

## ਕੀ ਅਮਨ ਅਰੋੜਾ ਦੀ ਵਿਧਾਨ ਸਭਾ ਮੈਂਬਰਸ਼ਿਪ ਹੋਵੇਗੀ ਖ਼ਾਰਜ ?



ਜਲੰਧਰ/ਏ.ਟੀ.ਨਿਊਜ਼ : ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਸੁਨਾਮ ਦੀ ਅਦਾਲਤ ਵੱਲੋਂ ਸੁਣਾਈ ਗਈ 2 ਸਾਲ ਦੀ ਸਜ਼ਾ ਤੋਂ ਬਾਅਦ ਇਹ ਸਵਾਲ ਖੜ੍ਹਾ ਹੋ ਗਿਆ ਹੈ ਕਿ ਕੀ ਹੁਣ ਅਮਨ ਅਰੋੜਾ ਵਿਧਾਇਕ ਦੇ ਅਹੁਦੇ 'ਤੇ ਮੌਜੂਦ ਰਹਿ ਸਕਣਗੇ ਜਾਂ ਉਨ੍ਹਾਂ ਦੀ ਸੀਟ ਵਿਧਾਨ ਸਭਾ ਦੇ ਸਪੀਕਰ ਨੂੰ ਖਾਲੀ ਐਲਾਨਣੀ ਪਵੇਗੀ। ਸੁਪਰੀਮ ਕੋਰਟ ਦੇ 10 ਜੁਲਾਈ 2013 ਦੇ ਲਿਲੀ ਥੋਮਸ ਮਾਮਲੇ ਦੀ ਜੱਜਮੈਂਟ ਦੇ ਮੁਤਾਬਕ ਕਿਸੇ ਵੀ ਵਿਧਾਇਕ ਜਾਂ ਸਾਂਸਦ ਨੂੰ ਜੇਕਰ 2 ਸਾਲ ਦੀ ਸਜ਼ਾ ਜਾਂ ਇਸ ਤੋਂ ਵੱਧ ਦੀ ਸਜ਼ਾ ਹੁੰਦੀ ਹੈ ਤਾਂ ਸਜ਼ਾ ਦੇ ਦਿਨ ਹੀ ਉਸ ਦੀ ਸੀਟ ਨੂੰ ਖ਼ਾਲੀ ਐਲਾਨਣਾ ਪਵੇਗਾ। ਹੁਣ ਇਸ ਮਾਮਲੇ 'ਚ ਸਾਰੀ ਕਾਰਵਾਈ ਵਿਧਾਨ ਸਭਾ ਦੇ ਸਪੀਕਰ 'ਤੇ ਨਿਰਭਰ ਕਰੇਗੀ। ਜੁਲਾਈ 2013 ਤੋਂ ਪਹਿਲਾਂ ਸਜ਼ਾ ਜ਼ਾਬਤਾ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ ਸਜ਼ਾ ਹੋਣ ਤੋਂ 3 ਮਹੀਨੇ ਦੇ ਅੰਦਰ ਅਪੀਲ ਕਰਨ ਦਾ ਮੌਕਾ ਮਿਲਦਾ ਸੀ ਪਰ ਸੁਪਰੀਮ ਕੋਰਟ ਦੇ ਇਸ ਜੱਜਮੈਂਟ ਤੋਂ ਬਾਅਦ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ ਮਿਲੀ ਇਹ ਮੋਹਲਤ ਖ਼ਤਮ ਕਰ ਦਿੱਤੀ ਸੀ। ਉਸ ਤੋਂ ਬਾਅਦ ਕਈ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੀ ਮੈਂਬਰਸ਼ਿਪ ਖ਼ਾਰਜ ਹੋ ਚੁੱਕੀ ਹੈ। ਤਾਮਿਲਨਾਡੂ ਦੀ ਮੁੱਖ ਮੰਤਰੀ ਜੈਲਲਿਤਾ, ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ, ਉੱਤਰ ਪ੍ਰਦੇਸ਼ ਦੇ ਵਿਧਾਇਕ ਆਜ਼ਮ ਖਾਨ, ਲਕਸ਼ਦੀਪ ਦੇ ਸੰਸਦ ਮੈਂਬਰ ਪਾਰਲੀਮੈਂਟ ਪੀ.ਪੀ.ਮੁਹੰਮਦ ਫੈਜ਼ਲ, ਭਾਜਪਾ ਦੇ ਬਿਹਾਰ ਤੋਂ ਵਿਧਾਇਕ ਅਨਿਲ ਕੁਮਾਰ ਸੈਣੀ, ਭਾਜਪਾ ਦੇ ਉੱਤਰ ਪ੍ਰਦੇਸ਼ ਤੋਂ ਵਿਧਾਇਕ ਵਿਕਰਮ ਸਿੰਘ ਸੈਣੀ, ਹਰਿਆਣਾ ਦੇ ਵਿਧਾਇਕ ਪਰਦੀਪ ਚੌਧਰੀ, ਉੱਤਰ ਪ੍ਰਦੇਸ਼ ਦੇ ਵਿਧਾਇਕ ਕੁਲਦੀਪ ਸਿੰਘ ਸੇਂਗਰ, ਉੱਤਰ ਪ੍ਰਦੇਸ਼ ਤੋਂ ਵਿਧਾਇਕ ਅਬਦੁੱਲਾ ਆਜ਼ਮ ਖਾਨ ਅਤੇ ਬਿਹਾਰ ਤੋਂ (ਬਾਕੀ ਸਫ਼ਾ 31 'ਤੇ)

## ਨਹੀਂ ਰਹੇ ਮਹਾਨ ਕਲਾਕਾਰ ਤੇ ਕਵੀ ਇਮਰੋਜ਼

### 97 ਸਾਲ ਦੀ ਉਮਰ 'ਚ ਲਏ ਆਖ਼ਰੀ ਸਾਹ



ਜਲੰਧਰ/ਏ.ਟੀ.ਨਿਊਜ਼: ਪੰਜਾਬ ਦੇ ਮਹਾਨ ਕਲਾਕਾਰ ਤੇ ਕਵੀ ਇਮਰੋਜ਼ ਨਹੀਂ ਰਹੇ। ਉਨ੍ਹਾਂ ਨੇ 97 ਸਾਲ ਦੀ ਉਮਰ 'ਚ ਆਖਰੀ ਸਾਹ ਲਏ। ਉਹ ਪੰਜਾਬ ਦੇ ਸਾਹਿਤਕ ਚਿੱਤਰਕਾਰ ਸੀ ਅਤੇ ਅੰਮ੍ਰਿਤਾ ਪ੍ਰੀਤਮ ਨਾਲ ਮੁਹੱਬਤ ਕਰਕੇ ਸਾਹਿਤਕ ਹਲਕਿਆਂ ਵਿੱਚ ਖ਼ੂਬ ਜਾਣਿਆ ਪਛਾਣਿਆ ਨਾਂ ਰਿਹਾ ਸੀ। ਇਮਰੋਜ਼ ਦਾ ਜਨਮ 26 ਜਨਵਰੀ 1926 ਨੂੰ (ਪਛਮੀ) ਪੰਜਾਬ ਦੇ ਜ਼ਿਲ੍ਹਾ ਲਾਇਲਪੁਰ ਵਿਖੇ ਹੋਇਆ। ਉਨ੍ਹਾਂ ਦਾ ਅਸਲ ਨਾਂ ਇੰਦਰਜੀਤ ਸੀ ਪਰ 1966 ਵਿੱਚ ਜਦੋਂ ਪੰਜਾਬੀ ਦੀ ਮਸ਼ਹੂਰ ਕਵਿੱਤਰੀ ਅਮ੍ਰਿਤਾ ਪ੍ਰੀਤਮ ਦੀ ਸੰਪਾਦਨਾ ਵਿੱਚ ਪੰਜਾਬੀ ਦੇ ਸਾਹਿਤਕ ਰਸਾਲੇ ਨਾਗਮਣੀ ਦਾ ਪ੍ਰਕਾਸ਼ਨ ਆਰੰਭ ਹੋਇਆ ਤਾਂ ਇੰਦਰਜੀਤ ਉਸ ਵਿੱਚ ਬਤੌਰ ਆਰਟਿਸਟ ਸ਼ਾਮਲ ਸੀ, ਅਤੇ ਦੂਜੇ ਅੰਕ ਤੋਂ ਉਸ ਦਾ ਨਾਮ ਇੰਦਰਜੀਤ ਦੀ ਬਜਾਏ ਇਮਰੋਜ਼ ਵਜੋਂ ਛਪਣ ਲੱਗ ਪਿਆ ਸੀ। ਨਾਗਮਣੀ 35 ਸਾਲਾਂ ਤੋਂ ਵੀ ਵੱਧ, (ਬਾਕੀ ਸਫ਼ਾ 31 'ਤੇ)

# ਲੋਕ ਸਭਾ ਚੋਣਾਂ ਲਈ ਸਿਆਸੀ ਸਰਗਰਮੀਆਂ ਤੇਜ਼

## ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ ਗਹਿਗੱਚ ਮੁਕਾਬਲੇ ਹੋਣ ਦੀ ਸੰਭਾਵਨਾ

## ਪੰਜਾਬ 'ਚ 'ਆਪ' ਅਤੇ ਕਾਂਗਰਸ ਵਿਚਾਲੇ ਸਮਝੌਤਾ ਹੋਣ ਦੇ ਆਸਾਰ ਪਏ ਮੱਧਮ

## ਅਕਾਲੀ ਦਲ ਅਤੇ ਭਾਜਪਾ ਵਿਚਾਲੇ ਸਮਝੌਤੇ ਦੀਆਂ ਕਿਆਸ ਅਰਾਈਆਂ ਸ਼ੁਰੂ




ਪਟਿਆਲਾ/ਏ.ਟੀ.ਨਿਊਜ਼ : ਅਗਲੇ ਸਾਲ ਦੀ ਸ਼ੁਰੂਆਤ ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਹੁਣੇ ਤੋਂ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ, ਭਾਵੇਂ ਕਿ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਅਜੇ ਤਕ ਲੋਕ ਸਭਾ ਚੋਣਾਂ ਦਾ ਐਲਾਨ ਨਹੀਂ ਕੀਤਾ ਗਿਆ ਪਰ ਇਹ ਚੋਣਾਂ ਅਗਲੇ ਸਾਲ ਫਰਵਰੀ-ਮਾਰਚ ਵਿੱਚ ਹੋਣ ਦੀ ਸੰਭਾਵਨਾ ਬਣੀ ਹੋਈ ਹੈ, ਜਿਸ ਕਰਕੇ ਸਾਰੀਆਂ ਹੀ ਸਿਆਸੀ ਪਾਰਟੀਆਂ ਵੱਲੋਂ ਇਹਨਾਂ ਚੋਣਾਂ ਸਬੰਧੀ ਪੂਰੀ ਤਿਆਰੀ ਕੀਤੀ ਜਾ ਰਹੀ ਹੈ।

ਰਾਸ਼ਟਰੀ ਪੱਧਰ 'ਤੇ ਭਾਜਪਾ ਦਾ ਮੁਕਾਬਲਾ ਕਰਨ ਲਈ ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ 'ਇੰਡੀਆ' ਗਠਜੋੜ ਕਾਇਮ ਕੀਤਾ ਗਿਆ ਹੈ, ਜਿਸ ਦੀ ਮੁੱਖ ਮੀਟਿੰਗ ਪਿਛਲੇ ਦਿਨੀਂ ਹੋਈ ਹੈ, ਇਸ ਮੀਟਿੰਗ ਵਿੱਚ 31 ਦਸੰਬਰ ਤੱਕ ਸੀਟਾਂ ਦੀ ਵੰਡ ਨੂੰ ਲੈ ਕੇ ਰਣਨੀਤੀ ਵਿਉਂਤੇ ਜਾਣ ਦੀ ਗੱਲ ਤੁਰੀ ਸੀ, ਜਿਸ ਤੋਂ ਬਾਅਦ ਪੰਜਾਬ ਵਿੱਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਾਲੇ ਚੋਣ ਗਠਜੋੜ ਹੋਣ ਦੇ ਆਸਾਰ ਬਣੇ ਸਨ, ਪਰ ਇਹਨਾਂ ਯਤਨਾਂ ਨੂੰ ਬੂਰ ਨਹੀਂ ਪਿਆ। ਆਮ ਆਦਮੀ ਪਾਰਟੀ ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ ਇਕੱਲਿਆਂ ਚੋਣ ਲੜਨ ਦਾ ਇੱਛਾ ਰੱਖਦੀ ਹੈ, ਜਿਸ ਕਰਕੇ ਪੰਜਾਬ ਵਿੱਚ ਆਪ ਅਤੇ ਕਾਂਗਰਸ ਵਿਚਾਲੇ ਗਠਜੋੜ ਹੋਣ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੈ, ਭਾਵੇਂ ਕਿ ਦੋਵੇਂ ਪਾਰਟੀਆਂ 'ਇੰਡੀਆ' ਗਠਜੋੜ ਦਾ ਹਿੱਸਾ ਹਨ। ਆਮ ਆਦਮੀ ਪਾਰਟੀ ਹਰਿਆਣਾ ਦੀਆਂ ਸਾਰੀਆਂ ਸੀਟਾਂ ਅਤੇ ਰਾਜਸਥਾਨ ਦੀ ਇੱਕ ਸੀਟ ਕਾਂਗਰਸ ਨੂੰ ਛੱਡਣ ਲਈ ਤਿਆਰ ਹੋ ਗਈ ਜਾਪਦੀ ਹੈ। ਅਸਲ ਵਿੱਚ 'ਆਪ' ਦਾ ਮੁੱਖ ਨਿਸ਼ਾਨਾ ਪੰਜਾਬ ਅਤੇ ਦਿੱਲੀ ਹਨ। ਦਿੱਲੀ ਵਿੱਚ ਵੀ 'ਆਪ' ਕਾਂਗਰਸ ਨੂੰ ਤਿੰਨ ਸੀਟਾਂ ਛੱਡਣ ਬਾਰੇ ਰਾਇ ਬਣਾ ਰਹੀ ਹੈ।

'ਆਪ' ਦੇ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਹੈ ਕਿ 'ਆਪ' ਵੱਲੋਂ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਅਤੇ ਚੰਡੀਗੜ੍ਹ ਦੀ ਇੱਕ ਲੋਕ ਸਭਾ ਸੀਟ ਤ ਚੋਣ ਲੜਨ ਦੀ ਪੂਰੀ ਤਿਆਰੀ ਕੀਤੀ ਗਈ ਹੈ। ਉਹਨਾਂ ਕਿਹਾ ਕਿ 'ਆਪ' ਕੌਮੀ ਪੱਧਰ 'ਤੇ 'ਇੰਡੀਆ' ਗਠਜੋੜ ਦਾ ਹਿਸਾ ਹੈ ਅਤੇ 'ਆਪ' ਦੀ ਪੰਜਾਬ ਇਕਾਈ ਵੱਲੋਂ ਇਸ ਸਬੰਧੀ ਪਾਰਟੀ ਹਾਈਕਮਾਂਡ ਦਾ ਫੈਸਲਾ ਮੰਨਿਆ ਜਾਵੇਗਾ।

ਕਾਂਗਰਸ ਦੀ ਪੰਜਾਬ ਇਕਾਈ ਇਸ ਸਮੇਂ ਨਵਜੋਤ ਸਿੰਘ ਸਿੱਧੂ ਅਤੇ ਪ੍ਰਤਾਪ ਸਿੰਘ ਬਾਜਪਾ ਦੀ ਆਪਸੀ ਸਿਆਸੀ ਲੜਾਈ ਵਿੱਚ ਉਲਝ ਕੇ ਰਹਿ ਗਈ ਹੈ। ਧੜਿਆਂ ਵਿੱਚ ਵੰਡੀ ਕਾਂਗਰਸ ਨੂੰ ਲੋਕ ਸਭਾ ਚੋਣਾਂ ਵਿੱਚ ਨੁਕਸਾਨ ਉਠਾਉਣਾ ਪੈ ਸਕਦਾ ਹੈ। ਜਿਥੇ ਕਾਂਗਰਸ ਦੇ ਹੀ ਕਈ ਆਗੂ ਨਵਜੋਤ ਸਿੱਧੂ ਵਿਰੁੱਧ ਬਿਆਨਬਾਜ਼ੀ ਕਰ ਰਹੇ ਹਨ, ਉਥੇ ਨਵਜੋਤ ਸਿੰਘ ਸਿੱਧੂ ਵੀ ਪ੍ਰਤਾਪ ਸਿੰਘ ਬਾਜਵਾ ਅਤੇ ਉਹਨਾਂ ਦੇ ਸਹਿਯੋਗੀਆਂ 'ਤੇ ਜਵਾਬੀ ਹਮਲੇ ਕਰ ਚੁੱਕੇ ਹਨ।

ਜੇ ਹੁਣ ਅਕਾਲੀ ਦਲ ਦੀ ਗੱਲ ਕੀਤੀ ਜਾਵੇ ਤਾਂ ਇਸ ਸਮੇਂ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਸਮਝੌਤਾ ਹੋਣ ਦੀਆਂ ਕਿਆਸ ਅਰਾਈਆਂ ਲੱਗ ਰਹੀਆਂ ਹਨ। ਸੁਖਬੀਰ ਬਾਦਲ ਵੱਲੋਂ ਬੇਅਦਬੀ ਮਾਮਲੇ ਸਬੰਧੀ ਮੁਆਫ਼ੀ ਮੰਗਣ ਅਤੇ ਭਾਜਪਾ ਵੱਲੋਂ ਅਕਾਲੀ ਦਲ ਸਬੰਧੀ ਨਰਮ ਰੁੱਖ ਰੱਖਣ ਕਾਰਨ ਇਹਨਾਂ ਕਿਆਸ ਅਰਾਈਆਂ ਨੂੰ ਬਲ ਮਿਲਿਆ ਹੈ। ਇਸ ਤੋਂ ਇਲਾਵਾ ਭਾਜਪਾ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਵੀ ਕਹਿ ਚੁੱਕੇ ਹਨ ਕਿ ਅਕਾਲੀ ਦਲ ਨੂੰ ਸਿੱਖਾਂ ਦੀ ਪਾਰਟੀ ਵਜੋਂ ਉਭਰਨਾ ਚਾਹੀਦਾ ਹੈ ਤਾਂ ਕਿ ਸਿੱਖਾਂ ਨੂੰ ਵੀ ਮਹਿਸੂਸ ਹੋਵੇ ਕਿ ਸਿੱਖਾਂ ਦੀ ਵੀ ਸਿਆਸੀ ਪਾਰਟੀ ਹੈ। ਇਸੇ ਦੌਰਾਨ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੇ ਅਕਾਲੀ ਦਲ ਬਾਦਲ ਨਾਲ ਰਲਣ ਦੀ ਚਰਚਾ ਵੀ ਹੋ ਰਹੀ ਹੈ। ਜਿਸ ਕਰਕੇ ਪੰਜਾਬ ਦੀ ਸਿਆਸਤ ਵਿੱਚ ਨਿੱਤ ਨਵੇਂ ਸਮੀਕਰਨ ਬਣਦੇ ਜਾ ਰਹੇ ਹਨ। ਪੰਜਾਬ ਦੀ ਸਿਆਸਤ ਦਾ ਮੌਜੂਦਾ ਰੂਪ ਵੇਖ ਕੇ ਇਹ ਮਹਿਸੂਸ ਹੁੰਦਾ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ ਗਹਿਗੱਚ ਮੁਕਾਬਲੇ ਹੋ ਸਕਦੇ ਹਨ।

# ਪੰਜਾਬ ਕਾਂਗਰਸ ਵਿੱਚ ਫਿਰ ਮਤਭੇਦ ਉੱਭਰਨ ਲੱਗੇ

## ਅਕਾਲੀ ਦਲ ਤੇ ਭਾਜਪਾ ਦਾ ਸਮਝੌਤਾ ਹੋਣ ਦੇ ਆਸਾਰ ਲਗਭਗ ਖ਼ਤਮ



ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਕਾਂਗਰਸ ਵਿੱਚ ਆਪਸੀ ਘਮਸਾਣ ਮੱਚਿਆ ਹੋਇਆ ਹੈ। ਹਾਲਾਂ ਕਿ ਲੋਕ ਸਭਾ ਚੋਣਾਂ ਸਿਰ 'ਤੇ ਹਨ, ਪਰ ਪੰਜਾਬ ਕਾਂਗਰਸ ਦੀ ਅੰਦਰਲੀ ਲੜਾਈ ਤਿੱਖੀ ਹੁੰਦੀ ਜਾ ਰਹੀ ਹੈ। ਇਸੇ ਲੜਾਈ ਨੇ ਹੀ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦਾ ਭੱਠਾ ਬਿਠਾਇਆ ਸੀ। ਜੇਕਰ ਹੁਣ ਵੀ ਕਾਂਗਰਸ ਦੀ ਅੰਦਰੂਨੀ ਲੜਾਈ ਨਾ ਰੁਕੀ ਤਾਂ ਇਸ ਦਾ ਨੁਕਸਾਨ ਪੰਜਾਬ ਵਿੱਚ ਕਾਂਗਰਸ ਨੂੰ ਹੀ ਭੁਗਤਣਾ ਪਵੇਗਾ। ਹਾਲਾਂ ਕਿ ਪਹਿਲਾਂ ਇਹ ਲੜਾਈ ਆਪਸੀ ਨਹੀਂ ਸੀ, ਸਗੋਂ 'ਆਪ' ਨਾਲ ਸਮਝੌਤੇ ਦੇ ਸਮਰਥਕਾਂ ਅਤੇ ਵਿਰੋਧੀਆਂ ਦੇ ਵਿਚਕਾਰ ਵਿਚਾਰ ਪ੍ਰਗਟਾਵੇ ਦਾ ਹਿੱਸਾ ਦਿਖਾਈ ਦੇ ਰਹੀ ਸੀ। ਪਰ ਹੁਣ ਇਹ ਸਾਫ਼-ਸਾਫ਼ ਨਿੱਜੀ ਲੜਾਈ ਬਣਦੀ ਦਿਖਾਈ ਦੇ ਰਹੀ ਹੈ। ਇਸ ਵੇਲੇ ਸਭ ਤੋਂ ਤਿੱਖੇ ਬੋਲ-ਕਬੋਲ ਪੰਜਾਬ ਕਾਂਗਰਸ ਵਿਧਾਇਕ ਦਲ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਦੋਵਾਂ ਧਿਰਾਂ ਦੇ ਸਮਰਥਕਾਂ ਦਰਮਿਆਨ ਸੁਣਾਈ ਦੇ ਰਹੇ ਹਨ। ਮਾਮਲਾ ਇਥੋਂ ਤੱਕ ਪਹੁੰਚ ਗਿਆ ਹੈ ਕਿ ਬਾਜਵਾ ਸਮਰਥਕ ਸਿੱਧੂ ਨੂੰ ਪਾਰਟੀ ਤੋਂ ਬਾਹਰ ਦਾ ਰਸਤਾ ਦਿਖਾਉਣ ਦੀ ਮੰਗ ਕਰਨ ਲੱਗ ਪਏ ਹਨ। ਜਦੋਂ ਕਿ ਸਿੱਧੂ ਸਮਰਥਕ ਅਜਿਹੇ ਇਸ਼ਾਰੇ ਦੇਣ ਲੱਗ ਪਏ ਹਨ ਕਿ ਜਾਂ ਤਾਂ ਸਿੱਧੂ ਪੰਜਾਬ ਕਾਂਗਰਸ ਦੇ ਪ੍ਰਧਾਨ ਬਣਨਗੇ ਜਾਂ ਫਿਰ ਉਹ ਆਪਣੀ ਪਾਰਟੀ ਬਣਾ ਸਕਦੇ ਹਨ। ਹਾਲਾਂ ਕਿ ਜਾਣਕਾਰੀ ਅਨੁਸਾਰ ਭਾਵੇਂ ਕਈ ਆਜ਼ਾਦ ਛੋਟੇ ਧੜੇ, ਕਾਂਗਰਸ ਦੇ ਕੁਝ ਧੜੇ ਅਤੇ ਇਥੋਂ ਤੱਕ ਕਿ 'ਆਪ' ਤੇ ਅਕਾਲੀ ਦਲ ਦੇ ਕੁਝ ਨੇਤਾ ਵੀ ਨਵੀਂ ਪਾਰਟੀ ਬਣਾਉਣ ਦੇ ਸੰਬੰਧ ਵਿੱਚ ਸਿੱਧੂ ਦੇ ਸੰਪਰਕ ਵਿੱਚ ਹਨ, ਪਰ ਉਹ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕੋਈ ਵੱਖਰੀ ਪਾਰਟੀ ਬਣਾਉਣ ਦੀ ਕੋਸ਼ਿਸ਼ ਨਹੀਂ ਕਰਨਗੇ। ਜਾਣਕਾਰੀ ਅਨੁਸਾਰ ਕਾਂਗਰਸ ਪਾਰਟੀ 'ਤੇ ਕੌਮੀ ਪੱਧਰ 'ਤੇ 'ਆਪ' ਨਾਲ ਸਮਝੌਤੇ ਦਾ ਦਬਾਅ ਬਹੁਤ ਜ਼ਿਆਦਾ ਹੈ। ਇਹ ਵੀ ਚਰਚਾ ਹੈ ਕਿ 'ਆਪ' ਵੀ ਕਾਂਗਰਸ ਨਾਲ 'ਇੰਡੀਆ' ਗੱਠਜੋੜ ਵਿਚ ਜਾਣ ਲਈ ਕਾਹਲੀ ਹੈ। ਇਹ ਸਮਝਿਆ ਜਾਂਦਾ ਹੈ ਕਿ ਇੰਡੀਆ ਗੱਠਜੋੜ ਦੀ ਮੀਟਿੰਗ ਵਿੱਚ 'ਆਪ' ਮੁਖੀ ਕੇਜਰੀਵਾਲ ਦੀ ਨਜ਼ਦੀਕੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਵੱਲੋਂ ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾਏ ਜਾਣ ਦੀ ਗੱਲ ਉਠਾਈ ਜਾਣੀ ਅਤੇ ਕੇਜਰੀਵਾਲ ਵੱਲੋਂ ਬਿਨਾਂ ਇੱਕ ਪਲ ਗਵਾਏ ਇਸ ਦੀ ਹਮਾਇਤ ਕਰਨੀ ਵੀ, ਇਸੇ ਰਣਨੀਤੀ ਦਾ ਹਿੱਸਾ ਹੈ ਕਿ ਕਾਂਗਰਸ 'ਆਪ' ਨੂੰ ਆਪਣਾ ਵਿਰੋਧੀ ਨਾ ਸਮਝੇ।

ਇੰਡੀਆ ਗੱਠਜੋੜ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਵੀ ਮਲਿਕਅਰਜੁਨ ਖੜਗੇ ਨੇ ਕਿਹਾ ਸੀ ਕਿ ਗੱਠਜੋੜ ਵਿੱਚ ਸ਼ਾਮਿਲ ਸਾਰੀਆਂ ਪਾਰਟੀਆਂ ਮਿਲ ਕੇ ਚੋਣਾਂ ਲੜਨ ਲਈ ਸਹਿਮਤ ਹਨ ਅਤੇ ਇਸ ਮਕਸਦ ਲਈ ਛੇਤੀ ਹੀ ਸੀਟਾਂ ਦੀ ਵੰਡ ਦੇ ਅਮਲ ਨੂੰ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਦਿੱਲੀ ਅਤੇ ਪੰਜਾਬ ਵਿੱਚ ਗੱਠਜੋੜ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਦਾ ਵੀ ਹੱਲ ਲੱਭ ਲਿਆ ਜਾਵੇਗਾ। ਉਨ੍ਹਾਂ ਦਾ ਸਪੱਸ਼ਟ ਇਸ਼ਾਰਾ ਇਹ ਸੀ ਕਿ ਕਾਂਗਰਸ ਹਾਈ ਕਮਾਨ ਦਿੱਲੀ ਅਤੇ ਪੰਜਾਬ ਵਿੱਚ ਆਪ ਪਾਰਟੀ ਨਾਲ ਮਿਲ ਕੇ ਚੋਣਾਂ ਲੜਨ ਦੀ ਸਮਰਥਕ ਹੈ।

ਪਰ ਪੰਜਾਬ ਦੀ ਕਾਂਗਰਸ 'ਤੇ ਕਾਬਜ਼ ਲੀਡਰਸ਼ਿਪ ਅਜੇ ਵੀ ਇਸ ਗੱਲ 'ਤੇ ਅੜੀ ਹੋਈ ਹੈ ਕਿ ਜੇਕਰ ਹੁਣ 'ਆਪ' ਨਾਲ ਸਮਝੌਤਾ ਕਰ ਲਿਆ ਤਾਂ 2027 ਵਿੱਚ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਕਾਂਗਰਸ ਦੀ ਵਾਪਸੀ 'ਦਿੱਲੀ' ਵਾਂਗ ਅਸੰਭਵ ਹੋ ਜਾਵੇਗੀ। ਕਾਂਗਰਸ ਦਾ ਕੇਡਰ 'ਆਪ' ਵੱਲ ਚਲਾ ਜਾਵੇਗਾ।

ਬੀਤੇ ਦਿਨੀਂ ਜਗਰਾਵਾਂ ਵਿੱਚ ਪੰਜਾਬ ਕਾਂਗਰਸ ਵੱਲੋਂ ਪੰਜ ਵਿਧਾਨ ਸਭਾ ਹਲਕਿਆਂ 'ਤੇ ਅਧਾਰਿਤ ਪ੍ਰਭਾਵਸ਼ਾਲੀ ਰੋਸ ਰੈਲੀ ਕੀਤੀ ਗਈ, ਜਿਸ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਉੱਪ ਆਗੂ ਰਾਜ ਕੁਮਾਰ ਚੱਬੇਵਾਲ, ਵਿਧਾਇਕ ਪਰਗਟ ਸਿੰਘ, ਸੰਸਦ ਮੈਂਬਰ ਅਮਰ ਸਿੰਘ ਅਤੇ ਪਾਰਟੀ ਦੇ ਹੋਰ ਸੀਨੀਅਰ ਆਗੂ ਸ਼ਾਮਿਲ ਸਨ। ਇਹ ਰੈਲੀ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਦੇ ਖ਼ਿਲਾਫ਼ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕੀਤੀ ਗਈ 20ਵੀਂ ਰੈਲੀ ਸੀ। ਇਸ ਵਿੱਚ ਕਾਂਗਰਸੀ ਆਗੂਆਂ ਵੱਲੋਂ ਰਾਜ ਵਿੱਚ ਅਮਨ-ਕਾਨੂੰਨ ਦੀ ਵਿਗੜੀ ਸਥਿਤੀ, ਗੈਂਗਸਟਰਾਂ ਅਤੇ ਫਿਰੌਤੀਆਂ ਵਸੂਲਣ ਵਾਲੇ ਅਪਰਾਧੀਆਂ ਦੀਆਂ ਵਧੀਆਂ ਕਾਰਵਾਈਆਂ, ਰੇਤਾ ਬਜਰੀ ਦੀ ਨਾਜਾਇਜ਼ ਨਿਕਾਸੀ ਅਤੇ ਭ੍ਰਿਸ਼ਟਾਚਾਰ ਆਦਿ ਦੇ ਮੁੱਦਿਆਂ ਨੂੰ ਲੈ ਕੇ ਰਾਜ ਸਰਕਾਰ 'ਤੇ ਸਖ਼ਤ ਹੱਲਾ ਬੋਲਿਆ ਗਿਆ। ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ ਲੋਕਾਂ ਨੂੰ ਦੇਖ ਕੇ ਵੀ ਕਾਂਗਰਸੀਆਂ ਦੇ ਹੌਸਲੇ ਹੋਰ ਵਧੇ ਨਜ਼ਰ ਆਏ।

ਕਾਂਗਰਸ ਦੇ ਸੀਨੀਅਰ ਆਗੂਆਂ ਨੇ ਕਿਹਾ ਕਿ ਰਾਜ ਵਿੱਚ ਸੱਤਾਧਾਰੀ ਪਾਰਟੀ ਦੀਆਂ ਗ਼ਲਤ ਨੀਤੀਆਂ ਕਾਰਨ ਅਤੇ ਸਰਕਾਰ ਦੀ ਆਲੋਚਨਾ ਕਰਨ ਵਾਲੇ ਸਿਆਸੀ ਆਗੂਆਂ ਨੂੰ ਝੂਠੇ-ਸੱਚੇ ਕੇਸ ਬਣਾ ਕੇ ਜੇਲ੍ਹਾਂ ਵਿੱਚ ਡੱਕਣ ਦੀ ਉਸ ਦੀ ਨੀਤੀ ਕਾਰਨ ਲੋਕਾਂ ਵਿੱਚ ਬੇਹੱਦ ਰੋਸ ਪਾਇਆ ਜਾ ਰਿਹਾ ਹੈ ਅਤੇ ਸੱਤਾਧਾਰੀ ਪਾਰਟੀ ਦਾ ਗ੍ਰਾਫ਼ ਕਾਫ਼ੀ ਹੇਠਾਂ ਆ ਚੁੱਕਾ ਹੈ। ਇਸ ਤਰ੍ਹਾਂ ਦੀ ਸਥਿਤੀ ਵਿੱਚ ਜੇਕਰ ਕਾਂਗਰਸ ਆਮ ਆਦਮੀ ਪਾਰਟੀ ਨਾਲ ਸਮਝੌਤਾ ਕਰਕੇ ਲੋਕ ਸਭਾ ਦੀਆਂ ਚੋਣਾਂ ਲੜਦੀ ਹੈ ਤਾਂ ਸੱਤਾਧਾਰੀ ਪਾਰਟੀ ਵਿਰੁੱਧ ਪੈਦਾ ਹੋਈ ਬੇਚੈਨੀ ਨਾਲ ਕਾਂਗਰਸ ਪਾਰਟੀ ਨੂੰ ਵੀ ਨੁਕਸਾਨ ਹੋ ਸਕਦਾ ਹੈ। ਇਹ ਪਹਿਲੀ ਵਾਰ ਨਹੀਂ ਹੈ ਕਿ ਜਦੋਂ ਪੰਜਾਬ ਦੇ ਕਾਂਗਰਸੀਆਂ ਨੇ ਆਪ ਪਾਰਟੀ ਨਾਲ ਰਲ ਕੇ ਲੋਕ ਸਭਾ ਦੀਆਂ ਚੋਣਾਂ ਲੜਨ ਦਾ ਵਿਰੋਧ ਕੀਤਾ ਹੈ। ਇਸ ਤੋਂ ਪਹਿਲਾਂ ਵੀ ਅਨੇਕਾਂ ਵਾਰ ਰਾਜ ਦੇ ਕਾਂਗਰਸੀ ਆਗੂ ਅਜਿਹੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰ ਚੁੱਕੇ ਹਨ ਅਤੇ ਇਸ ਸੰਬੰਧੀ ਸਮੇਂ-ਸਮੇਂ 'ਤੇ ਕਾਂਗਰਸ ਦੀ ਹਾਈਕਮਾਨ ਨੂੰ ਵੀ ਇਸ ਤੋਂ ਜਾਣੂ ਕਰਵਾਉਂਦੇ ਰਹੇ ਹਨ। ਉਸ ਅਨੁਸਾਰ ਕਾਂਗਰਸ ਇਸ ਵੇਲੇ ਪੰਜਾਬ ਵਿੱਚ 30 ਤੋਂ 33 ਫ਼ੀਸਦੀ ਵੋਟ ਆਪਣੇ ਦਮ 'ਤੇ ਲੈਣ ਦੇ ਸਮਰੱਥ ਹੈ। ਉਸ ਅਨੁਸਾਰ ਇਸ ਸਥਿਤੀ ਵਿੱਚ ਕਾਂਗਰਸ ਆਪਣੇ ਦਮ 'ਤੇ 8 ਸੀਟਾਂ ਜਿੱਤਣ ਦੇ ਸਮਰੱਥ ਹੈ।

(ਬਾਕੀ ਸਫ਼ਾ 31 'ਤੇ)

# ਯੂ.ਪੀ. ਤੇ ਗੁਜਰਾਤ ਤੋਂ ਪੰਜਾਬੀਆਂ ਲਈ 'ਡਰੱਗ' ਦੀ ਹੋ ਰਹੀ ਹੈ ਸਪਲਾਈ

## ਪੰਜਾਬ ਪੁਲਿਸ ਨੇ ਫ਼ਾਰਮਾਂ ਫੈਕਟਰੀਆਂ ਰਾਹੀਂ ਚੱਲ ਰਹੇ ਡਰੱਗ ਸਪਲਾਈ ਨੈੱਟਵਰਕ ਦਾ ਕੀਤਾ ਪਰਦਾਫ਼ਾਸ਼



ਚੰਡੀਗੜ੍ਹ/ਏ.ਟੀ.ਨਿਊਜ਼: ਯੂਪੀ ਤੇ ਗੁਜਰਾਤ ਤੋਂ ਪੰਜਾਬੀਆਂ ਲਈ 'ਜ਼ਹਿਰ' ਦੀ ਸਪਲਾਈ ਹੋ ਰਹੀ ਹੈ। ਦੋਵਾਂ ਸੂਬਿਆਂ ਤੋਂ ਧੜੱਲੇ ਨਾਲ ਪੰਜਾਬ ਵਿੱਚ ਨਸ਼ੀਲੀਆਂ ਦਵਾਈਆਂ ਭੇਜੀਆਂ ਜਾ ਰਹੀਆਂ ਹਨ ਜਿਸ ਨਾਲ ਨਵੀਂ ਪੀੜ੍ਹੀ ਬਰਬਾਦ ਹੋ ਰਹੀ ਹੈ। ਇਹ ਖੁਲਾਸਾ ਪੰਜਾਬ ਪੁਲਿਸ ਨੇ ਕੀਤਾ ਹੈ। ਦਰਅਸਲ ਪੁਲਿਸ ਨੇ ਉੱਤਰ ਪ੍ਰਦੇਸ਼ ਤੇ ਗੁਜਰਾਤ 'ਚ ਦਵਾਈਆਂ ਬਣਾਉਣ ਵਾਲੀਆਂ ਫ਼ਾਰਮਾਂ ਫੈਕਟਰੀਆਂ ਰਾਹੀਂ ਚੱਲ ਰਹੇ ਨਸ਼ੀਲੀਆਂ ਦਵਾਈਆਂ ਬਣਾਉਣ ਤੇ ਸਪਲਾਈ ਕਰਨ ਵਾਲੇ ਅੰਤਰ-ਰਾਜੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਇਸ ਸਬੰਧ ਵਿੱਚ ਦੋ ਕੈਦੀਆਂ ਸਣੇ 12 ਜਣਿਆਂ ਨੂੰ ਗ੍ਰਿਫ਼ਤਾਰ ਕਰ ਕੇ 15.08 ਲੱਖ ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਬਰਾਮਦ ਕੀਤੇ ਗਏ ਹਨ। ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਕਾਬੂ ਕੀਤੇ ਮੁਲਜ਼ਮਾਂ 'ਚ ਜੇਲ੍ਹ 'ਚ ਬੰਦ ਦੋ ਕੈਦੀਆਂ ਤੋਂ ਇਲਾਵਾ ਇੱਕ ਔਰਤ ਵੀ ਸ਼ਾਮਲ ਹੈ। ਮੁਲਜ਼ਮਾਂ ਦੀ ਪਛਾਣ ਪ੍ਰਿੰਸ ਕੁਮਾਰ, ਮੇਜਰ ਸਿੰਘ, ਬਲਜਿੰਦਰ ਸਿੰਘ, ਆਕਾਸ਼ ਸਿੰਘ, ਸੁਰਜੀਤ ਸਿੰਘ, ਗੁਰਪ੍ਰੀਤ ਸਿੰਘ, ਮੋਹਰ ਸਿੰਘ, ਮਥੁਰਾ ਵਾਸੀ ਸਚਿਨ ਕੁਮਾਰ, ਯੋਗੇਸ਼ ਕੁਮਾਰ ਰਿੰਕੂ ਵਾਸੀ ਕੋਸੀ ਕਲਾਂ ਮਥੁਰਾ, ਮਨੀਸ਼, ਰੇਖਾ ਤੇ ਆਕਾਸ਼ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਸਭ ਤੋਂ ਪਹਿਲਾਂ ਪ੍ਰਿੰਸ ਨੂੰ ਫੜਿਆ ਗਿਆ, ਜਿਸ ਕੋਲੋਂ ਟਰਾਮਾਡੋਲ ਨਾਮ ਦੀਆਂ 14500 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਇਸ ਮਗਰੋਂ ਜਾਂਚ ਦੌਰਾਨ ਪਤਾ ਲੱਗਾ ਕਿ ਪ੍ਰਿੰਸ ਨੇ ਮੇਜਰ ਸਿੰਘ ਦੇ ਕਹਿਣ 'ਤੇ ਇਹ ਧੰਦਾ ਸ਼ੁਰੂ ਕੀਤਾ ਸੀ ਜੋ ਕਿ ਗੋਇੰਦਵਾਲ ਜੇਲ੍ਹ ਵਿੱਚ ਬੰਦ ਹੈ। ਪੁਲਿਸ ਨੇ ਉਸ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆਉਣ ਮਗਰੋਂ ਬਲਜਿੰਦਰ ਸਿੰਘ, ਆਕਾਸ਼ ਸਿੰਘ, ਸੁਰਜੀਤ ਸਿੰਘ, ਗੁਰਪ੍ਰੀਤ ਸਿੰਘ ਸਾਰੇ ਵਾਸੀਆਨ ਪੱਟੀ ਤੇ ਮੋਹਰ ਸਿੰਘ ਵਾਸੀ ਹਰੀਕੇ ਨੂੰ ਗ੍ਰਿਫ਼ਤਾਰ ਕੀਤਾ। ਗੁਰਪ੍ਰੀਤ ਸਿੰਘ ਤੇ ਮੇਜਰ ਸਿੰਘ ਨੇ ਖੁਲਾਸਾ ਕੀਤਾ ਹੈ ਕਿ ਉਹ ਸਚਿਨ ਕੁਮਾਰ ਵਾਸੀ ਕੋਸੀ ਕਲਾਂ ਜ਼ਿਲ੍ਹਾ ਮਥੁਰਾ ਤੋਂ ਸਪਲਾਈ ਲੈਂਦੇ ਹਨ।

(ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

27 ਦਸੰਬਰ, 2023 ਤੋਂ 3 ਜਨਵਰੀ, 2024

## ਸ਼ਹੀਦੀ ਜੋੜ ਮੇਲਿਆਂ ਨੂੰ ਰਵਾਇਤ ਦੀ ਰੌਸ਼ਨੀ ਵਿੱਚ ਦੇਖਣ ਦੀ ਲੋੜ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ, ਮਾਤਾ ਗੁਜਰ ਕੌਰ ਜੀ, ਸ੍ਰੀ ਅਨੰਦਪੁਰ ਸਾਹਿਬ ਤੋਂ ਕਿਲ੍ਹਾ ਛੱਡਣ ਤੋਂ ਲੈ ਕੇ ਸ੍ਰੀ ਚਮਕੌਰ ਸਾਹਿਬ ਤੱਕ ਦੀਆਂ ਜੰਗਾਂ ਦੇ ਸਮੂਹ ਸ਼ਹੀਦਾਂ ਨੂੰ ਸਰਬੱਤ ਸਿੱਖ ਸੰਗਤ ਪੋਹ ਮਹੀਨੇ ਦੇ ਇਸ ਹਫ਼ਤੇ ਦੌਰਾਨ ਯਾਦ ਕਰਦੀ ਹੈ।

ਇਤਿਹਾਸ ਅੰਦਰ ਇਨ੍ਹਾਂ ਜੰਗਾਂ ਦੌਰਾਨ ਸਿੱਖਾਂ ਦੁਆਰਾ ਔਖ ਸਹਿੰਦਿਆਂ ਜਿਸ ਜਜ਼ਬੇ ਵਿੱਚ ਤੇਗ ਵਾਹੀ ਗਈ, ਸਿਦਕ ਰੱਖ ਕੇ ਸ਼ਹੀਦੀਆਂ ਦਿੱਤੀਆਂ, ਐਸੀ ਮਿਸਾਲ ਦੁਨੀਆਂ ਵਿੱਚ ਮਿਲਣੀ ਮੁਸ਼ਕਿਲ ਹੈ। ਸਿੱਖ ਸਦਾ ਹੀ ਘੱਟ ਗਿਣਤੀ ਵਿੱਚ ਰਹੇ ਹਨ, ਬਾਵਜੂਦ ਇਸਦੇ ਸਿੱਖਾਂ ਨੇ ਆਪਣੀ ਸਮਰੱਥਾ ਨੂੰ ਚਮਕੌਰ ਸਾਹਿਬ ਦੀ ਜੰਗ ਨਾਲ ਮੇਲ ਕੇ ਦੇਖਿਆ ਹੈ, ਜਿੱਥੇ ਵੀ ਦੁਨੀਆਂ ਦੀਆਂ ਵੱਡੀਆਂ ਫ਼ੌਜਾਂ ਨੇ ਸਿੱਖਾਂ ਨੂੰ ਘੇਰਾ ਪਾਇਆ, ਅਜਿਹੇ ਘੇਰੇ ਸਿੱਖਾਂ ਦੇ ਹੌਂਸਲੇ ਨਾ ਤੋੜ ਸਕੇ। ਇਨ੍ਹਾਂ ਘੇਰਿਆਂ ਵਿੱਚ ਸਿੱਖਾਂ ਨੇ ਚਮਕੌਰ ਸਾਹਿਬ ਦੀ ਜੰਗ ਤੋਂ ਪ੍ਰੇਰਣਾ ਲਈ, ਸ਼ਹਾਦਤਾਂ ਦੀ ਪ੍ਰਾਪਤੀ ਲਈ ਨਿਸੰਗ ਹੋਕੇ ਲੜੇ। ਸਿੱਖਾਂ ਨੇ ਚਮਕੌਰ ਸਾਹਿਬ ਦੀ ਜੰਗ ਅਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਨੂੰ ਸਦਾ ਹੀ ਚੜ੍ਹਦੀਕਲਾ ਨਾਲ ਯਾਦ ਕੀਤਾ ਹੈ, ਕਦੇ ਇਸ ਗੱਲ ਨੂੰ ਦੁੱਖ, ਸੋਗ ਵਜੋਂ ਨਹੀਂ ਦੇਖਿਆ। ਚਮਕੌਰ ਸਾਹਿਬ ਦੀ ਜੰਗ ਦੌਰਾਨ ਸਤਿਗੁਰਾਂ ਨੇ ਆਪਣੇ ਹੱਥੀਂ ਸਾਹਿਬਜ਼ਾਦਿਆਂ ਨੂੰ ਜੰਗ ਲਈ ਤੋਰਿਆ। ਸਭ ਕੁਝ ਖੁੱਸ ਜਾਣ ਤੋਂ ਬਾਅਦ ਵੀ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ। ਸਰਹਿੰਦ ਵਿੱਚ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੇ ਅਕਾਲ ਪੁਰਖ ਦਾ ਭਾਣਾ ਮੰਨਣ ਦਾ ਸਬਕ ਦਿੱਤਾ।

ਇਸ ਹਫਤੇ ਵਿੱਚ ਸਿੱਖਾਂ ਦੇ ਸਿੱਖਣ, ਸਮਝਣ ਅਤੇ ਰੂਹ ਨੂੰ ਝੰਜੋੜ ਦੇਣ ਵਾਲੇ ਅਸੰਖ ਵਾਕਿਆਤ ਵਾਪਰੇ ਹਨ, ਇਸਨੂੰ ਸੋਗ ਜਾਂ ਮਾਤਮ ਜਿਹੇ ਨਿਗੂਣੇ ਸ਼ਬਦਾਂ ਨਾਲ ਘਟਾ ਕੇ ਵੇਖਣਾ ਕਮਅਕਲੀ ਹੈ। ਸਿੱਖਾਂ ਨੇ ਅਪਣੀ ਰਵਾਇਤ ਅਤੇ ਸ਼ਰਧਾ ਮੁਤਾਬਿਕ ਸ਼ਬਦ ਘੜ ਕੇ ਇਹਨਾਂ ਸਾਕਿਆਂ ਨੂੰ 'ਸ਼ਹੀਦੀ ਸਭਾ', 'ਸ਼ਹੀਦੀ ਜੋੜ ਮੇਲੇ', 'ਸ਼ਹੀਦੀ ਸਾਕਾ' ਅਤੇ ਸਾਹਿਬਜ਼ਾਦਿਆਂ ਨੂੰ ਬਾਬਿਆਂ ਦੇ ਤੌਰ 'ਤੇ ਯਾਦ ਰੱਖਿਆ ਹੋਇਆ ਹੈ। ਸਿੱਖ ਇਸ ਇਤਿਹਾਸ ਦੇ ਵਾਰਿਸ ਹਨ। ਕੋਈ ਵੀ ਵਕਤੀ ਹਕੂਮਤ ਦੇ ਸ਼ਬਦਾਂ ਨੂੰ ਨਾ ਸਿੱਖਾਂ ਨੇ ਪਹਿਲਾਂ ਪ੍ਰਵਾਨ ਕੀਤਾ ਹੈ, ਨਾ ਹੀ ਹੁਣ ਕਰਨਾ ਹੈ। ਪਿਛਲੇ ਲੰਬੇ ਚਿਰ ਤੋਂ ਹਕੂਮਤਾਂ ਨੇ ਸਿੱਖਾਂ ਨੂੰ ਹਰ ਪਾਸਿਆਂ ਤੋਂ ਮਿਟਾ ਦੇਣ ਜਾਂ ਉਨ੍ਹਾਂ ਦੀ ਪਛਾਣ ਨੂੰ ਰਲਗੱਡ ਕਰਨ ਦੇ ਯਤਨ ਅਰੰਭੇ ਹੋਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਭੰਗ ਕਰਨ, ਗੁਰਧਾਮਾਂ ਉੱਪਰ ਹਮਲੇ ਕਰਨ, ਸਿੱਖਾਂ ਨੂੰ ਆਪੋ ਵਿੱਚ ਵੰਡਣ, ਸਿੱਖ ਇਤਿਹਾਸ ਖਤਮ ਕਰਨ ਦੀਆਂ ਕੋਸ਼ਿਸ਼ਾਂ ਕਈ ਹਕੂਮਤਾਂ ਵੱਲੋਂ ਹੋਈਆਂ ਹਨ, ਹੁਣ ਦੀ ਦਿੱਲੀ ਹਕੂਮਤ ਵੱਲੋਂ ਸਿੱਖਾਂ ਨੂੰ ਹਿੰਦੂਆਂ ਦਾ ਇੱਕ ਹਿੱਸਾ ਦਰਸਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾਂਦਾ ਹੈ। ਸਾਹਿਬਜ਼ਾਦਿਆਂ ਨੂੰ ਸਿਰਫ਼ ਬਾਲ/ਬੱਚਿਆਂ ਦੇ ਤੌਰ 'ਤੇ ਪੇਸ਼ ਕਰਨ ਦੀ ਕਵਾਇਦ ਚੱਲ ਰਹੀ ਹੈ, ਜੋਕਿ ਸਿੱਖ ਸਿਧਾਂਤਾ ਦੇ ਵਿਰੁੱਧ ਹੈ। ਪੰਜਾਬ ਦੇ ਸੂਬੇਦਾਰ ਵੱਲੋਂ ਇਸ ਚੜ੍ਹਦੀਕਲਾ ਵਾਲੇ ਦਿਹਾੜੇ ਨੂੰ ਮਾਤਮ ਦਿਵਸ ਵਜੋਂ ਮਨਾਉਣ ਦੇ ਕੀਤੇ ਐਲਾਨ ਨੂੰ ਸਿੱਖ ਸੰਗਤ ਨੇ ਸਿਰੇ ਤੋਂ ਨਕਾਰ ਦਿੱਤਾ। ਸਿੱਖਾਂ ਦੀਆਂ ਛੋਟੀਆਂ ਵੱਡੀਆਂ ਸਭ ਸੰਸਥਾਵਾਂ ਸਮੇਤ ਦੁਨੀਆਂ ਭਰ ਦੇ ਸਿੱਖਾਂ ਨੇ ਮੁੱਖ ਮੰਤਰੀ ਨੂੰ ਅਜਿਹੀ ਹਰਕਤ ਕਾਰਨ ਤੋਂ ਵਰਜਦਿਆਂ ਆਖਿਆ ਕਿ ਸ਼ਹਾਦਤਾਂ ਦਾ ਮਾਤਮ ਨਹੀਂ ਮਨਾਇਆ ਜਾਂਦਾ, ਸ਼ਹਾਦਤਾਂ ਚੜ੍ਹਦੀਕਲਾ ਲਈ ਦਿੱਤੀਆਂ ਜਾਂਦੀਆ ਹਨ।

ਸ਼ਹੀਦੀ ਜੋੜ ਮੇਲੇ 'ਤੇ ਵਿਚਰਦਿਆਂ ਸਮੂਹ ਸਿੱਖਾਂ ਨੂੰ ਜੋੜ ਮੇਲਿਆਂ ਨੂੰ ਰਵਾਇਤ ਦੀ ਰੌਸ਼ਨੀ ਵਿੱਚ ਦੇਖਣ ਦਾ ਯਤਨ ਕਰਨਾ ਚਾਹੀਦਾ ਹੈ। ਸ਼ਹੀਦੀ ਜੋੜ ਮੇਲੇ ਉੱਪਰ ਪੰਜਾਬ ਭਰ ਵਿਚੋਂ ਸਿੱਖ ਸੰਗਤ ਲੰਗਰ ਲਈ ਰਸਦਾਂ ਲੈ ਕੇ ਪਹੁੰਚਦੀ ਹੈ। ਕਈ ਵੀਰਾਂ ਵੱਲੋਂ ਇਨ੍ਹਾਂ ਦਿਨਾਂ ਵਿੱਚ ਮਿੱਠੇ ਪਕਵਾਨਾਂ ਦੇ ਲੰਗਰ ਲਗਾਏ ਜਾਂਦੇ ਹਨ, ਜੋ ਜਿਆਦਾ ਕਰਕੇ ਜੀਭ ਦੇ ਰਸਾਂ ਦੀ ਪੂਰਤੀ ਹੀ ਕਰਦੇ ਹਨ। ਸ਼ਹਾਦਤਾਂ ਨੂੰ ਜਸ਼ਨ ਵਜੋਂ ਸਮਝਦਿਆਂ ਮਿੱਠੇ ਪਕਵਾਨਾਂ ਦੀ ਵਕਾਲਤ ਵੀ ਹੁੰਦੀ ਹੈ, ਨਾਲ ਹੀ ਮਿੱਠੇ ਦੇ ਲੰਗਰਾਂ ਨੂੰ ਬੰਦ ਕਰਵਾਉਣ ਲਈ ਕੀਤੇ ਯਤਨਾਂ ਵਿੱਚ ਇਨ੍ਹਾਂ ਦਿਨਾਂ ਨੂੰ ਦੁੱਖ ਦੇ ਦਿਨਾਂ ਸਮਾਨ ਕਹਿਣ ਦੀ ਗੱਲ ਚੱਲਦੀ ਹੈ। ਇਹ ਗਲਤ ਪਿਰਤ ਤਾਂ ਪੈਣ ਲੱਗੀ ਸੀ ਕਿ ਅਸੀਂ ਮਿੱਠੇ ਦੇ ਲੰਗਰਾਂ ਨੂੰ ਸੰਸਾਰਿਕ ਦਲੀਲ ਨਾਲ ਬੰਦ ਕਰਵਾਉਣਾ ਚਾਹਿਆ। ਗੁਰਬਾਣੀ ਅਜਿਹੇ ਭੋਜਨ ਦੀ ਹਾਮੀ ਭਰਦੀ ਹੈ, ਜੋ ਭੁੱਖ ਨੂੰ ਦੂਰ ਕਰੇ, ਸਰੀਰ ਦੀ ਤੰਦਰੁਸਤੀ ਵਧਾਵੇ, ਨਾਲ ਹੀ ਮਨ ਅੰਦਰ ਵਿਕਾਰ ਵੀ ਪੈਦਾ ਨਾ ਹੋਣ। ਸਿੱਖਾਂ ਨੂੰ ਦੁੱਖ, ਸੁੱਖ, ਸਵਾਦਾਂ ਤੋਂ ਨਿਰਲੇਪ ਰਹਿਣ ਦੀ ਪ੍ਰੇਰਨਾ ਦਿੰਦਾ ਸਾਦਾ ਲੰਗਰ ਹੀ ਤਿਆਰ ਕਰਨਾ/ਕਰਵਾਉਣਾ ਚਾਹੀਦਾ ਹੈ। ਦੂਸਰੀ ਗੱਲ ਸਿੱਖਾਂ ਦੇ ਹਕੂਮਤ ਨਾਲ ਜੁੜੇ ਇੱਕ ਹਿੱਸੇ ਵੱਲੋਂ ਕਾਫੀ ਚਿਰ ਦੀ ਉਠਾਈ ਜਾ ਰਹੀ ਸੀ ਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਰਕਾਰੀ ਤੌਰ 'ਤੇ ਪੂਰੇ ਇੰਡੀਆਂ ਦੇ ਖਿੱਤੇ ਵਿੱਚ ਮਨਾਇਆ ਜਾਣਾ ਚਾਹੀਦਾ ਹੈ। ਇਹ ਗੱਲ ਵੀ ਗੁਰਮਤਿ ਅਨੁਸਾਰ ਸਹੀ ਨਹੀਂ ਹੈ। ਹਕੂਮਤਾਂ ਦੁਆਰਾ ਪ੍ਰਚਲਿਤ ਦਿਹਾੜੇ ਹਕੂਮਤਾਂ ਦੇ ਖਾਤਮੇ ਦੇ ਨਾਲ ਹੀ ਖਤਮ ਹੋ ਜਾਂਦੇ ਹਨ। ਗੁਰਮਤਿ ਅਨੁਸਾਰ ਸਿੱਖਾਂ ਨੂੰ ਅਕਾਲ ਪੁਰਖ ਉੱਪਰ ਟੇਕ ਰੱਖਦਿਆਂ ਇਤਿਹਾਸਿਕ ਦਿਹਾੜਿਆਂ ਨੂੰ ਰਵਾਇਤ ਅਨੁਸਾਰ ਮਨਾਉਣਾ ਚਾਹੀਦਾ ਹੈ। ਬਿਪਰਵਾਦੀ ਦਿੱਲੀ ਦਰਬਾਰ ਹਰ ਵੇਲੇ ਸਿੱਖਾਂ ਨੂੰ ਆਪਣੇ ਵਿੱਚ ਜ਼ਜ਼ਬ ਕਰਕੇ ਹਿੰਦੂ ਬਣਾਉਣ ਦੀ ਨੀਤੀ ਜਾਂ ਪੂਰਨ ਤੌਰ 'ਤੇ ਖਤਮ ਕਰਨ ਦੀਆਂ ਕੋਸ਼ਿਸਾਂ ਵਿੱਚ ਰਹਿੰਦਾ ਹੈ। ਅਜਿਹੇ ਵਿੱਚ ਸਿੱਖਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਹਕੂਮਤ ਸਿੱਖਾਂ ਦਾ ਇਤਿਹਾਸ ਅਸਲ ਰੂਪ ਵਿੱਚ ਕਦੇ ਪ੍ਰਗਟ ਨਹੀਂ ਹੋਣ ਦੇਵੇਗੀ, ਸਗੋਂ ਸਿੱਖ ਇਤਿਹਾਸ ਨੂੰ ਹਿੰਦੂ ਇਤਿਹਾਸ ਦਾ ਹੀ ਇੱਕ ਅੰਗ ਬਣਾਉਣ ਦੀ ਕੋਸ਼ਿਸ ਕਰਕੇ ਸਿੱਖਾਂ ਨੂੰ ਨਿਆਰੀ ਕੌਮ ਨਹੀਂ ਰਹਿਣ ਦੇਵੇਗੀ। ਸਾਹਿਬਜ਼ਾਦਿਆਂ ਨੂੰ ਬਾਬਾ ਤੋਂ ਬਾਲ ਰੂਪ ਵਿੱਚ ਪੇਸ਼ ਕਰਨ, ਉਨ੍ਹਾਂ ਦੀ ਸਕੂਲਾਂ ਕਾਲਜਾਂ ਵਿੱਚ ਨਕਲ ਨੂੰ ਉਤਸ਼ਾਹਿਤ ਕਰਨ ਦੀਆਂ ਕੋਸ਼ਿਸਾਂ ਹੋਣ ਲੱਗੀਆਂ ਹਨ। ਜੋਕਿ ਸਿੱਖ ਸਿਧਾਂਤਾ ਤੋਂ ਉਲਟ ਗੱਲ ਹੈ। ਜਿਸਨੂੰ ਸਿੱਖ ਪ੍ਰਵਾਨ ਨਹੀਂ ਕਰਦੇ, ਭਾਵੇਂ ਇਹ ਗੱਲਾਂ ਗੁਰੂ ਖਾਲਸਾ ਪੰਥ ਦੀ ਚੜ੍ਹਦੀਕਲਾ ਨੂੰ ਮੁੱਖ ਰੱਖਕੇ ਹੀ ਚੁੱਕੀਆਂ ਗਈਆਂ ਹੋਣ, ਜਾਣੇ ਅਣਜਾਣੇ ਵਿੱਚ ਸਿੱਖ ਰਵਾਇਤਾਂ ਦੀ ਰੌਸ਼ਨੀ ਤੋਂ ਦੂਰ ਹੱਟ ਕੇ ਸਾਡੇ ਮਨਾਂ ਵਿੱਚ ਆਏ ਖਿਆਲ ਗੁਰੂ ਖਾਲਸਾ ਪੰਥ ਦਾ ਨੁਕਸਾਨ ਹੀ ਕਰਨਗੇ, ਫਾਇਦਾ ਨਹੀਂ ਕਰ ਸਕਣਗੇ। ਸਿੱਖ ਨੂੰ ਅਪਣਾ ਹਰ ਕਦਮ ਰਵਾਇਤਾਂ ਅਤੇ ਸਿਧਾਂਤਾ ਦੀ ਰੌਸ਼ਨੀ ਵਿੱਚ ਪਰਖਣ ਦੀ ਲੋੜ ਹੈ, ਆਪਣੀ ਮੱਤ ਵਿਚੋਂ ਖਿਲਾਰੇ ਬੀਜ ਭਾਵੇਂ ਅਸੀ ਜੌਂ ਸਮਝਕੇ ਸੁੱਟੇ ਹੋਣ, ਪਰ ਗੁਰੂ ਦੀ ਨਦਰ ਤੋਂ ਬਿਨਾਂ ਇਨ੍ਹਾਂ ਬੀਜਾਂ ਨੇ ਅਨਾਜ ਨਹੀਂ ਕੰਡੇ ਬਣ ਕੇ ਹੀ ਉੱਗਣਾ ਹੈ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਪਾਰਲੀਮੈਂਟ 'ਚ ਬੇਰੁਜ਼ਗਾਰਾਂ ਦਾ ਸਮੋਕ ਬੰਬ ਐਕਸ਼ਨ ਬਨਾਮ ਸ਼ਹੀਦ ਭਗਤ ਸਿੰਘ





ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਸਭ ਤੋਂ ਪਹਿਲੀ ਅਤੇ ਵੱਡੀ ਗੱਲ ਇਹ ਹੈ ਕਿ ਤੇਰਾਂ ਤਾਰੀਖ ਨੂੰ ਜੋ ਪਾਰਲੀਮੈਂਟ ਹਾਊਸ ਵਿੱਚ ਬੇਰੁਜ਼ਗਾਰਾਂ ਵੱਲੋਂ ਪਾਰਲੀਮੈਂਟ ਦੇ ਅੰਦਰ ਅਤੇ ਬਾਹਰ ਐਕਸ਼ਨ ਕੀਤਾ ਗਿਆ, ਉਹ ਬਿਨਾਂ ਜਾਨੀ ਨੁਕਸਾਨ ਤੋਂ ਹੋ ਨਿੱਬੜਿਆ। ਜਾਨੀ ਨੁਕਸਾਨ ਤੋਂ ਬਹੁਤ ਛੋਟਾ ਅਤੇ ਬੇਰੁਜ਼ਗਾਰ ਨੌਜਵਾਨ ਆਪਣੀਆਂ ਮੰਗਾਂ ਨੂੰ ਦੇਸ਼ ਦੇ ਚਾਰੋਂ ਕੋਨਿਆਂ ਤਕ ਪਹੁੰਚਾਉਣ ਵਿੱਚ ਸੌ ਫ਼ੀਸਦੀ ਕਾਮਯਾਬ ਰਹੇ। ਅਸੀਂ ਅਜਿਹੇ ਐਕਸ਼ਨਾਂ ਦੇ ਪ੍ਰਸ਼ੰਸਕ ਨਹੀਂ ਪਰ ਫਿਰ ਵੀ ਸਾਨੂੰ ਇਸ ਗੱਲ ਦਾ ਕਾਫ਼ੀ ਸਕੂਨ ਹੈ ਕਿ ਕੋਈ ਜਿਸਮਾਨੀ ਨੁਕਸਾਨ ਨਹੀਂ ਹੋਇਆ। ਸਿਰਫ਼ ਦੋਸ਼ੀ ਹੀ ਛਿੱਤਰ ਪਰੇਡ ਦੇ ਭਾਗੀ ਬਣੇ।

ਪਾਰਲੀਮੈਂਟ ਵਿੱਚ ਹੋਇਆ ਉਪਰੋਕਤ ਐਕਸ਼ਨ ਸਾਨੂੰ ਉਸੇ ਤਰ੍ਹਾਂ ਸ਼ਹੀਦ ਭਗਤ ਸਿੰਘ ਦੇ ਅਸੰਬਲੀ ਵਿੱਚ ਨਕਲੀ ਬੰਬ ਸੁੱਟਣ ਤੋਂ ਪ੍ਰੇਰਿਤ ਹੋਇਆ ਲਗਦਾ ਹੈ ਜਿਵੇਂ ਕਿਸੇ ਵੇਲੇ ਸਰਦਾਰ ਭਗਤ ਸਿੰਘ ਆਪਣੀ ਜਵਾਨੀ ਵਿੱਚ ਫਰਾਂਸ ਦੇ ਇੱਕ ਬੇਲਾਂ ਨਾਂਅ ਦੇ ਨੌਜਵਾਨ ਦੇ ਐਕਸ਼ਨ ਤੋਂ ਪ੍ਰਭਾਵਤ ਹੋਏ ਲਗਦੇ ਸਨ। ਇਸ ਪਾਰਲੀਮੈਂਟ ਵਿੱਚ ਹੋਏ ਐਕਸ਼ਨ ਨੂੰ ਕਿਸੇ ਵੀ ਤਰ੍ਹਾਂ ਅੱਤਵਾਦੀ ਘਟਨਾਵਾਂ ਨਾਲ ਜੋੜਿਆ ਨਹੀਂ ਜਾ ਸਕਦਾ। ਉਂਝ ਇਸ ਸਮੁੱਚੀ ਘਟਨਾ ਦਾ ਸਮੁੱਚਾ ਇਤਫਾਕ ਦੇਖੋ ਕਿ ਇਹ ਘਟਨਾ ਵੀ ਠੀਕ ਬਾਈ ਸਾਲ ਬਾਅਦ ਪਾਰਲੀਮੈਂਟ ਵਿੱਚ ਵਾਪਰੀ, ਜਿਸ ਘਟਨਾ ਨੂੰ ਉਨ੍ਹਾਂ ਸਵੇਰੇ ਸਵੇਰੇ ਹੀ ਯਾਦ ਕਰਕੇ ਸੰਬੰਧਤ ਸ਼ਹੀਦਾਂ ਨੂੰ ਸਮੁੱਚੀ ਪਾਰਲੀਮੈਂਟ ਮੈਂਬਰਾਂ ਨੇ ਨੌਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਸੀ। ਅਗਲੀ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਘਟਨਾ ਉਸ ਨਵੇਂ ਪਾਰਲੀਮੈਂਟ ਹਾਊਸ ਵਿੱਚ ਵਾਪਰੀ ਜੋ ਭਾਰਤ ਵਿੱਚ ਵੱਧ ਸੁਰੱਖਿਅਤ ਹੈ ਅਤੇ ਜਿਸ ਪਾਰਲੀਮੈਂਟ ਹਾਊਸ ਨੂੰ ਕਈ ਵਿਰੋਧਾਂ ਦੇ ਬਾਵਜੂਦ ਮੋਦੀ ਦੀ ਜ਼ਿਦ ਨੇ ਸਾਰੇ ਆਧੁਨਿਕ ਉਪਕਰਨਾਂ ਦੀ ਸਹੂਲਤ ਨਾਲ ਸਿਰੇ ਚਾੜ੍ਹਿਆ ਸੀ। ਸਾਥੀਓ, ਇਹ ਵੀ ਇਤਫਾਕ ਦੀ ਹੀ ਗੱਲ ਹੈ ਕਿ ਸੰਬੰਧਤ ਦੋਸ਼ੀ ਧਿਰ ਨੂੰ ਪਾਸ ਜਾਰੀ ਕਰਨ ਵਾਲਾ ਵੀ ਸੰਸਦ ਭਾਜਪਾ ਪਾਰਟੀ ਦਾ ਮੈਂਬਰ ਹੈ। ਬੇਰੁਜ਼ਗਾਰ ਨੌਜਵਾਨਾਂ ਨੇ ਸਭ ਤਰ੍ਹਾਂ ਦੀ ਸਿਕਿਉਰਿਟੀ ਦੀਆਂ ਧੱਜੀਆਂ ਉਡਾ ਕੇ ਆਪਣਾ ਸੁਨੇਹਾ ਪਾਰਲੀਮੈਂਟ ਸਾਧਨਾਂ ਰਾਹੀਂ ਦੇਸ਼ ਦੇ ਕੋਨੇ-ਕੋਨੇ ਵਿੱਚ ਪਹੁੰਚਾਇਆ। ਉਨ੍ਹਾਂ ਦੋਵਾਂ ਵਿੱਚੋਂ ਇੱਕ ਸ਼ਰਮਾ ਹੈ। ਸ਼ੁਕਰ ਹੈ ਕਿ ਕੋਈ ਪੰਜਾਬੀ ਜਾਂ ਮੁਸਲਮਾਨ ਨਹੀਂ ਨਿਕਲਿਆ।

ਹੁਣ ਸੰਪੂਰਨ ਪੜਤਾਲ ਤੋਂ ਬਾਅਦ ਪਤਾ ਲੱਗੇਗਾ ਕਿ ਇਸ ਘਟਨਾ ਦੇ ਪਾਤਰ ਇਹ ਚਾਰ ਵਿਅਕਤੀ ਵਾਕਿਆ ਹੀ ਬੇਰੁਜ਼ਗਾਰ ਹਨ? ਉਨ੍ਹਾਂ ਵਿੱਦਿਆ ਕਿੱਥੋਂ ਤਕ ਪ੍ਰਾਪਤ ਕੀਤੀ ਹੈ? ਉਹ ਪਿਛਲੇ ਕਿੰਨੇ ਸਮੇਂ ਤੋਂ ਬੇਰੁਜ਼ਗਾਰ ਚੱਲ ਰਹੇ ਹਨ? ਉਨ੍ਹਾਂ ਦਾ ਪਰਿਵਾਰਕ ਪਿਛੋਕੜ ਕੀ ਹੈ? ਉਹ ਸਮੇਂ-ਸਮੇਂ ਕਿਸ ਸਿਆਸੀ ਪਾਰਟੀ ਨਾਲ ਸੰਬੰਧਤ ਰਹੇ? ਉਹ ਕਿਸ ਤਰ੍ਹਾਂ ਦੀ ਐੱਨ ਜੀ ਓ ਨਾਲ ਸੰਬੰਧਤ ਹਨ ਜਾਂ ਸੰਬੰਧਤ ਰਹੇ ਹਨ? ਕੀ ਅਜਿਹੀ ਕਾਰਵਾਈ ਉਨ੍ਹਾਂ ਬੇਰੁਜ਼ਗਾਰੀ ਕਰਕੇ ਆਪਣੇ ਪੇਟ ਦੀ ਖਾਤਰ ਕੀਤੀ ਹੈ ਜਾਂ ਕਿਸੇ ਲਾਲਚ ਵੱਸ? ਅਜਿਹੀਆਂ ਸਾਰੀਆਂ ਗੱਲਾਂ ਦਾ ਉੱਤਰ ਨਿਰਪੱਖ ਇਨਕੁਆਰੀ ਤੋਂ ਬਾਅਦ ਪਤਾ ਲੱਗੇਗਾ।

ਅਗਰ ਬੇਰੁਜ਼ਗਾਰੀ, ਮਹਿੰਗਾਈ, ਸਿਹਤ ਸੇਵਾਵਾਂ ਦੀ ਬਾਤ ਪਾਈ ਜਾਵੇ ਤਾਂ ਮੋਦੀ ਸਾਹਿਬ ਦੇ ਕਹਿਣ ਮੁਤਾਬਕ, ਇਨ੍ਹਾਂ ਵਿਸ਼ਿਆਂ ਵਿੱਚ ਭਾਰਤ ਆਗੂ ਰੋਲ ਅਦਾ ਕਰ ਰਿਹਾ ਹੈ। ਅਸਲੀਅਤ ਦੇ ਉਲਟ ਜਾ ਕੇ ਗੋਦੀ ਮੀਡੀਏ ਦੀ ਅਤੇ ਅੰਧ ਭਗਤਾਂ ਦੀ ਮਦਦ ਨਾਲ ਜੋ ਕੁਝ ਪ੍ਰਚਾਰਿਆ ਜਾਂਦਾ ਹੈ, ਉਸ ਦਾ ਅਸਲੀਅਤ ਨਾਲ ਘੱਟ, ਸੁਪਨਿਆਂ ਨਾਲ ਰਿਸ਼ਤਾ ਜ਼ਿਆਦਾ ਜੁੜਦਾ ਹੈ। ਪਹਿਲੇ ਸਮਿਆਂ ਵਿੱਚ ਮੋਦੀ ਜੀ ਦਾ ਗੁਜਰਾਤ ਮਾਡਲ, ਜੋ ਹੁਣ ਤਕਰੀਬਨ ਫੇਲ ਹੋ ਚੁੱਕਾ ਹੈ, ਭਾਰਤ ਦਾ ਸੁਪਰ ਮਾਡਲ ਕਹਾਉਂਦਾ ਹੁੰਦਾ ਸੀ। ਅੱਜ ਕੱਲ੍ਹ ਬੁਲਡੋਜ਼ਰ ਦਾ ਜ਼ਿਆਦਾ ਚਰਚਾ ਕਰਕੇ ਯੂ ਪੀ ਨੂੰ ਆਦਰਸ਼ ਸੂਬਿਆਂ ਵਿੱਚ ਗਿਣਿਆ ਜਾਂਦਾ ਹੈ। ਜਦੋਂ ਕਿ ਅਸਲੀਅਤ ਇਸਦੇ ਉਲਟ ਹੈ। ਇੱਕ ਨਵੇਂ ਵੀਹ ਸੌ ਤੇਈ ਦੇ ਐੱਨ. ਸੀ. ਆਰ. ਬੀ. ਦੇ ਸਰਵੇ ਮੁਤਾਬਕ ਹੱਤਿਆ, ਬਲਾਤਕਾਰ, ਇਸਤਰੀਆਂ ਉੱਤੇ ਜੁਰਮ ਵਿੱਚ ਯੂ ਪੀ ਤਕਰੀਬਨ ਸਾਰੇ ਸੂਬਿਆਂ ਵਿੱਚੋਂ ਅੱਗੇ ਹੈ, ਜਿਸ ਨੂੰ ਤੁਸੀਂ ਅਸਾਨੀ ਨਾਲ ਜੰਗਲ ਰਾਜ ਦੇ ਨਾਂਅ ਨਾਲ ਵੀ ਪੁਕਾਰ ਸਕਦੇ ਹੋ।

ਸਮਝਣ ਤੋਂ ਸਭ ਕੁਝ ਬਾਹਰ ਹੈ ਜਦੋਂ ਪੜ੍ਹੀ-ਸੁਣੀਦਾ ਹੈ ਕਿ ਬੱਤੀ ਕਰੋੜ ਦੀ ਅਬਾਦੀ ਵਾਲਾ ਅਮਰੀਕਾ ਦੁਨੀਆਂ ਦਾ ਲੀਡਰ ਬਣੀ ਫਿਰਦਾ ਹੈ। ਪਰ ਅਮਰੀਕਾ ਤੋਂ ਚੌਗੁਣੀ ਅਬਾਦੀ ਵਾਲਾ ਭਾਰਤ, ਜਿਸ ਦੇਸ਼ ਪਾਸ ਅਮਰੀਕਾ ਦੀ ਅਬਾਦੀ ਤੋਂ ਵੱਧ ਦੇਵੀ-ਦੇਵਤੇ ਹੋਣ, ਜਾਣੀ ਤੇਤੀ ਕਰੋੜ ਦੇਵਤੇ ਹੋਣ, ਫਿਰ ਵੀ ਘੱਟ ਅਬਾਦੀ ਵਾਲੇ ਅਮਰੀਕਾ ਦੀ ਪੂਛ ਫੜੀ ਬੈਠਾ ਹੋਵੇ, ਕਿੰਨੇ ਅਫ਼ਸੋਸ ਦੀ ਗੱਲ ਹੈ। ਭਾਰਤ ਵਿੱਚ ਤਾਂ ਸਾਰੀ ਤਰ੍ਹਾਂ ਦੀ ਤਰੱਕੀ ਤੋਂ ਵੱਧ ਸਿਰਫ਼ ਪ੍ਰਚਾਰ ਹੀ ਹੈ ਜੋ ਦਿਨ-ਰਾਤ ਲਗਾਤਾਰ ਹੁੰਦਾ ਰਹਿੰਦਾ ਹੈ। ਪ੍ਰਚਾਰ ਵੀ ਉਹ, ਜਿਹੜਾ ਅਸਲੀਅਤ ਤੋਂ ਕੋਹਾਂ ਦੂਰ ਹੁੰਦਾ ਹੈ। ਉਦਾਹਰਣ ਲਈ ਤੁਸੀਂ ਪੰਜਾਂ ਸੂਬਿਆਂ ਦੀਆਂ ਚੋਣਾਂ ਦੀ ਗੱਲ ਕਰ ਲਵੋ, ਜਿਸ ਵਿੱਚ ਕਾਂਗਰਸ ਸਿਰਫ਼ ਇੱਕ ਸੂਬਾ ਜਿੱਤ ਸਕੀ ਹੈ ਪਰ ਭਾਜਪਾ ਈ. ਵੀ. ਐੱਮ. ਮਸ਼ੀਨ ਸਮੇਤ ਕਈ ਹੋਰ ਕਾਰਨਾਂ ਕਰਕੇ ਸਿਰਫ਼ ਇੱਕ ਸੂਬਾ ਹੀ ਵੱਧ ਜਿੱਤ ਚੁੱਕੀ ਹੈ, ਜਿਸਦਾ ਪਿਛਲੇ ਸਾਢੇ ਨੌਂ ਸਾਲ ਤੋਂ ਜ਼ਿਆਦਾ ਸਮੇਂ ਤੋਂ ਸੈਂਟਰ ਵਿੱਚ ਰਾਜ ਰਿਹਾ ਹੋਵੇ, ਜੋ ਸਾਰੀ ਤਰ੍ਹਾਂ ਦੀਆਂ ਜਾਂਚ ਏਜੰਸੀਆਂ ਦੀ ਸਵਾਰੀ ਕਰਦੀ ਹੋਵੇ। ਪਰ ਭਾਜਪਾ ਵਾਲੇ ਇਸ ਜਿੱਤ ਨੂੰ ਕਰੋੜਾਂ ਰੁਪਇਆ ਖਰਚ ਕੇ ਇਵੇਂ ਪ੍ਰਚਾਰ ਰਹੇ ਹਨ, ਜਿਵੇਂ ਉਸ ਨੇ ਦੁਨੀਆਂ ਉੱਤੇ ਜਿੱਤ ਪ੍ਰਾਪਤ ਕਰ ਲਈ ਹੋਵੇ, ਜਦੋਂ ਕਿ ਤਿੰਨ ਸੂਬਿਆਂ ਦੀ ਜਿੱਤ ਦੇ ਮੋਦੀ ਫੈਕਟਰ ਨਾ ਹੋ ਕੇ ਹੋਰ ਕਾਰਨ ਹਨ। ਪਰ ਲੋਕਾਂ ਵਿੱਚ ਪ੍ਰਚਾਰ ਰਾਹੀਂ ਮੋਦੀ ਗਰੰਟੀ ਭਰਮ ਪੈਦਾ ਕੀਤਾ ਜਾ ਰਿਹਾ ਹੈ। ਉਂਝ ਹਰ ਜਿੱਤ ਦਾ ਸਿਹਰਾ ਹਮੇਸ਼ਾ ਨੇਤਾ ਸਿਰ ਹੀ ਬੱਝਦਾ ਹੈ। ਦੇਸ਼ ਦੀਆਂ ਵੱਖ-ਵੱਖ ਘਟਨਾਵਾਂ ਅਤੇ ਦੁਰਘਟਨਾਵਾਂ ਵਾਪਰਨ ਵਾਂਗ ਵੀਹ ਸੌ ਚੌਵੀ ਦਾ ਦੰਗਲ ਵੀ ਦਿਨੋਂ-ਦਿਨ ਨੇੜੇ ਆ ਰਿਹਾ ਹੈ। ਸਮਾਂ ਬੀਤਦਾ ਜਾ ਰਿਹਾ ਹੈ। ਸਮੁੱਚਾ ਦੇਸ਼ ਤਕਰੀਬਨ ਦੋ ਗੁੱਟਾਂ ਵਿੱਚ ਵੰਡਿਆ ਜਾ ਚੁੱਕਾ ਹੈ। ਆਪੋ ਆਪਣੇ ਗਰੁੱਪ ਦੀ ਸ਼ਨਾਖਤ ਕਰਕੇ ਉਸ ਲਈ ਕੰਮ ਕਰਨਾ ਅੱਜ ਹੀ ਸ਼ੁਰੂ ਕਰ ਦਿਓ। ਇੰਡੀਆ ਗਰੁੱਪ ਨੂੰ ਨੇਕ ਸਲਾਹ ਇਹੋ ਹੀ ਦਿੱਤੀ ਜਾ ਸਕਦੀ ਹੈ ਕਿ ਕਦੇ ਵੀ ਆਪਣੀਆਂ ਲੀਹਾਂ ਨਾ ਪਾੜੋ। ਤਜਰਬੇ ਨੇ ਸਾਫ਼ ਕਰ ਦਿੱਤਾ ਹੈ ਕਿ ਜਦੋਂ ਵੀ ਇੰਡੀਆ ਗਰੁੱਪ ਦੀ ਸਭ ਤੋਂ ਵੱਡੀ ਭਾਈਵਾਲ ਪਾਰਟੀ ਨੇ ਆਪਣੀ ਧਰਮ-ਨਿਰਪੱਖ ਨੀਤੀ ਤੋਂ ਹਟ ਕੇ ਦੂਜੀ ਲੀਹ 'ਤੇ ਪੈਣ ਦੀ ਕੋਸ਼ਿਸ਼ ਕੀਤੀ, ਗੱਡਾ ਉੱਥੇ ਹੀ ਫਸ ਗਿਆ। ਕਮਲਨਾਥ ਦਾ ਅਖੌਤੀ ਧਰਮ ਗੁਰੂਆਂ ਦਾ ਅਸ਼ੀਰਵਾਦ ਪ੍ਰਾਪਤ ਕਰਨਾ ਤੇ ਜਨਤਾ ਨੂੰ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰਨਾ ਕਿ ਧਰਮ ਨੂੰ ਵਰਤਣ ਵਿੱਚ ਅਸੀਂ ਕਿਸੇ ਤੋਂ ਘੱਟ ਨਹੀਂ, ਕਮਲਨਾਥ ਨੂੰ ਕਮਲਾ ਕਰ ਗਿਆ। ਜਿਸ ਲੀਡਰ ਦੇ ਭਾਸ਼ਨ ਜਾਂ ਫੇਰੀ ਨਾਲ ਫਾਇਦਾ ਹੋ ਸਕਦਾ ਹੈ, ਉਸ ਨੂੰ ਜ਼ਰੂਰ ਅਜ਼ਮਾਓ। ਮੱਤਭੇਦ ਦਾ ਹੱਲ ਹੋ ਗਿਆ, ਇਸ ਸ਼ਬਦ ਤੋਂ ਇਲਾਵਾ ਇਕੱਠ ਜਾਂ ਏਕਾ ਜਨਤਾ ਨੂੰ ਦਿਸਣਾ ਚਾਹੀਦਾ ਹੈ। ਚੋਣ ਖ਼ਤਮ ਹੋਣ ਤਕ ਲੀਡਰ ਨੂੰ ਲੋਕਾਂ ਵਿੱਚ ਹੀ ਗਵਾਚੇ ਰਹਿਣਾ ਚਾਹੀਦਾ ਹੈ। ਕਹਿਣੀ ਅਤੇ ਕਰਨੀ ਵਿੱਚ ਫ਼ਰਕ ਨਹੀਂ ਹੋਣਾ ਚਾਹੀਦਾ। ਚਾਹੁੰਦੇ ਹੋਏ ਵੀ ਗਲਤ ਸ਼ਬਦਾਂ ਦੀ ਵਰਤੋਂ ਨਾ ਕਰੋ। ਉਹ ਵਾਅਦਾ ਕਦੀ ਨਹੀਂ ਕਰਨਾ ਚਾਹੀਦਾ, ਜਿਸਦੀ ਭਰਪਾਈ ਨਾ ਹੋ ਸਕੇ। ਆਪਣੇ ਮੈਨੀਫੈਸਟੋ ਮੁਤਾਬਕ ਪ੍ਰਚਾਰਕ ਬਣੋ। ਅਗਰ ਉਪਰੋਕਤ ਬਿਨ ਮੰਗੀ ਸਲਾਹ ਮੁਤਾਬਕ ਹੋਵੇਗਾ ਤਾਂ ਫਿਰ ਤੁਸੀਂ ਆਪਣੇ ਆਪ ਨੂੰ ਆਪਣੇ ਟੀਚੇ ਦੇ ਨੇੜੇ ਵੱਧ ਪਾਉਗੇ।

ਸ਼ਾਇਦ ਪਾਠਕਾਂ ਦੇ ਧਿਆਨ ਵਿੱਚ ਹੋਵੇ ਕਿ ਪਿਛਲੇ ਹਫ਼ਤੇ ਰਾਜ ਸਭਾ ਨੇ ਵੀ ਉਸ ਬਿੱਲ ਉੱਤੇ ਮੋਹਰ ਲਾ ਦਿੱਤੀ ਹੈ, ਜਿਸ ਮੁਤਾਬਕ ਇਲੈਕਸ਼ਨ ਕਮਿਸ਼ਨਰ ਦੀ ਨਿਯੁਕਤੀ ਕਰਨ ਵਾਲੀ ਕਮੇਟੀ ਵਿੱਚੋਂ ਸੁਪਰੀਮ ਕੋਰਟ ਦੇ ਜੱਜ ਨੂੰ ਬਾਹਰ ਕਰਕੇ ਉਸ ਦੀ ਜਗਾ ਪ੍ਰਧਾਨ ਮੰਤਰੀ ਦੀ ਮਰਜ਼ੀ ਦਾ ਮੈਂਬਰ ਹੋਵੇਗਾ। ਭਾਵ ਰਾਜ ਕਰਦੀ ਪਾਰਟੀ ਨੇ ਚੋਣ ਕਮਿਸ਼ਨਰ ਨੂੰ ਘੜੇ ਦੀ ਮੱਛੀ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਇਸ ਕਰਕੇ ਤੁਹਾਨੂੰ ਆਪਣੇ ਆਪ ਨੂੰ ਇਲੈਕਸ਼ਨਾਂ ਦੌਰਾਨ ਹਰ ਲੜਾਈ ਦੇਣ ਲਈ ਹਰ ਮੋੜ ਅਤੇ ਹਰ ਚੌਰਾਹੇ ਉੱਤੇ ਤਿਆਰ ਰਹਿਣਾ ਹੋਵੇਗਾ। ਪਾਰਲੀਮੈਂਟ ਵਿੱਚ ਸਮੋਕਿੰਗ ਬੰਬ ਫਿਰ ਨਾ ਚੱਲਣ, ਇਸ ਲਈ ਸਰਕਾਰ ਨੂੰ ਸਖ਼ਤੀ 'ਤੇ ਘੱਟ, ਬੇਰੁਜ਼ਗਾਰੀ ਅਤੇ ਮਹਿੰਗਾਈ ਦੇ ਖਾਤਮੇ ਉੱਤੇ ਵਧ ਜ਼ੋਰ ਲਾਉਣਾ ਚਾਹੀਦਾ ਹੈ ਤਾਂ ਕਿ ਅਜਿਹੀ ਹਲਚਲ ਮੁੜ ਜਨਮ ਨਾ ਲਵੇ। ਉਂਝ ਵੀ ਕਾਰਾ ਕਰਨ ਵਾਲੇ ਪ੍ਰਧਾਨ ਮੰਤਰੀ ਦੀ ਸੋਚ ਮੁਤਾਬਕ ਨੌਜਵਾਨ ਅਤੇ ਇਸਤਰੀ, ਉਨ੍ਹਾਂ ਚਾਰ ਜਾਤੀਆਂ ਵਿੱਚੋਂ ਹਨ, ਜਿਨ੍ਹਾਂ ਦਾ ਉਨ੍ਹਾਂ ਪਿੱਛੇ ਜਿਹੇ ਗੁਣਗਾਣ ਸ਼ੁਰੂ ਕੀਤਾ ਸੀ।

# ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਵਿੱਚ ਰੁੱਝੇ ਭਾਜਪਾ ਅਤੇ 'ਇੰਡੀਆ' ਗਠਜੋੜ






ਪੰਜ ਰਾਜਾਂ ਦੀਆਂ ਚੋਣਾਂ ਮੁਕੰਮਲ ਹੋਣ ਤੋਂ ਬਾਅਦ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਵਿਰੋਧੀ ਧਿਰਾਂ ਨੇ 2024 ਦੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਭਾਜਪਾ ਨੂੰ ਹਿੰਦੀ ਦੇ ਗੜ੍ਹ ਵਿੱਚ ਆਪਣਾ ਗੜ੍ਹ ਬਣਾਏ ਰੱਖਣ ਦਾ ਭਰੋਸਾ ਹੈ ਅਤੇ ਵਿਰੋਧੀ ਧਿਰ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚੁਣੌਤੀ ਦੇਣ ਵਿੱਚ ਨਾਕਾਮ ਰਹੀ ਹੈ। ਨਵੰਬਰ ਵਿੱਚ ਹੋਈਆਂ ਚੋਣਾਂ ਵਿੱਚ ਭਾਜਪਾ ਨੇ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਜਿੱਤ ਹਾਸਲ ਕੀਤੀ ਹੈ।

ਭਾਜਪਾ ਭਾਰਤ ਵਿੱਚ ਇੱਕ ਵੱਡੀ ਸਿਆਸੀ ਤਾਕਤ ਬਣ ਗਈ ਹੈ। ਪਾਰਟੀ ਨੇ ਆਪਣੀ ਪਹੁੰਚ ਦਾ ਵਿਸਥਾਰ ਕੀਤਾ ਹੈ ਅਤੇ ਵਰਤਮਾਨ ਵਿੱਚ 18 ਰਾਜਾਂ ਵਿੱਚ ਸੱਤਾ ਸੰਭਾਲੀ ਹੋਈ ਹੈ। ਇਹ ਇਸਦੀ ਮਜ਼ਬੂਤ ਅਗਵਾਈ, ਸੁਚੱਜੇ ਢਾਂਚੇ, ਵਿਸ਼ਾਲ ਸਰੋਤ ਅਤੇ ਪ੍ਰਭਾਵਸ਼ਾਲੀ ਸੰਚਾਰ ਕਾਰਨ ਹੈ। ਇਸ ਤੋਂ ਇਲਾਵਾ, ਭਾਰਤੀ ਰਾਜਨੀਤੀ ਵਿੱਚ ਸੱਜੇ ਪਾਸੇ ਇੱਕ ਮਹੱਤਵਪੂਰਨ ਤਬਦੀਲੀ ਆਈ ਹੈ। ਨਰਿੰਦਰ ਮੋਦੀ ਅਤੇ ਹੋਰ ਵਿਰੋਧੀ ਨੇਤਾਵਾਂ ਦੀ ਲੋਕਪ੍ਰਿਅਤਾ ਦਰਜਾਬੰਦੀ ਵਿੱਚ ਬਹੁਤ ਅੰਤਰ ਹੈ। ਪਾਰਟੀ ਦਾ ਨਵਾਂ ਨਾਅਰਾ ਹੈ- ਨਵੀਂ ਗਤੀ, ਨਵਾਂ ਸੰਕਲਪ।

ਪਿਛਲੇ ਦਸ ਸਾਲਾਂ ਵਿੱਚ, ਨਰਿੰਦਰ ਮੋਦੀ ਨੇ ਭਾਜਪਾ ਦੇ ਹਿੰਦੂ ਰਾਸ਼ਟਰਵਾਦ ਦੇ ਮੂਲ ਸੰਕਲਪ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਇਆ ਹੈ। ਪਾਰਟੀ ਨੇ ਵੋਟਰਾਂ ਨੂੰ ਜਿੱਤਣ ਲਈ ਕੈਸ਼ ਟ੍ਰਾਂਸਫਰ, ਮੁਫਤ ਰਾਸ਼ਨ ਅਤੇ ਸਸਤੇ ਗੈਸ ਸਿਲੰਡਰ ਵਰਗੀਆਂ ਭਲਾਈ ਸਕੀਮਾਂ ਲਾਗੂ ਕੀਤੀਆਂ ਹਨ। ਇੱਕ ਹੋਰ ਮਹੱਤਵਪੂਰਨ ਵਿਚਾਰ ਅਗਲੇ ਸਾਲ ਜਨਵਰੀ ਵਿੱਚ ਅਯੁੱਧਿਆ ਵਿੱਚ ਰਾਮ ਮੰਦਰ ਦਾ ਉਦਘਾਟਨ ਕਰਨ ਦੀ ਯੋਜਨਾ ਹੈ। ਬੇਰੋਜ਼ਗਾਰੀ, ਮਹਿੰਗਾਈ ਅਤੇ ਮਹਿੰਗਾਈ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਬਾਵਜੂਦ, ਇਹ ਸਕੀਮਾਂ ਲੋਕਾਂ ਵਿੱਚ ਹਰਮਨ ਪਿਆਰੀਆਂ ਹਨ। ਇਨ੍ਹਾਂ ਦੇ ਆਧਾਰ 'ਤੇ ਭਾਜਪਾ ਤੀਜੇ ਕਾਰਜਕਾਲ ਲਈ ਪਾਰਟੀ ਦੀ ਵਕਾਲਤ ਕਰ ਰਹੀ ਹੈ।

ਭਾਜਪਾ ਨੂੰ ਦੱਖਣੀ ਰਾਜਾਂ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਪਾਰਟੀ ਇਨ੍ਹਾਂ ਰਾਜਾਂ ਵਿੱਚ ਚੋਣਾਂ ਜਿੱਤਣ ਲਈ ਸਿਰਫ਼ ਮੋਦੀ ਦੇ ਕਰਿਸ਼ਮੇ 'ਤੇ ਭਰੋਸਾ ਕਰਨ ਤੋਂ ਇਲਾਵਾ ਨਵੀਂ ਰਣਨੀਤੀ ਅਪਣਾ ਸਕਦੀ ਹੈ। ਕੇਂਦਰੀ ਲੀਡਰਸ਼ਿਪ ਪਾਰਟੀ ਅੰਦਰਲੇ ਅੰਦਰੂਨੀ ਮਤਭੇਦਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਹਾਲਾਂਕਿ, ਉਸਨੂੰ ਇੱਕ ਨਵਾਂ ਬਿਰਤਾਂਤ ਬਣਾਉਣ ਦੀ ਜ਼ਰੂਰਤ ਹੈ ਜੋ ਦੱਖਣੀ ਰਾਜਾਂ ਦੇ ਵੋਟਰਾਂ ਵਿੱਚ ਗੂੰਜਦਾ ਹੈ। ਇਨ੍ਹਾਂ ਰਾਜਾਂ ਦੇ ਲੋਕ ਹਿੰਦੂਤਵ ਅਤੇ ਸਨਾਤਨ ਧਰਮ ਦੀ ਮੌਜੂਦਾ ਵਿਚਾਰਧਾਰਾ ਨੂੰ ਪਸੰਦ ਨਹੀਂ ਕਰ ਰਹੇ ਹਨ। ਅਜਿਹੀ ਵਿਚਾਰਧਾਰਾ ਵਾਲੀ ਪਾਰਟੀ ਹੋਣ ਦੇ ਨਾਤੇ ਇਹ ਉੱਤਰ ਭਾਰਤ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ ਹੋਰ ਸਿਆਸੀ ਪਾਰਟੀਆਂ ਦੇ ਉਲਟ, ਦ੍ਰਾਵਿੜ ਪਾਰਟੀਆਂ ਨੇ ਦਹਾਕਿਆਂ ਤੋਂ ਸਮਾਜਿਕ ਨਿਆਂ ਨੂੰ ਅੱਗੇ ਵਧਾਇਆ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਦ੍ਰਾਵਿੜ ਪ੍ਰਸ਼ਾਸਨ ਮਾਡਲ ਦੀ ਗੱਲ ਕਰਦੇ ਰਹੇ ਹਨ। ਦੱਖਣੀ ਖੇਤਰ ਦੀਆਂ 543 ਲੋਕ ਸਭਾ ਸੀਟਾਂ ਵਿੱਚੋਂ 131 ਸੀਟਾਂ ਹਨ। ਕੇਰਲ ਵਿੱਚ ਬਹੁਤ ਸਾਰੇ ਕਮਿਊਨਿਸਟ ਸਮਰਥਕ ਹਨ। ਤਾਮਿਲਨਾਡੂ ਮੁੱਖ ਤੌਰ 'ਤੇ ਨਾਸਤਿਕ ਹੈ, ਅਤੇ ਕਰਨਾਟਕ ਵਿੱਚ ਭਾਜਪਾ ਦਾ ਕੁਝ ਆਧਾਰ ਹੈ। ਹਾਲਾਂਕਿ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਵਿੱਚ ਖੇਤਰੀ ਪਾਰਟੀਆਂ ਹਨ, ਜੋ ਇਹਨਾਂ ਰਾਜਾਂ ਵਿੱਚ ਭਾਜਪਾ ਦੀ ਹਮਾਇਤ ਨੂੰ ਸੀਮਤ ਕਰਦੀਆਂ ਹਨ।

ਵਿਰੋਧੀ ਧਿਰ ਭਾਰਤ ਗਠਜੋੜ ਹਾਲੀਆ ਚੋਣਾਂ ਵਿੱਚ ਕਾਂਗਰਸ ਦੇ ਮਾੜੇ ਪ੍ਰਦਰਸ਼ਨ ਤੋਂ ਨਿਰਾਸ਼ ਹੈ। ਰਾਹੁਲ ਗਾਂਧੀ ਸਫ਼ਲ ਹੋ ਸਕਦੇ ਸਨ ਜੇਕਰ ਪੁਰਾਣੀ ਪਾਰਟੀ ਘੱਟੋ-ਘੱਟ ਦੋ ਉੱਤਰੀ ਭਾਰਤ ਦੇ ਰਾਜਾਂ ਵਿੱਚ ਜਿੱਤ ਪ੍ਰਾਪਤ ਕਰ ਲੈਂਦੀ। ਕਾਂਗਰਸ ਨੂੰ ਅਗਲੀਆਂ ਚੋਣਾਂ ਤੋਂ ਪਹਿਲਾਂ ਨਵੀਂ ਚੋਣ ਰਣਨੀਤੀ ਅਪਣਾਉਣੀ ਪਵੇਗੀ।

ਮੋਦੀ ਨੂੰ ਚੁਣੌਤੀ ਦੇਣ ਲਈ ਅਗਲੇ ਚਾਰ ਮਹੀਨਿਆਂ ਵਿੱਚ ਗੈਰ-ਭਾਜਪਾ ਵੋਟਾਂ ਦੀ ਵੰਡ ਨੂੰ ਰੋਕਣ ਲਈ ਵਿਰੋਧੀ ਪਾਰਟੀਆਂ ਨੂੰ ਇਕੱਠੇ ਹੋਣਾ ਪਵੇਗਾ। ਪਹਿਲੇ ਕਦਮ ਦੇ ਤੌਰ 'ਤੇ, ਉਨ੍ਹਾਂ ਨੂੰ ਉਨ੍ਹਾਂ ਸੀਟਾਂ 'ਤੇ ਇੱਕ ਉਮੀਦਵਾਰ ਖੜ੍ਹਾ ਕਰਨ ਲਈ ਸਹਿਮਤ ਹੋਣਾ ਚਾਹੀਦਾ ਹੈ ਜਿੱਥੇ ਭਾਜਪਾ ਪ੍ਰਾਇਮਰੀ ਦਾਅਵੇਦਾਰ ਹੈ। ਕਾਂਗਰਸ ਪਾਰਟੀ ਨੂੰ ਸਫਲਤਾ ਦੀਆਂ ਵੱਧ ਸੰਭਾਵਨਾਵਾਂ ਵਾਲੇ ਹਲਕਿਆਂ ਨੂੰ ਜਿੱਤਣ ਵੱਲ ਧਿਆਨ ਦੇਣਾ ਚਾਹੀਦਾ ਹੈ। ਨਿੱਜੀ ਏਜੰਡਿਆਂ ਅਤੇ ਹੰਕਾਰੀ ਹਾਕਮ ਧਿਰ ਨੂੰ ਹਰਾਉਣ ਨੂੰ ਪਹਿਲ ਦੇਣ ਦੀ ਲੋੜ ਹੈ।

ਕਾਂਗਰਸ ਨੂੰ ਆਪਣੀ ਲੀਡਰਸ਼ਿਪ ਨੂੰ ਅੱਪਡੇਟ ਕਰਨ ਅਤੇ ਪੁਰਾਣੀਆਂ ਰਵਾਇਤਾਂ ਨੂੰ ਪਿੱਛੇ ਛੱਡਣ ਦੀ ਲੋੜ ਹੈ। ਤ੍ਰਿਣਮੂਲ ਕਾਂਗਰਸ ਨੇ ਕਾਂਗਰਸ ਦੇ ਮਾੜੇ ਪ੍ਰਦਰਸ਼ਨ ਦੀ ਆਲੋਚਨਾ ਕਰਦਿਆਂ ਕਿਹਾ ਕਿ ਭਾਜਪਾ ਦੀ ਜਿੱਤ ਕਾਂਗਰਸ ਦੀ ਅਸਫਲਤਾ ਦਾ ਨਤੀਜਾ ਹੈ। ਕਾਂਗਰਸ ਅੰਦਰੂਨੀ ਕਲੇਸ਼, ਕਮਜ਼ੋਰ ਗਠਜੋੜ ਅਤੇ ਮੌਜੂਦਾ ਸਿਆਸੀ ਮਾਹੌਲ ਦੀ ਸਮਝ ਦੀ ਘਾਟ ਕਾਰਨ ਚੋਣਾਂ ਹਾਰ ਗਈ। ਸੁਧਾਰ ਕਰਨ ਲਈ, ਕਾਂਗਰਸ ਨੂੰ ਯੋਗ ਭੂਮਿਕਾਵਾਂ ਲਈ ਯੋਗ ਵਿਅਕਤੀਆਂ ਦੀ ਭਰਤੀ ਕਰਨੀ ਚਾਹੀਦੀ ਹੈ ਅਤੇ ਆਪਣੇ ਸਮਰਥਕਾਂ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ।

ਰਾਹੁਲ ਗਾਂਧੀ ਨੇ ਕਾਂਗਰਸ ਪਾਰਟੀ ਨੂੰ ਮੁੜ ਸੁਰਜੀਤ ਕਰਨ ਲਈ 4,000 ਕਿਲੋਮੀਟਰ ਦੀ ਭਾਰਤ ਜੋੜੋ ਯਾਤਰਾ ਦੀ ਅਗਵਾਈ ਕੀਤੀ। ਇਸ ਨਾਲ ਪਾਰਟੀ ਨੂੰ ਕਰਨਾਟਕ ਅਤੇ ਤੇਲੰਗਾਨਾ ਵਿੱਚ ਮਹੱਤਵਪੂਰਨ ਜਿੱਤਾਂ ਹਾਸਲ ਕਰਨ ਵਿੱਚ ਮਦਦ ਮਿਲੀ। ਹਾਲਾਂਕਿ, ਯਾਤਰਾ ਦੀ ਸਫਲਤਾ ਜ਼ਿਆਦਾਤਰ ਦੱਖਣੀ ਭਾਰਤ ਤੱਕ ਸੀਮਤ ਸੀ ਅਤੇ ਉੱਤਰ ਵਿੱਚ ਇਸਦਾ ਕੋਈ ਪ੍ਰਭਾਵ ਨਹੀਂ ਸੀ।

ਵਿਰੋਧੀ ਧਿਰ ਨੂੰ ਭਾਜਪਾ ਨਾਲ ਮੁਕਾਬਲਾ ਕਰਨ ਲਈ ਹੋਰ ਪੈਸੇ ਦੀ ਲੋੜ ਹੈ। ਭਗਵਾ ਪਾਰਟੀ ਆਪਣੀ ਮੁਹਿੰਮ ਨੂੰ ਸਿਖਰ 'ਤੇ ਰੱਖਣ ਲਈ ਆਪਣੀ ਦੌਲਤ ਦੀ ਵਰਤੋਂ ਕਰਦੀ ਹੈ। ਪਿਛਲੇ ਪੰਜ ਸਾਲਾਂ ਵਿੱਚ, ਭਾਜਪਾ ਨੂੰ 10,122.03 ਕਰੋੜ ਰੁਪਏ ਦਾ ਸਿਆਸੀ ਚੰਦਾ ਮਿਲਿਆ, ਜਦੋਂ ਕਿ ਕਾਂਗਰਸ ਨੂੰ 1,547.43 ਕਰੋੜ ਰੁਪਏ ਮਿਲਿਆ। ਕਾਂਗਰਸ ਵਿੱਚ ਕਾਰਪੋਰੇਟ ਯੋਗਦਾਨ ਘਟਿਆ ਹੈ ਜਦਕਿ ਭਾਜਪਾ ਵਿੱਚ ਉਨ੍ਹਾਂ ਦਾ ਯੋਗਦਾਨ ਵਧਿਆ ਹੈ।

ਹਾਲੀਆ ਰਿਪੋਰਟਾਂ ਦੇ ਅਨੁਸਾਰ, ਕਾਂਗਰਸ ਫੰਡਾਂ ਦੀ ਘਾਟ ਕਾਰਨ ਆਪਣੀਆਂ ਚੋਣ ਮੁਹਿੰਮਾਂ ਨੂੰ ਵਿੱਤ ਦੇਣ ਲਈ ਭੀੜ ਫੰਡਿੰਗ 'ਤੇ ਵਿਚਾਰ ਕਰ ਰਹੀ ਹੈ। ਭਾਜਪਾ ਦੀ ਸਿਆਸੀ ਜੰਗੀ ਛਾਤੀ ਨਾਲ ਮੁਕਾਬਲਾ ਕਰਨ ਲਈ ਇਸ ਨੂੰ ਭਾਰੀ ਧਨ ਦੀ ਲੋੜ ਹੈ।

ਪਿਛਲੇ 20 ਸਾਲਾਂ 'ਚ ਲੋਕ ਸਭਾ ਚੋਣਾਂ 'ਤੇ ਭਾਜਪਾ ਦਾ ਖਰਚ 6 ਗੁਣਾ ਵੱਧ ਗਿਆ ਹੈ, ਜੋ ਪਿਛਲੀਆਂ ਲੋਕ ਸਭਾ ਚੋਣਾਂ 'ਚ 9 ਹਜ਼ਾਰ ਕਰੋੜ ਰੁਪਏ ਤੋਂ ਵਧ ਕੇ 55 ਹਜ਼ਾਰ ਕਰੋੜ ਰੁਪਏ ਹੋ ਗਿਆ ਹੈ। ਖਰਚੇ ਦਾ ਤੀਜਾ ਹਿੱਸਾ ਪ੍ਰਚਾਰ ਲਈ ਦਿੱਤਾ ਜਾਂਦਾ ਹੈ। ਇਸ ਦੇ ਉਲਟ, ਦੂਜਾ ਸਭ ਤੋਂ ਵੱਡਾ ਖਰਚਾ ਵੋਟਰਾਂ ਨੂੰ ਸਿੱਧੀ ਅਦਾਇਗੀ ਹੈ। ਵੋਟਰਾਂ ਨੂੰ ਰਿਸ਼ਵਤ ਦੇਣ ਦੇ ਕਈ ਤਰੀਕੇ ਹਨ। ਭਾਜਪਾ ਨੂੰ ਫੰਡਾਂ ਅਤੇ ਆਰਐਸਐਸ ਸਮਰਥਿਤ ਸੰਗਠਨਾਂ ਦੋਵਾਂ ਦੇ ਮਾਮਲੇ ਵਿੱਚ ਕਾਂਗਰਸ ਉੱਤੇ ਵੱਡਾ ਫਾਇਦਾ ਹੈ।

ਸਿੱਧੇ ਸ਼ਬਦਾਂ ਵਿਚ, ਭਾਜਪਾ ਨੂੰ ਦੱਖਣ ਲਈ ਨਵੀਂ ਰਣਨੀਤੀ ਬਣਾਉਣ ਦੀ ਜ਼ਰੂਰਤ ਹੈ, ਜਦੋਂ ਕਿ ਕਾਂਗਰਸ ਨੂੰ ਉੱਤਰ 'ਤੇ ਧਿਆਨ ਦੇਣਾ ਚਾਹੀਦਾ ਹੈ। ਜਿੱਥੋਂ ਤੱਕ ਖੇਤਰੀ ਪਾਰਟੀਆਂ ਦਾ ਸਬੰਧ ਹੈ, ਉਨ੍ਹਾਂ ਦੀ ਤਰਜੀਹ ਆਪਣੇ ਵਫ਼ਾਦਾਰ ਵੋਟਰ ਆਧਾਰ ਨੂੰ ਬਰਕਰਾਰ ਰੱਖਣ ਦੀ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਵੋਟਰਾਂ ਨੂੰ ਜਿੱਤਣ ਲਈ ਸਿਰਫ਼ ਮੁਫਤ ਦੇਣਾ ਹੀ ਕਾਫ਼ੀ ਨਹੀਂ ਹੁੰਦਾ। ਉਨ੍ਹਾਂ ਦਾ ਭਰੋਸਾ ਅਤੇ ਸਮਰਥਨ ਹਾਸਲ ਕਰਨ ਲਈ ਹੋਰ ਯਤਨ ਕਰੋ।

# ਖੇਤੀ ਚੁਣੌਤੀਆਂ, ਆਰਥਿਕਤਾ ਅਤੇ ਕਿਸਾਨ ਅੰਦੋਲਨ

**ਗੁਰਮੀਤ ਸਿੰਘ ਪਲਾਹੀ**

ਖੇਤੀ ਖੇਤਰ ਵਿੱਚ ਮੰਦੀ ਦਾ ਸਿੱਧਾ ਅਸਰ ਕਿਸਾਨਾਂ ਉੱਤੇ ਪੈਂਦਾ ਹੈ। ਜੇਕਰ ਖੇਤੀ ਖੇਤਰ ਦੀ ਵਿਕਾਸ ਦਰ 'ਚ ਮੰਦੀ ਆਏਗੀ ਤਾਂ ਕਿਸਾਨਾਂ ਦੀ ਆਮਦਨ 'ਚ ਕਮੀ ਆਏਗੀ। ਜਿਸ ਨਾਲ ਉਹਨਾਂ ਦੀ ਆਰਥਿਕ ਕਮਜ਼ੋਰੀ ਵਧਦੀ ਹੈ।

ਕਿਸਾਨਾਂ ਨੂੰ ਖਾਦ, ਖੇਤੀ ਸੰਦ ਖਰੀਦਣ ਸਮੇਤ ਖੇਤੀ 'ਤੇ ਹੁੰਦੇ ਹੋਰ ਖ਼ਰਚਿਆਂ 'ਤੇ ਨਿਰਭਰ ਹੋਣਾ ਪੈਂਦਾ ਹੈ। ਇਸ ਤੋਂ ਵੀ ਉਤੇ ਕਿਸਾਨਾਂ ਦੀ ਮੰਦੀ ਹਾਲਤ ਉਸ ਵੇਲੇ ਜ਼ਿਆਦਾ ਹੁੰਦੀ ਹੈ ਜਦੋਂ ਉਸਨੂੰ ਮੌਸਮ ਦੀ ਮਾਰ ਪੈਂਦੀ ਹੈ, ਫ਼ਸਲਾਂ ਦੀਆਂ ਕੀਮਤਾਂ ਉਤੇ-ਥੱਲੇ ਹੋ ਜਾਂਦੀਆਂ ਹਨ, ਸਿੱਟੇ ਵਜੋਂ ਕਰਜ਼ੇ ਦਾ ਚੱਕਰ ਹੋਰ ਡੂੰਘਾ ਹੁੰਦਾ ਜਾਂਦਾ ਹੈ।

ਕੇਂਦਰੀ ਵਿੱਤ ਵਜ਼ਾਰਤ ਤੋਂ ਲੋਕ ਸਭਾ ਸੈਸ਼ਨ 'ਚ ਜਦੋਂ ਕਿਸਾਨਾਂ ਦੇ ਕਰਜ਼ੇ ਦਾ ਜਵਾਬ ਕਿਸੇ ਮੈਂਬਰ ਨੇ ਮੰਗਿਆ ਤਾਂ ਜਵਾਬ ਵਿੱਚ ਨਵਾਰਡ ਵੱਲੋਂ ਉਪਲੱਬਧ ਅੰਕੜੇ ਪੇਸ਼ ਕੀਤੇ ਗਏ। ਜਿਸ ਅਨੁਸਾਰ ਦੇਸ਼ ਦੀਆਂ ਸਾਰੀਆਂ ਤਰ੍ਹਾਂ ਦੀਆਂ ਬੈਂਕਾਂ ਦਾ ਲਗਭਗ 16 ਕਰੋੜ ਕਿਸਾਨਾਂ ਸਿਰ ਇੱਕੀ ਲੱਖ ਕਰੋੜ ਦਾ ਕਰਜ਼ਾ ਹੈ ਅਤੇ ਇਹਨਾਂ 16 ਕਰੋੜ ਕਿਸਾਨਾਂ ਉਤੇ ਇਸ ਕਰਜ਼ੇ ਨੂੰ ਜੇਕਰ ਵੰਡ ਦੇਈਏ ਤਾਂ ਪ੍ਰਤੀ ਕਿਸਾਨ ਕਰਜ਼ਾ 1.35 ਲੱਖ ਰੁਪਏ ਹੋ ਜਾਂਦਾ ਹੈ।

ਸੂਬਿਆਂ ਦੇ ਕਿਸਾਨਾਂ ਵਿਚੋਂ ਸਭ ਤੋਂ ਵੱਧ ਕਰਜ਼ਾਈ ਰਾਜਸਥਾਨ ਦੇ ਕਿਸਾਨ ਹਨ। ਉਥੋਂ ਦੇ 99.97 ਲੱਖ ਕਿਸਾਨਾਂ ਨੇ ਕਰਜ਼ਾ ਲਿਆ ਹੋਇਆ ਹੈ ਅਤੇ ਕਰਜ਼ੇ ਦੀ ਰਕਮ 1.47 ਲੱਖ ਕਰੋੜ ਤੋਂ ਵੀ ਵਧ ਹੈ। ਉੱਤਰ ਪ੍ਰਦੇਸ਼ ਦੇ ਕਿਸਾਨ ਵੀ ਘੱਟ ਨਹੀਂ। ਉਥੋਂ ਦੇ 1.51 ਕਰੋੜ ਕਿਸਾਨ ਬੈਂਕਾਂ ਤੋਂ 1.71 ਲੱਖ ਕਰੋੜ ਕਰਜ਼ਾ ਚੁੱਕੀ ਬੈਠੇ ਹਨ। ਗੁਜਰਾਤ ਦੇ 47.51 ਲੱਖ ਕਿਸਾਨਾਂ ਨੇ ਇੱਕ ਲੱਖ ਕਰੋੜ ਤੋਂ ਵਧ ਦਾ ਕਰਜ਼ਾ ਲਿਆ ਹੋਇਆ ਹੈ। ਪੰਜਾਬ, ਹਰਿਆਣਾ ਦੇ ਸੂਬੇ ਭਾਵੇਂ ਛੋਟੇ ਹਨ, ਪਰ ਇਥੋਂ ਦੇ 99 ਪ੍ਰਤੀਸ਼ਤ ਛੋਟੀ -ਵੱਡੀ ਖੇਤੀ ਕਰਨ ਵਾਲੇ ਕਿਸਾਨ ਕਰਜ਼ੇ ਦਾ ਸੰਤਾਪ ਭੋਗ ਰਹੇ ਹਨ।

ਕਿਸਾਨਾਂ ਦੀ ਖੇਤੀ ਖੇਤਰ ਅਤੇ ਦੇਸ਼ ਦੀ ਆਰਥਿਕਤਾ ਮਜ਼ਬੂਤ ਕਰਨ 'ਚ ਵੱਡੀ ਭੂਮਿਕਾ ਹੈ, ਕਿਉਂਕਿ ਖੇਤੀ ਖੇਤਰ ਹੀ ਦੇਸ਼ ਦੀ ਵੱਡੀ ਆਬਾਦੀ ਦੀਆਂ ਖੁਰਾਕੀ ਜ਼ਰੂਰਤਾਂ ਪੂਰੀਆਂ ਕਰ ਸਕਦਾ ਹੈ ਅਤੇ ਉਹ ਦੇਸ਼ 'ਚ ਰੁਜ਼ਗਾਰ ਪੈਦਾ ਕਰਨ ਵਾਲਾ ਇੱਕ ਮਹੱਤਵਪੂਰਨ ਸਰੋਤ ਹੈ।

ਵਿਕਾਸ ਦਰ ਜਦੋਂ ਕਮਜ਼ੋਰ ਹੁੰਦੀ ਹੈ ਤਾਂ ਖੇਤੀ ਅਧਾਰਤ ਹੋਰ ਕੰਮਾਂ ਕਾਰਾਂ 'ਤੇ ਵੀ ਇਸਦਾ ਅਸਰ ਪੈਂਦਾ ਹੈ। ਕਿਸਾਨ ਬੇਰਜ਼ੁਗਾਰ ਹੁੰਦੇ ਹਨ ਜਾਂ ਖੇਤੀ ਮਜ਼ਦੂਰਾਂ ਨੂੰ ਘੱਟ ਕੰਮ ਮਿਲਦਾ ਹੈ। ਖੇਤੀ ਨਾਲ ਅਧਾਰਤ ਵਪਾਰ ਚੌਪਟ ਹੁੰਦਾ ਹੈ।

2004-05 ਵਿੱਚ ਖੇਤੀ, ਪਸ਼ੂ ਪਾਲਣ ਆਦਿ ਦਾ ਕੁਲ ਮਿਲਾਕੇ ਜੀਡੀਪੀ ਵਿੱਚ ਯੋਗਦਾਨ 21 ਫ਼ੀਸਦੀ ਸੀ। ਪਿਛਲੇ 18 ਸਾਲਾਂ ਵਿੱਚ ਘਟਕੇ ਇਹ 16 ਫੀਸਦੀ ਤੱਕ ਸਿਮਟ ਗਿਆ ਹੈ। ਪਰ ਖੇਤਾਂ ਵਿੱਚ ਕੰਮ ਕਰਾ ਰਹੇ ਕਾਮਿਆਂ ਦੀ ਗਿਣਤੀ ਨਹੀਂ ਘਟੀ। ਖੇਤੀ, ਦੇਸ਼ ਵਿੱਚ 55 ਫੀਸਦੀ ਕਾਮਿਆਂ ਨੂੰ ਕੰਮ ਦਿੰਦੀ ਹੈ। ਇਸ ਖੇਤਰ 'ਚ ਲਗਭਗ ਕੁੱਲ 26 ਕਰੋੜ ਲੋਕ ਕੰਮ ਕਰਦੇ ਹਨ। ਜਿਸਦਾ ਅਰਥ ਹੈ ਕਿ ਇਸ ਖੇਤਰ 'ਚ ਲਗਭਗ 55 ਤੋਂ 57 ਫੀਸਦੀ ਆਬਾਦੀ ਖੇਤੀ 'ਤੇ ਅਧਾਰਤ ਹੈ ਪਰ ਇਸ ਸਰਕਾਰ ਦੀਆਂ ਨੀਤੀਆਂ ਕਾਰਨ ਖੇਤੀ, ਸੰਕਟ ਵਿੱਚ ਹੈ। ਕਿਸਾਨਾਂ ਦੇ ਹਾਲਾਤ ਨਿੱਤ ਵਿਗੜ ਰਹੇ ਹਨ। ਉਹਨਾਂ ਦੀ ਆਰਥਿਕ ਹਾਲਾਤ ਨਿੱਘਰ ਰਹੇ ਹਨ।

ਮੌਜੂਦਾ ਦੌਰ 'ਚ ਖੇਤੀ ਵੱਡੇ ਸੰਕਟ ਦਾ ਸ਼ਿਕਾਰ ਹੈ। ਕਿਸਾਨਾਂ ਦੀਆਂ ਫ਼ਸਲਾਂ ਦਾ ਭੰਡਾਰਨ ਢਾਂਚਾ ਕਮਜ਼ੋਰ ਹੈ। ਫ਼ਸਲਾਂ ਮੰਡੀਆਂ 'ਚ ਲੈਜਾਣ ਦੇ ਸਾਧਨ ਘੱਟ ਹਨ। ਕਿਸਾਨਾਂ ਦੀਆਂ ਫ਼ਸਲਾਂ ਦੇ ਸਥਾਨਕ ਵਪਾਰੀ, ਵਿਚੋਲੇ, ਆੜਤੀਏ ਪੂਰੇ ਤਰ੍ਹਾਂ ਸੋਸ਼ਣ ਕਰਦੇ ਹਨ। ਇਸ ਨਾਲ ਕਿਸਾਨਾਂ ਦਾ ਵੱਡਾ ਨੁਕਸਾਨ ਹੁੰਦਾ ਹੈ।

ਕਿਸਾਨ ਦੀ ਫ਼ਸਲ ਦਾ ਉਸਨੂੰ ਮੁੱਲ ਕਿਉਂ ਨਾ ਮਿਲੇ? ਉਸਦੀ ਜਿਸਮਾਨੀ ਮਿਹਨਤ ਉਹਦੇ ਪੱਲੇ ਕਿਉਂ ਨਾ ਪਵੇ? ਸਰਕਾਰਾਂ ਵਲੋਂ ਫ਼ਸਲਾਂ ਖਰੀਦਣ ਜਾਂ ਭੰਡਾਰਨ ਪ੍ਰਬੰਧ ਨਾ ਕਰਨਾ ਕਿਸਾਨਾਂ ਨਾਲ ਸਿੱਧਾ ਧੱਕਾ ਹੈ।

ਦੇਸ਼ 'ਚ ਖੇਤੀ ਖੇਤਰ ਨੂੰ ਕਦੇ ਵੀ ਸਰਕਾਰਾਂ ਵੱਲੋਂ ਸੰਜੀਦਾ ਧਿਆਨ ਨਹੀਂ ਦਿੱਤਾ ਗਿਆ ਸਗੋਂ ਅੰਤਰਰਾਸ਼ਟਰੀ ਪ੍ਰਭਾਵ 'ਚ ਕਿਸਾਨ ਅਤੇ ਖੇਤੀ ਮਾਰੂ ਨੀਤੀਆਂ ਘੜੀਆਂ ਗਈਆਂ। ਜੇਕਰ ਖੇਤੀ ਖੇਤਰ 'ਚ ਪੈਦਾ ਹੋ ਰਹੀਆਂ ਅਨਿਸ਼ਚਤਾਵਾਂ ਦੂਰ ਕਰਨ ਲਈ ਢੰਗ ਵਰਤੇ ਗਏ ਹੁੰਦੇ। ਸਾਂਝੀ ਖੇਤੀ ਦਾ ਸੰਕਲਪ ਦੇਸ਼ 'ਚ ਲਿਆਂਦਾ ਗਿਆ ਹੁੰਦਾ ਤਾਂ ਫਿਰ ਖੇਤੀ ਖੇਤਰ ਦੇਸ਼ ਦੀ ਜੀਡੀਪੀ ਦਾ ਮੁੱਖ ਅਧਾਰ ਬਣਿਆ ਹੁੰਦਾ। ਦੇਸ਼ ਦਾ ਕਿਸਾਨ ਵੀ ਸੌਖਾ ਹੁੰਦਾ ਅਤੇ ਦੇਸ਼ ਦੇ ਲੋਕਾਂ ਦੀ ਕਾਰਪੋਰੇਟ ਖੇਤਰ ਦੇ ਧੰਨ ਕੁਬੇਰਾਂ ਉਤੇ ਨਿਰਭਰਤਾ ਘੱਟ ਹੁੰਦੀ।

ਦੇਸ਼ ਦੇ ਖੇਤੀ ਖੇਤਰ 'ਚ ਬੇਅੰਤ ਚਣੌਤੀਆਂ ਹਨ। ਸਿੰਚਾਈ ਸੁਵਿਧਾਵਾਂ ਦੀ ਘਾਟ ਹੈ। ਖੇਤੀ ਦੀ ਲਾਗਤ ਅਤੇ ਉਤਪਾਦਨ 'ਚ ਵੱਡਾ ਅੰਤਰ ਹੈ। ਕਿਸਾਨਾਂ ਤੇ ਵਧ ਰਿਹਾ ਕਰਜ਼ਾ ਆਤਮ ਹੱਤਿਆਵਾਂ ਨੂੰ ਸੱਦਾ ਦੇ ਰਿਹਾ ਹੈ। ਜੇਕਰ ਭਾਰਤ ਵਰਗੇ ਦੇਸ਼ ਦੇ ਹਾਕਮ ਦੇਸ਼ ਦੀਆਂ ਆਰਥਿਕ ਜਟੱਲਤਾਵਾਂ ਨੂੰ ਸਮਝਣ ਲਈ ਯਤਨ ਨਹੀਂ ਕਰਨਗੇ। ਮਹੱਤਵਪੂਰਨ ਖੇਤੀ ਖੇਤਰ ਦੀਆਂ ਚਣੌਤੀਆਂ ਨੂੰ ਅੱਖੋ-ਪਰੋਖੇ ਕਰਕੇ ਤੁਰਨਗੇ ਤਾਂ ਦੇਸ਼ ਗਰੀਬੀ, ਭੁੱਖਮਰੀ, ਅਨਪੜ੍ਹਤਾ ਜਿਹੀਆਂ ਅਲਾਮਤਾਂ ਦਾ ਹੋਰ ਵੀ ਵਡੇਰਾ ਸ਼ਿਕਾਰ ਹੋ ਜਾਏਗਾ।

ਕਿਸਾਨਾਂ ਦੀ ਮੰਦੀ ਹਾਲਤ ਦੇ ਮੱਦੇਨਜ਼ਰ, ਪਿਛਲੇ ਸਾਲਾਂ 'ਚੋਂ ਵੱਡੇ ਦੇਸ਼ ਵਿਆਪੀ ਅੰਦੋਲਨ ਹੋਏ। ਸਾਲ 2020 ਵਿੱਚ ਪੰਜਾਬ ਤੋਂ ਉਠਿਆ ਕਿਸਾਨ ਅੰਦੋਲਨ ਵਿਸ਼ਵ ਵਿਆਪੀ ਇੱਕ ਛਾਪ ਛੱਡ ਗਿਆ। ਕਿਸਾਨ ਵਿਰੋਧੀ ਤਿੰਨ ਕਾਨੂੰਨ ਜੋ ਕਿਸਾਨਾਂ ਦੀ ਪ੍ਰੇਸ਼ਾਨੀ ਦਾ ਕਾਰਨ ਬਣ ਸਕਦੇ ਹਨ, ਉਸ ਵਿਰੁੱਧ ਅੰਦੋਲਨ ਛਿੜਿਆ ਅਤੇ ਦੇਸ਼ ਭਰ ਦੇ ਕਿਸਾਨ, ਖੇਤ ਮਜ਼ਦੂਰ, ਕਾਮੇ, ਬੁੱਧੀਜੀਵੀ, ਕੇਂਦਰ ਸਰਕਾਰ ਦੀਆਂ ਕਿਸਾਨ ਵਿਰੋਧੀ ਅਤੇ ਲੋਕ ਮਾਰੂ ਨੀਤੀਆਂ ਦੇ ਵਿਰੋਧ 'ਚ ਖੜੇ ਹੋਏ। ਕਿਸਾਨਾਂ ਨੂੰ ਜਿੱਤ ਪ੍ਰਾਪਤ ਕੀਤੀ। ਮੰਗਾਂ ਸਨ ਕਾਲੇ ਖੇਤੀ ਕਾਨੂੰਨ ਵਾਪਿਸ ਹੋਣ, ਫ਼ਸਲਾਂ ਦੀ ਘੱਟੋ-ਘੱਟ ਮੁੱਲ ਨੀਅਤ ਹੋਵੇ ਪਰ ਮੌਜੂਦਾ ਸਰਕਾਰ ਦੇ ਵੱਡੇ ਦਾਅਵਿਆਂ ਅਤੇ ਵਾਅਦਿਆਂ ਦੇ ਬਾਵਜੂਦ ਕਿਸਾਨਾਂ ਨੂੰ ਉਹਨਾ ਦੀ ਖੇਤੀ ਤੋਂ ਲਾਭਕਾਰੀ ਮੁੱਲ ਨਹੀਂ ਦਿੱਤਾ ਗਿਆ। ਇਥੋਂ ਤੱਕ ਕਿ ਉਹਨਾ ਦੀ ਮਿਹਨਤ ਦਾ ਮੁੱਲ ਵੀ ਨਹੀਂ ਮਿਲਦਾ। ਦੇਸ਼ 'ਚ ਹਾਲਾਤ ਇਹ ਹਨ ਕਿ ਖੇਤੀ ਖੇਤਰ ਦੀ ਵਿਕਾਸ ਦਰ 'ਚ ਨਿਰੰਤਰ ਮੰਦੀ, ਪਿਛਲੀਆਂ 18 ਤਿਮਾਹੀਆਂ 'ਚ ਸਭ ਤੋਂ ਨੀਵੇਂ ਪੱਧਰ ਉਤੇ ਹੈ, ਜੋ ਚਿੰਤਾ ਦਾ ਵਿਸ਼ਾ ਹੈ।

ਪੂਰਾ ਇੱਕ ਸਾਲ ਕਿਸਾਨ ਅੰਦੋਲਨ ਚੱਲਿਆ। ਲੋਕ ਸੋਚਦੇ ਸਨ ਕਿ ਜਿਸ ਢੰਗ ਨਾਲ ਲੋਕਾਂ ਨੇ ਰਲ ਮਿਲਕੇ ਸਰਕਾਰ ਨੂੰ ਸਬਕ ਸਿਖਾਇਆ ਹੈ, ਸੁਚੇਤ ਹੋਕੇ ਲੋਕ ਧਰਮ ਅਧਾਰਤ ਰਾਜਨੀਤੀ 'ਚ ਬਦਲਾਅ ਆਏਗਾ। ਵਿਦਿਅਕ ਅਦਾਰਿਆਂ, ਸਿਵਲ ਸੁਸਾਇਟੀ ਵਿੱਚ, ਮੀਡੀਆ ਵਿੱਚ ਇਸ ਦੇ ਸਿੱਟਿਆਂ ਦੀ ਚਰਚਾ ਹੋਏਗੀ। ਇਹ ਅੰਦੋਲਨ ਅੱਗੋਂ ਕਿਸਾਨਾਂ ਦੀ ਦਰਦਸ਼ਾ ਦੂਰ ਕਰਨ ਦਾ ਸਾਧਨ ਬਣੇਗਾ। ਕਿਸਾਨਾਂ ਦੀ ਆਰਥਿਕਤਾ ਸੁਧਰੇਗੀ ਪਰ ਦੋ ਵਰ੍ਹਿਆਂ 'ਚ ਇਸ ਅੰਦੋਲਨ ਦਾ ਪ੍ਰਭਾਵ ਖੇਰੂ-ਖੇਰੂ ਹੋਇਆ ਦਿਸਦਾ ਹੈ। ਇੱਕ ਖਿਲਾਅ ਪੈਦਾ ਹੋ ਗਿਆ ਹੈ। ਕਿਸਾਨ ਜੱਥੇਬੰਦੀਆਂ ਦਾ ਏਕਾ ਕਿਧਰ ਗਿਆ? ਲੋਕਾਂ ਨੂੰ ਦਿੱਤੇ, ਦਿਖਾਏ ਸੁਪਨੇ ਜਿਵੇਂ ਬਿਖ਼ਰ ਹੀ ਗਏ।

ਕਿਸਾਨਾਂ, ਜਿਹਨਾ ਨੂੰ ਕੇਂਦਰ ਦੀ ਸਰਕਾਰ 'ਤੇ ਇਹ ਵਾਅਦਾ ਦੇਕੇ ਘਰਾਂ ਨੂੰ ਦਿੱਲੀ ਦੀਆਂ ਬਰੂਹਾਂ ਤੋਂ ਵਾਪਸ ਤੋਰਿਆ ਸੀ, ਉਹ ਵਾਅਦੇ ਵਫਾ ਨਾ ਹੋਏ, ਫ਼ਸਲਾਂ ਦੀ ਘੱਟੋ-ਘੱਟ ਕੀਮਤ ਕਦੇ ਵੀ ਨੀਅਤ ਨਾ ਹੋਈ। ਹੁਣ ਤਾਂ ਕੋਈ ਕਿਸਾਨਾਂ ਦੀ ਮੰਦੀ, ਭੈੜੀ ਹਾਲਾਤ ਉਤੇ ਕੀਰਨੇ ਵੀ ਨਹੀਂ ਪਾਉਂਦਾ। ਹੁਣ ਤਾਂ ਕਿਸਾਨਾਂ ਤੇ ਮਜ਼ਦੂਰਾਂ 'ਚ ਨਿਰਾਸ਼ਾ ਝਲਕਦੀ ਨਜ਼ਰ ਆਉਂਦੀ ਹੈ।

ਸਿਆਸਤ ਗੈਰ-ਜ਼ਮਹੂਰੀ ਦਿਸ਼ਾ ਵੱਲ ਵਧ ਰਹੀ ਹੈ। ਲੋਕ ਸਮੂਹਾਂ ਤੋਂ ਸਿਆਸੀ ਚੇਤਨਤਾ ਖੋਹਕੇ ਉਹਨਾ ਦੇ ਮਨਾਂ ਵਿੱਚ ਧਾਰਮਿਕ ਕੱਟੜਤਾ ਤੇ ਸੌੜਾਪਨ ਭਰਿਆ ਜਾ ਰਿਹਾ ਹੈ। ਇੱਕ ਪ੍ਰਸਿੱਧ ਚਿੰਤਕ ਸਵਰਾਜਬੀਰ ਲਿਖਦਾ ਹੈ- ਅਸਲ 'ਚ ਲੋਕਾਂ ਦੇ ਮਨਾਂ ਵਿੱਚ ਇਹ ਭਾਵਨਾ ਪੈਦਾ ਕਰਨ ਦਾ ਯਤਨ ਹੋ ਰਿਹਾ ਹੈ ਕਿ ਨਿੱਜੀ ਆਰਥਿਕ ਸੁਰੱਖਿਆ ਤੋਂ ਵੱਧ ਇਸ ਦੁਨੀਆ 'ਚ ਹੋਰ ਕੋਈ ਚੀਜ਼ ਨਹੀਂ ਹੈ।

ਇਹ ਭਾਵਨਾ ਕਿਸਾਨ ਅੰਦੋਲਨ ਤੋਂ ਬਾਅਦ ਕਿਸਾਨ ਜੱਥੇਬੰਦੀਆਂ ਦੇ ਇੱਕ ਮੁੱਠ ਨਾ ਰਹਿ ਸਕਣ ਕਾਰਨ, ਅੰਦੋਲਨ ਦੇ ਪ੍ਰਾਪਤ ਨਤੀਜਿਆਂ 'ਚ ਅਸਫਲਤਾ ਤੋਂ ਬਾਅਦ ਹੋਰ ਵੀ ਪਕੇਰੀ ਹੋ ਗਈ ਹੈ। (**ਬਾਕੀ ਸਫ਼ਾ 31 'ਤੇ**)

# ਕੀ ਕਾਂਗਰਸ ਕਰ ਸਕੇਗੀ ਭਾਜਪਾ ਦਾ ਮੁਕਾਬਲਾ ?



ਪੱਤਰਕਾਰ ਆਸ਼ੂਤੋਸ਼



ਤਿੰਨ ਰਾਜਾਂ ਵਿੱਚ ਹਾਰਨ ਤੋਂ ਬਾਅਦ ਕਾਂਗਰਸ ਦਾ ਕੀ ਹੋਵੇਗਾ ? ਕੀ ਉਹ ਪਹਿਲਾਂ ਦੀ ਤਰ੍ਹਾਂ ਸੁੰਗੜ ਜਾਵੇਗੀ ? ਕੀ ਉਸ ਦਾ ਮਨੋਬਲ ਟੁੱਟ ਜਾਵੇਗਾ ? ਕੀ 'ਇੰਡੀਆ' ਗੱਠਜੋੜ ਵਿੱਚ ਉਸ ਦੀ ਭੂਮਿਕਾ ਸਿਮਟ ਜਾਵੇਗੀ ?

ਚੋਣਾਂ ਤੋਂ ਪਹਿਲਾਂ ਇਹ ਗੱਲ ਕਹੀ ਜਾ ਰਹੀ ਸੀ ਕਿ ਕਾਂਗਰਸ ਤਿੰਨ ਰਾਜਾਂ ਵਿੱਚ ਆਸਾਨੀ ਨਾਲ ਜਿੱਤ ਜਾਵੇਗੀ। ਮੱਧ ਪ੍ਰਦੇਸ਼ ਵਿੱਚ ਸ਼ਿਵਰਾਜ ਸਰਕਾਰ ਵਿਰੁੱਧ ਜ਼ਬਰਦਸਤ ਨਾਰਾਜ਼ਗੀ ਸੀ, ਲੋਕ ਬਦਲਾਅ ਦੀ ਗੱਲ ਕਰ ਰਹੇ ਸਨ। ਉਥੇ ਸਭ ਨੂੰ ਲਗ ਰਿਹਾ ਸੀ ਕਿ ਕਾਂਗਰਸ ਵੱਡੇ ਬਹੁਮਤ ਵੱਲ ਵਧ ਰਹੀ ਹੈ ਪਰ ਹੋਇਆ ਬਿਲਕੁਲ ਉਲਟਾ। ਛੱਤੀਸਗੜ੍ਹ, ਜੋ ਕਾਂਗਰਸ ਦਾ ਸਭ ਤੋਂ ਵੱਡਾ ਕਿਲ੍ਹਾ ਸੀ, ਉਹ ਵੀ ਢਹਿ-ਢੇਰੀ ਹੋ ਗਿਆ ਅਤੇ ਭੁਪੇਸ਼ ਬਘੇਲ, ਜਿਨ੍ਹਾਂ ਨੂੰ ਭਾਰਤੀ ਰਾਜਨੀਤੀ ਦਾ ਵੱਡਾ ਸਿਤਾਰਾ ਸਮਝਿਆ ਜਾ ਰਿਹਾ ਸੀ, ਉਹ ਵੀ ਪਿੱਛੇ ਪੈ ਗਏ ਹਨ। ਅਸ਼ੋਕ ਗਹਿਲੋਤ ਨੇ ਤਾਂ ਆਪਣੇ ਪੈਰ 'ਤੇ ਕੁਹਾੜੀ ਮਾਰੀ ਹੈ। ਜੇਕਰ ਉਹ ਸਚਿਨ ਨੂੰ ਨਾਲ ਲੈ ਕੇ ਚਲਦੇ ਤਾਂ ਇਸ ਸਮੇਂ ਉਨ੍ਹਾਂ ਦੀ ਸਰਕਾਰ ਹੁੰਦੀ। ਤਿੰਨਾਂ ਰਾਜਾਂ ਵਿੱਚ ਹਾਰ ਕਾਂਗਰਸ ਦੇ ਮੱਥੇ 'ਤੇ ਇਕ ਨਵਾਂ ਨਾ ਮਿਟਣ ਵਾਲਾ ਦਾਗ਼ ਹੈ।

ਪਰ ਤੇਲੰਗਾਨਾ ਵਿੱਚ ਕਾਂਗਰਸ ਦੀ ਜਿੱਤ ਇੱਕ ਉਮੀਦ ਦੀ ਕਿਰਨ ਹੈ। ਉਥੇ ਕਾਂਗਰਸ ਨੇ ਇਕ ਬੇਹੱਦ ਮਜ਼ਬੂਤ ਨੇਤਾ ਕੇ.ਸੀ.ਆਰ. ਅਤੇ ਉਸ ਦੀ ਪਾਰਟੀ ਨੂੰ ਮਾਤ ਦਿੱਤੀ ਹੈ। ਬਿਲਕੁਲ ਨਵੇਂ ਨੇਤਾ 'ਤੇ ਦਾਅ ਲਗਾਇਆ ਗਿਆ ਅਤੇ ਉਹ ਕਾਮਯਾਬ ਰਿਹਾ। ਕੀ ਤੇਲੰਗਾਨਾ ਕਾਂਗਰਸ ਦੇ ਭਵਿੱਖ ਦੀ ਰਾਜਨੀਤੀ ਦੀ ਰੂਪ-ਰੇਖਾ ਲਿਖ ਸਕਦਾ ਹੈ ? ਕੀ ਪਾਰਟੀ ਨੂੰ ਤੇਲੰਗਾਨਾ ਕੋਈ ਸਬਕ ਦੇ ਸਕਦਾ ਹੈ ?

ਹਿੰਦੀ ਪੱਟੀ ਦੀ ਹਾਰ ਤੋਂ ਇੱਕ ਗੱਲ ਸਾਫ਼ ਹੈ ਕਿ ਭਾਜਪਾ ਇਸ ਖੇਤਰ ਵਿੱਚ ਬੇਹੱਦ ਮਜ਼ਬੂਤ ਹੈ ਅਤੇ ਉਸ ਨੂੰ ਹਰਾਉਣ ਲਈ ਕਾਂਗਰਸ ਨੂੰ ਕੁਝ ਨਵਾਂ ਕਰਨਾ ਪਵੇਗਾ। ਨਾਲ ਹੀ ਇਹ ਵੀ ਸਮਝਣਾ ਹੋਵੇਗਾ ਕਿ ਆਪਸੀ ਧੜੇਬੰਦੀ ਕਾਰਨ ਭਾਜਪਾ ਦਾ ਹੀ ਫਾਇਦਾ ਹੋਵੇਗਾ। ਦਰਅਸਲ, ਕਾਂਗਰਸ ਦੀ ਸਭ ਤੋਂ ਵੱਡੀ ਕਮਜ਼ੋਰੀ ਉਸ ਦੇ ਇੰਦਰਾ ਗਾਂਧੀ ਦੇ ਜ਼ਮਾਨੇ ਦੇ ਨੇਤਾ ਹਨ, ਜੋ ਦਰਬਾਰੀ ਰਾਜਨੀਤੀ ਦੀ ਉਪਜ ਹਨ ਅਤੇ ਨਹਿਰੂ - ਇੰਦਰਾ ਗਾਂਧੀ ਦੀ ਚਮਚਾਗਿਰੀ ਕਰਕੇ ਰਾਜਨੀਤੀ ਦੀ ਚੋਟੀ ਤੱਕ ਪਹੁੰਚੇ ਹਨ। ਇਹ ਨੇਤਾ ਦਰਬਾਰ ਰਾਜਨੀਤੀ ਦੇ ਮਾਹਿਰ ਖਿਡਾਰੀ ਹਨ। ਇਹ ਹਮੇਸ਼ਾ ਦਰਬਾਰ ਵਿੱਚ ਰਹਿ ਕੇ ਸ਼ਹਿ-ਮਾਤ ਦੀ ਖੇਡ ਖੇਡਦੇ ਰਹਿੰਦੇ ਹਨ। ਅਸ਼ੋਕ ਗਹਿਲੋਤ ਨੂੰ ਕਾਇਦੇ ਨਾਲ 2018 ਵਿਧਾਨ ਸਭਾ ਦੀਆਂ ਚੋਣਾਂ ਤੋਂ ਬਾਅਦ ਮੁੱਖ ਮੰਤਰੀ ਨਹੀਂ ਸੀ ਬਣਾਉਣਾ ਚਾਹੀਦਾ। ਕਾਂਗਰਸ ਨੇ ਸਚਿਨ ਦੀ ਅਗਵਾਈ ਦਾ ਹੱਕ ਮਾਰ ਕੇ ਗਹਿਲੋਤ ਨੂੰ ਮੁੱਖ ਮੰਤਰੀ ਬਣਾਇਆ, ਜੋ ਕਾਂਗਰਸ ਦੀ ਸਭ ਤੋਂ ਵੱਡੀ ਗ਼ਲਤੀ ਸੀ ਅਤੇ 2018 ਦੀ ਜਿੱਤ 2023 ਵਿੱਚ ਕਾਂਗਰਸ ਦੀ ਹਾਰ ਦਾ ਕਾਰਨ ਬਣੀ। ਸਚਿਨ ਪਾਇਲਟ ਇਹ ਅਪਮਾਨ ਕਦੀਂ ਵੀ ਭੁੱਲ ਨਹੀਂ ਸਕੇ ਅਤੇ ਨਾ ਹੀ ਇਹ ਸਮਝ ਸਕੇ ਕਿ ਇਕ ਹਾਰ ਨਾਲ ਜ਼ਿੰਦਗੀ ਖ਼ਤਮ ਨਹੀਂ ਹੁੰਦੀ। ਸਚਿਨ ਨੂੰ ਪਹਿਲਾਂ ਤਾਂ ਗਹਿਲੋਤ ਦੇ ਨਾਂਅ 'ਤੇ ਤਿਆਰ ਨਹੀਂ ਹੋਣਾ ਚਾਹੀਦਾ ਸੀ ਅਤੇ ਜੇਕਰ ਤਿਆਰ ਹੋ ਗਏ ਸਨ ਤਾਂ ਪੂਰੇ ਪੰਜ ਸਾਲ ਗਹਿਲੋਤ ਦੇ ਨਾਲ ਰਹਿਣਾ ਚਾਹੀਦਾ ਸੀ। ਵਿਚਾਲੇ ਬਗ਼ਾਵਤ ਦਾ ਕੋਈ ਅਰਥ ਨਹੀਂ ਸੀ। ਗਹਿਲੋਤ ਨੂੰ ਵੀ ਸਚਿਨ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਸੀ, ਜੋ ਉਨ੍ਹਾਂ ਨੇ ਨਹੀਂ ਕੀਤਾ। ਲਿਹਾਜ਼ਾ, ਪਾਰਟੀ ਨੇ ਹਾਰਨਾ ਹੀ ਸੀ।

ਗਹਿਲੋਤ ਨੂੰ ਇਹ ਭਰਮ ਹੋ ਗਿਆ ਸੀ ਕਿ ਉਹ ਆਪਣੀਆਂ ਕਲਿਆਣਕਾਰੀ ਯੋਜਨਾਵਾਂ ਅਤੇ ਪ੍ਰਚਾਰ ਦੇ ਦਮ 'ਤੇ ਫਿਰ ਤੋਂ ਸਰਕਾਰ ਬਣਾ ਸਕਦੇ ਹਨ। ਜੋ ਨਾ ਤਾਂ ਹੋਣਾ ਸੀ ਅਤੇ ਨਾ ਹੀ ਹੋਇਆ। ਕਾਂਗਰਸ ਲਈ ਸਭ ਤੋਂ ਵੱਡਾ ਸਬਕ ਇਹੀ ਹੈ ਕਿ ਜੇਕਰ ਉਹ ਸਮਾਂ ਰਹਿੰਦਿਆਂ ਵੱਡੇ ਅਤੇ ਸਖ਼ਤ ਫ਼ੈਸਲੇ ਨਹੀਂ ਕਰ ਸਕਦੀ ਤਾਂ ਫਿਰ ਪਾਰਟੀ ਲਈ ਅੱਗੇ ਵਧਣ ਦਾ ਰਸਤਾ ਮੁਸ਼ਕਿਲ ਹੀ ਹੁੰਦਾ ਜਾਵੇਗਾ। ਨਹਿਰੂ-ਗਾਂਧੀ ਪਰਿਵਾਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਰਾਜਨੀਤੀ ਵਿਚ ਕੋਈ ਸਕਾ ਨਹੀਂ ਹੁੰਦਾ। ਦਰਬਾਰੀ ਉਦੋਂ ਤੱਕ ਨਹਿਰੂ-ਗਾਂਧੀ ਪਰਿਵਾਰ ਦੇ ਸਕੇ ਸਨ, ਜਦੋਂ ਤੱਕ ਉਨ੍ਹਾਂ ਨੂੰ ਲਗਦਾ ਸੀ ਕਿ ਉਹ ਉਨ੍ਹਾਂ ਨੂੰ ਜਿਤਾ ਸਕਦੇ ਹਨ ਅਤੇ ਜਿਵੇਂ ਹੀ ਉਨ੍ਹਾਂ ਨੂੰ ਲੱਗਿਆ ਕਿ ਨਹਿਰੂ-ਗਾਂਧੀ ਪਰਿਵਾਰ ਕਮਜ਼ੋਰ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਨਹੀਂ ਜਿਤਾ ਸਕਦਾ ਤਾਂ ਦਰਬਾਰੀਆਂ ਨੇ ਗਿਰਗਿਟ ਦੀ ਤਰ੍ਹਾਂ ਰੰਗ ਬਦਲਣਾ ਸ਼ੁਰੂ ਕਰ ਦਿੱਤਾ ਅਤੇ ਨੌਬਤ ਇਥੋਂ ਤੱਕ ਆ ਗਈ ਕਿ ਗਹਿਲੋਤ ਹੋਵੇ ਜਾਂ ਫਿਰ ਕਮਲ ਨਾਥ ਦੋਵਾਂ ਨੇ ਚੋਣਾਂ ਵਿੱਚ ਨਹਿਰੂ-ਗਾਂਧੀ ਪਰਿਵਾਰ ਦੀ ਨਾਫ਼ਰਮਾਨੀ ਕੀਤੀ। ਉਨ੍ਹਾਂ ਦੇ ਫ਼ੈਸਲਿਆਂ ਨੂੰ ਮੰਨਣ ਤੋਂ ਮਨ੍ਹਾਂ ਕੀਤਾ। ਇਹ ਗੱਲ ਪੂਰੀ ਪਾਰਟੀ ਨੂੰ ਪਤਾ ਹੈ ਅਤੇ ਇਸ ਨਾਲ ਨਿਹਿਰੂ-ਗਾਂਧੀ ਪਰਿਵਾਰ ਤਾਂ ਕਮਜ਼ੋਰ ਹੋਇਆ ਹੀ, ਉਨ੍ਹਾਂ ਦੀ ਦਿੱਖ ਵੀ ਬਾਕੀ ਰਾਜਾਂ ਵਿਚ ਖ਼ਰਾਬ ਹੋਈ ਹੈ। ਇਸ ਤਰ੍ਹਾਂ ਕਾਂਗਰਸ ਨੂੰ ਹਾਰ ਤੋਂ ਬਾਅਦ ਹੁਣ ਦਿਲ ਸਖ਼ਤ ਕਰਕੇ ਦਰਬਾਰੀ ਨੇਤਾਵਾਂ ਨੂੰ ਹਾਰ ਲਈ ਜ਼ਿੰਮੇਦਾਰ ਠਹਿਰਾਉਂਦੇ ਹੋਏ ਨਵੀਂ ਲੀਡਰਸ਼ਿਪ ਨੂੰ ਅੱਗੇ ਲਿਆਉਣਾ ਚਾਹੀਦਾ ਹੈ, ਤਾਂ ਕਿ ਸਾਰੀ ਪਾਰਟੀ ਨੂੰ ਸੁਨੇਹਾ ਜਾਵੇ ਕਿ ਹੁਣ ਦਰਬਾਰੀਆਂ ਦੇ ਦਿਨ ਲੰਘ ਗਏ ਹਨ ਜੇਕਰ ਰੇਵੰਤ ਰੈਡੀ ਚੋਣਾਂ ਜਿਤਾ ਸਕਦੇ ਹਨ ਤਾਂ ਕਮਲ ਨਾਥ ਅਤੇ ਅਸ਼ੋਕ ਗਹਿਲੋਤ ਦੀ ਜ਼ਰੂਰਤ ਕੀ ਹੈ ? ਪਾਰਟੀ ਨੂੰ ਹਰ ਰਾਜ ਵਿੱਚ ਰੇਵੰਤ ਰੈਡੀ ਵਰਗੇ ਨੇਤਾਵਾਂ ਦੀ ਜ਼ਰੂਰਤ ਹੈ। ਭਾਵ ਇਸ ਤਰ੍ਹਾਂ ਦੇ ਲੋਕ ਜੋ ਮੋਦੀ ਰਾਜ ਦੀ ਰਾਜਨੀਤੀ ਨੂੰ ਸਮਝਦੇ ਹਨ, ਸਭ ਨੂੰ ਨਾਲ ਲੈ ਕੇ ਚਲ ਸਕਦੇ ਹਨ ਅਤੇ ਮੋਦੀ ਦੀ ਤਰ੍ਹਾਂ ਹਮਲਾਵਰ ਰਾਜਨੀਤੀ 24 ਘੰਟੇ ਕਰ ਸਕਦੇ ਹਨ। ਪਾਰਟੀ ਨੂੰ ਕਮਲ ਨਾਥ ਵਰਗੇ ਨੇਤਾਵਾਂ ਦੀ ਜ਼ਰੂਰਤ ਨਹੀਂ ਹੈ ਜੋ ਕਾਰਕੁੰਨਾਂ ਦਾ ਸਨਮਾਨ ਨਹੀਂ ਕਰਦੇ, ਹਾਈਕਮਾਨ ਦੀ ਗੱਲ ਨਹੀਂ ਮੰਨਦੇ, ਸਿਰਫ਼ ਆਪਣੇ ਸਵਾਰਥ ਦੀ ਪੂਰਤੀ ਵਿੱਚ ਲੱਗੇ ਰਹਿੰਦੇ ਹਨ ਅਤੇ ਸਖ਼ਤ ਮਿਹਨਤ ਵੀ ਨਹੀਂ ਕਰ ਸਕਦੇ। ਇਹ ਉਹ ਨੇਤਾ ਹਨ ਜੋ ਅੱਜ ਵੀ ਇੰਦਰਾ ਯੁੱਗ ਵਿੱਚ ਜਿਉਂ ਰਹੇ ਹਨ, ਜਦੋਂ ਕਾਂਗਰਸ ਸਾਹਮਣੇ ਕੋਈ ਚੁਣੌਤੀ ਨਹੀਂ ਸੀ ਅਤੇ ਉਹ ਆਸਾਨੀ ਨਾਲ ਜਿੱਤ ਜਾਂਦੇ ਸਨ। ਉਨ੍ਹਾਂ ਨੂੰ ਮਿਹਨਤ ਨਹੀਂ ਕਰਨੀ ਪੈਂਦੀ ਸੀ ਅਤੇ ਇੰਦਰਾ ਗਾਂਧੀ ਦੇ ਨਾਂਅ 'ਤੇ ਵੱਡੇ-ਵੱਡੇ ਅਹੁਦੇ ਲੈ ਲੈਂਦੇ ਸਨ। ਅੱਜ ਹਾਲਾਤ ਬਦਲ ਗਏ ਹਨ। ਪਾਰਟੀ ਬੇਹੱਦ ਕਮਜ਼ੋਰ ਹੋ ਗਈ ਹੈ। ਮੋਦੀ ਵਰਗਾ ਨੇਤਾ ਪ੍ਰਧਾਨ ਮੰਤਰੀ ਹੈ, ਜੋ ਨਾ ਸਿਰਫ਼ ਚੌਵੀ ਘੰਟੇ ਮਿਹਨਤ ਕਰਦੇ ਹਨ ਸਗੋਂ ਸਾਮ, ਦੰਡ, ਭੇਦ ਸਭ ਤਰ੍ਹਾਂ ਦੇ ਹੱਥਕੰਡੇ ਅਪਣਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਕਾਂਗਰਸ ਨੂੰ ਇਸ ਤਰ੍ਹਾਂ ਦੀ ਨਵੀਂ ਉਮਰ ਦੇ ਲੋਕ ਚਾਹੀਦੇ ਹਨ, ਜਿਨ੍ਹਾਂ ਦੇ ਅੰਦਰ ਜਿੱਤਣ ਦੀ ਅੱਗ ਹੋਵੇ ਅਤੇ ਉਹ ਭਾਜਪਾ ਦੀ ਤਰ੍ਹਾਂ ਹਰ ਹਥਕੰਡਾ ਅਪਣਾਉਣ ਤੋਂ ਪ੍ਰਹੇਜ਼ ਨਾ ਕਰਨ। ਜੇਕਰ ਕਾਂਗਰਸ ਇਸ ਤਰ੍ਹਾਂ ਕਰ ਸਕਦੀ ਹੈ ਤਾਂ ਫਿਰ ਉਹ 2024 ਦੀ ਲੜਾਈ ਮਜ਼ਬੂਤੀ ਨਾਲ ਲੜ ਸਕਦੀ ਹੈ, ਨਹੀਂ ਤਾਂ ਕੋਈ ਉਮੀਦ ਨਹੀਂ ਹੈ।ਇਕ ਚੀਜ਼ ਕਾਂਗਰਸ ਨੂੰ ਇਨ੍ਹਾਂ ਚੋਣਾਂ ਵਿਚ ਹੌਸਲਾ ਦੇ ਸਕਦੀ ਹੈ ਕਿ ਤਿੰਨੇ ਰਾਜਾਂ ਵਿਚ ਜਿਥੇ ਕਾਂਗਰਸ ਹਾਰੀ ਹੈ, ਉਥੇ ਉਸ ਦੇ ਵੋਟ 40 ਫ਼ੀਸਦੀ ਤੋਂ ਜ਼ਿਆਦਾ ਰਹੇ ਹਨ। ਭਾਵ ਹਾਰ ਤੋਂ ਬਾਅਦ ਵੀ ਜਨਤਾ ਦਾ ਵਿਸ਼ਵਾਸ ਉਨ੍ਹਾਂ ਵਿਚ ਹੈ ਅਤੇ ਉਹ ਭਾਜਪਾ ਅਤੇ ਮੋਦੀ ਦੀ ਨੀਤੀਆਂ ਨਾਲ ਸਹਿਮਤ ਨਹੀਂ ਹਨ ਉਹ ਹਿੰਦੂਤਵ ਨੂੰ ਦੇਸ਼ ਲਈ ਠੀਕ ਨਹੀਂ ਮੰਨਦੇ। ਇਹ ਵੋਟਰ ਅੱਜ ਵੀ ਕਾਂਗਰਸ ਵੱਲ ਉਮੀਦ ਨਾਲ ਦੇਖ ਰਹੇ ਹਨ। ਸੀ.ਐਸ.ਡੀ.ਐਸ. ਦੇ ਸਰਵੇ ਅਨੁਸਾਰ ਭਾਜਪਾ ਦੇ ਸਭ ਦਾਅਵਿਆਂ ਦੇ ਬਾਵਜੂਦ ਦਲਿਤ ਅਤੇ ਆਦਿਵਾਸੀ ਵੋਟਰਾਂ ਦਾ ਝੁਕਾਅ ਕਾਂਗਰਸ ਵੱਲ ਜ਼ਿਆਦਾ ਹੈ। ਘੱਟ ਗਿਣਤੀਆਂ ਦਾ ਭਾਈਚਾਰਾ ਪੂਰੀ ਮਜ਼ਬੂਤੀ ਨਾਲ ਕਾਂਗਰਸ ਵਿੱਚ ਆਸ ਰੱਖਦਾ ਹੈ। ਉੱਚ ਜਾਤੀਆਂ ਅਤੇ ਓ.ਬੀ.ਸੀ. ਦਾ ਇਕ ਭਾਈਚਾਰਾ ਭਾਜਪਾ ਦੇ ਨਾਲ ਹੈ। ਪੜ੍ਹੇ-ਲਿਖੇ ਤਬਕੇ ਦਾ ਵੱਡਾ ਹਿੱਸਾ ਵੀ ਭਾਜਪਾ ਨੂੰ ਵੋਟ ਦਿੰਦਾ ਹੈ। ਭਾਵ ਗ਼ਰੀਬ, ਮਜ਼ਦੂਰ ਅਤੇ ਕਮਜ਼ੋਰ ਕਿਸਾਨ ਨੂੰ ਭਾਜਪਾ ਤੋਂ ਜ਼ਿਆਦਾ ਉਮੀਦ ਨਹੀਂ ਹੈ। ਉਹ ਕਾਂਗਰਸ ਵਿਚ ਆਪਣਾ ਭਵਿੱਖ ਦੇਖ ਰਹੇ ਹਨ। ਉੱਚ ਜਾਤੀਆਂ ਹਿੰਦੂਤਵ ਦੇ ਵੱਸ ਹੋ ਕੇ ਭਾਜਪਾ ਨੂੰ ਵੋਟ ਦੇ ਰਹੀਆਂ ਹਨ ਪਰ ਗ਼ਰੀਬ ਮਹਿੰਗਾਈ ਅਤੇ ਬੇਰੁਜ਼ਗਾਰੀ ਤੋਂ ਬੁਰੀ ਤਰ੍ਹਾਂ ਪ੍ਰੇਸ਼ਾਨ ਹਨ। ਉਹ ਬਦਲਾਅ ਚਾਹੁੰਦੇ ਹਨ, ਕਾਂਗਰਸ ਇਸ ਵੱਡੇ ਵਰਗ ਨੂੰ ਨਾਲ ਰੱਖਣ ਤੋਂ ਇਲਾਵਾ ਜੇਕਰ ਦੋ ਤਿੰਨ ਫ਼ੀਸਦੀ ਨਵੇਂ ਵੋਟਰਾਂ ਨੂੰ ਆਪਣੇ ਵੱਲ

(ਬਾਕੀ ਸਫ਼ਾ 31 'ਤੇ)

# ਅੰਤਰਰਾਸ਼ਟਰੀ ਦਮਨ

ਰਣਜੀਤ ਸਿੰਘ ਕੁੱਕੀ ਗਿੱਲ






ਯੂ. ਐਸ. ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ (ਯੂ.ਐਸ.ਸੀ.ਆਈ. ਆਰ.ਐਫ.) ਇੱਕ ਸੁਤੰਤਰ, ਦੋ-ਪੱਖੀ ਸੰਘੀ ਸਰਕਾਰ ਦੀ ਇਕਾਈ ਹੈ ਜੋ ਅਮਰੀਕੀ ਕਾਂਗਰਸ ਦੁਆਰਾ ਵਿਦੇਸ਼ਾਂ ਵਿੱਚ ਧਾਰਮਿਕ ਆਜ਼ਾਦੀ ਦੀ ਨਿਗਰਾਨੀ, ਵਿਸ਼ਲੇਸ਼ਣ ਅਤੇ ਰਿਪੋਰਟ ਕਰਨ ਲਈ ਸਥਾਪਿਤ ਕੀਤੀ ਗਈ ਹੈ। ਯੂ.ਐਸ.ਸੀ.ਆਈ.ਆਰ.ਐਫ. ਵਿਦੇਸ਼ ਨੀਤੀ ਦੀਆਂ ਸਿਫ਼ਾਰਿਸ਼ਾਂ ਰਾਸ਼ਟਰਪਤੀ, ਰਾਜ ਦੇ ਸਕੱਤਰ ਅਤੇ ਕਾਂਗਰਸ ਨੂੰ ਧਾਰਮਿਕ ਅੱਤਿਆਚਾਰ ਨੂੰ ਰੋਕਣ ਅਤੇ ਧਰਮ ਜਾਂ ਵਿਸ਼ਵਾਸ ਦੀ ਆਜ਼ਾਦੀ ਨੂੰ ਉਤਸ਼ਾਹਿਤ ਕਰਨ ਲਈ ਕਰਦਾ ਹੈ। ਯੂ.ਐਸ.ਸੀ.ਆਈ. ਆਰ. ਐਫ. ਨੇ 2020 ਤੋਂ ਹਰ ਸਾਲ ਸਿਫ਼ਾਰਸ਼ ਕੀਤੀ ਹੈ ਕਿ ਅਮਰੀਕੀ ਵਿਦੇਸ਼ ਵਿਭਾਗ ਭਾਰਤ ਨੂੰ ਇੱਕ ਖਾਸ ਚਿੰਤਾ ਵਾਲੇ ਦੇਸ਼ ਵਜੋਂ ਨਾਮਜ਼ਦ ਕਰੇ, ਸਭ ਤੋਂ ਹਾਲ ਹੀ ਵਿੱਚ ਆਪਣੀ 2023 ਦੀ ਸਾਲਾਨਾ ਰਿਪੋਰਟ ਵਿੱਚ ਇਸ ਨੇ ਇਹੀ ਕਿਹਾ ਹੈ। ਯੂ.ਐਸ.ਸੀ. ਆਈ.ਆਰ.ਐਫ. ਨੇ ਭਾਰਤ ਦੇ ਰਾਜ-ਪੱਧਰ ਦੇ ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ 'ਤੇ ਇੱਕ ਅੰਕ ਅਪਡੇਟ ਵੀ ਪ੍ਰਕਾਸ਼ਿਤ ਕੀਤਾ, ਜੋ ਧਾਰਮਿਕ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਭਾਰਤ ਦੁਆਰਾ ਇਹਨਾਂ ਕਾਨੂੰਨਾਂ ਦੀ ਵਰਤੋਂ ਬਾਰੇ ਹੋਰ ਸੰਦਰਭ ਪ੍ਰਦਾਨ ਕਰਦਾ ਹੈ। ਸਤੰਬਰ 2023 ਵਿੱਚ, ਯੂ.ਐਸ.ਸੀ.ਆਈ. ਆਰ.ਐਫ. ਨੇ ਭਾਰਤ ਵਿੱਚ ਧਾਰਮਿਕ ਆਜ਼ਾਦੀ ਦੀਆਂ ਸਥਿਤੀਆਂ ਅਤੇ ਉਲੰਘਣਾਵਾਂ ਨੂੰ ਹੱਲ ਕਰਨ ਲਈ ਅਮਰੀਕੀ ਸਰਕਾਰ ਭਾਰਤ ਸਰਕਾਰ ਨਾਲ ਕਿਵੇਂ ਕੰਮ ਕਰ ਸਕਦੀ ਹੈ, ਬਾਰੇ ਇੱਕ ਸੁਣਵਾਈ ਕੀਤੀ।

ਯੂਨਾਈਟਿਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ (ਯੂ.ਐਸ.ਸੀ.ਆਈ.ਆਰ.ਐਫ.) ਭਾਰਤ ਦੁਆਰਾ ਧਾਰਮਿਕ ਘੱਟ ਗਿਣਤੀਆਂ ਅਤੇ ਉਨ੍ਹਾਂ ਦੀ ਵਕਾਲਤ ਕਰਨ ਵਾਲਿਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਨਿਸ਼ਾਨਾ ਬਣਾਏ ਜਾਣ ਤੋਂ ਚਿੰਤਤ ਹੈ। ਭਾਰਤ ਸਰਕਾਰ ਵੱਲੋਂ ਵਿਦੇਸ਼ਾਂ ਵਿੱਚ ਕਾਰਕੁੰਨਾਂ, ਪੱਤਰਕਾਰਾਂ ਅਤੇ ਵਕੀਲਾਂ ਨੂੰ ਚੁੱਪ ਕਰਾਉਣ ਦੀਆਂ ਤਾਜ਼ਾ ਕੋਸ਼ਿਸ਼ਾਂ ਨੇ ਧਾਰਮਿਕ ਆਜ਼ਾਦੀ ਲਈ ਗੰਭੀਰ ਖਤਰਾ ਪੈਦਾ ਕੀਤਾ ਹੈ। ਭਾਰਤ ਦੁਆਰਾ ਧਰਮ ਜਾਂ ਵਿਸ਼ਵਾਸ ਦੀ ਆਜ਼ਾਦੀ ਦੀ ਯੋਜਨਾਬੱਧ ਅਤੇ ਗੰਭੀਰ ਉਲੰਘਣਾਵਾਂ ਦੇ ਕਾਰਨ, ਯੂ.ਐਸ.ਸੀ.ਆਈ.ਆਰ.ਐਫ. ਨੇ ਅਮਰੀਕਾ ਦੇ ਵਿਦੇਸ਼ ਵਿਭਾਗ ਨੂੰ ਭਾਰਤ ਨੂੰ ਵਿਸ਼ੇਸ਼ ਚਿੰਤਾ ਦਾ ਦੇਸ਼ ਨਾਮਜ਼ਦ ਕਰਨ ਲਈ ਬੇਨਤੀ ਕੀਤੀ ਹੈ। ਭਾਈ ਨਿੱਝਰ ਦੇ ਕਤਲ ਅਤੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਵਿੱਚ ਭਾਰਤ ਸਰਕਾਰ ਦੀ ਕਥਿਤ ਸ਼ਮੂਲੀਅਤ ਡੂੰਘੀ ਚਿੰਤਾਜਨਕ ਹੈ ਅਤੇ ਇਹ ਧਾਰਮਿਕ ਘੱਟ ਗਿਣਤੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਰਾਖਿਆਂ ਨੂੰ ਚੁੱਪ ਕਰਵਾਉਣ ਲਈ ਭਾਰਤ ਦੀਆਂ ਕੋਸ਼ਿਸ਼ਾਂ ਦੇ ਗੰਭੀਰ ਵਾਧੇ ਨੂੰ ਦਰਸਾਉਂਦੀ ਹੈ। ਯੂ.ਐਸ.ਸੀ.ਆਈ.ਆਰ.ਐਫ. ਕਮਿਸ਼ਨਰ ਸਟੀਫਨ ਸ਼ਨੇਕ ਨੇ ਕਿਹਾ ਕਿ ਅਸੀਂ ਬਾਈਡਨ ਪ੍ਰਸ਼ਾਸਨ ਨੂੰ ਵਿਸ਼ੇਸ਼ ਤੌਰ 'ਤੇ ਧਾਰਮਿਕ ਆਜ਼ਾਦੀ ਦੀ ਗੰਭੀਰ ਉਲੰਘਣਾ ਦੇ ਭਾਰਤ ਸਰਕਾਰ ਦੇ ਅਪਰਾਧ ਨੂੰ ਸਵੀਕਾਰ ਕਰਨ ਅਤੇ ਇਸ ਨੂੰ ਵਿਸ਼ੇਸ਼ ਚਿੰਤਾ ਵਾਲੇ ਦੇਸ਼ ਵਜੋਂ ਨਾਮਜ਼ਦ ਕਰਨ ਲਈ ਕਹਿੰਦੇ ਹਾਂ।

ਅੰਤਰ-ਰਾਸ਼ਟਰੀ ਦਮਨ ਉਦੋਂ ਹੁੰਦਾ ਹੈ ਜਦੋਂ ਰਾਜ ਆਪਣੀਆਂ ਸਰਹੱਦਾਂ ਤੋਂ ਬਾਹਰ ਰਹਿਣ ਵਾਲਿਆਂ ਵਿਰੁੱਧ ਡਰਾਉਣ, ਪਰੇਸ਼ਾਨੀ ਜਾਂ ਹਿੰਸਾ ਦੀ ਵਰਤੋਂ ਕਰਦੇ ਹਨ। ਅੰਤਰ-ਰਾਸ਼ਟਰੀ ਦਮਨ ਮੁਹਿੰਮਾਂ ਅਕਸਰ ਰਾਜਨੀਤਿਕ ਅਤੇ ਮਨੁੱਖੀ ਅਧਿਕਾਰ ਕਾਰਕੁੰਨਾਂ, ਪੱਤਰਕਾਰਾਂ ਅਤੇ ਧਾਰਮਿਕ ਅਤੇ ਨਸਲੀ ਘੱਟ ਗਿਣਤੀ ਸਮੂਹਾਂ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਅਤਿਅੰਤ ਮਾਮਲਿਆਂ ਵਿੱਚ, ਰਣਨੀਤੀਆਂ ਵਿੱਚ ਨਜ਼ਰਬੰਦੀ, ਪਰਿਵਾਰਕ ਮੈਂਬਰਾਂ ਵਿਰੁੱਧ ਬਦਲਾ, ਅਗਵਾ, ਜਾਂ ਜਿਵੇਂ ਕਿ ਭਾਰਤ ਦੁਆਰਾ ਦਰਸਾਇਆ ਗਿਆ ਹੈ, ਹੱਤਿਆਵਾਂ ਸ਼ਾਮਲ ਹਨ। ਨਵੰਬਰ 2023 ਵਿੱਚ, ਯੂ. ਐਸ. ਡਿਪਾਰਟਮੈਂਟ ਆਫ਼ ਜਸਟਿਸ ਨੇ ਇੱਕ ਇਲਜ਼ਾਮ ਪ੍ਰਕਾਸ਼ਿਤ ਕੀਤਾ ਸੀ ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਇੱਕ ਸਿੱਖ ਕਾਰਕੁੰਨ ਦੀ ਹੱਤਿਆ ਕਰਨ ਦੀ ਭਾਰਤ ਸਰਕਾਰ ਦੀ ਕੋਸ਼ਿਸ਼ ਦਾ ਉਦੇਸ਼

ਸੰਯੁਕਤ ਰਾਜ ਅਤੇ ਕੈਨੇਡਾ ਵਿੱਚ ਵਾਧੂ ਹੱਤਿਆਵਾਂ ਦੀ ਇੱਕ ਲੜੀ ਨੂੰ ਉਕਸਾਉਣਾ ਸੀ। ਇਸ ਤੋਂ ਇਲਾਵਾ, ਭਾਰਤੀ ਅਧਿਕਾਰੀਆਂ ਨੇ ਧਾਰਮਿਕ ਘੱਟ ਗਿਣਤੀਆਂ ਦੀ ਵਕਾਲਤ ਕਰਨ ਵਾਲੇ ਵਿਦੇਸ਼ਾਂ ਵਿੱਚ ਪੱਤਰਕਾਰਾਂ ਅਤੇ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਉਣ ਅਤੇ ਡਰਾਉਣ ਲਈ ਸਪਾਈਵੇਅਰ ਅਤੇ ਔਨਲਾਈਨ ਪਰੇਸ਼ਾਨੀ ਮੁਹਿੰਮਾਂ ਦੀ ਵਰਤੋਂ ਕੀਤੀ ਹੈ। ਜੂਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੰਯੁਕਤ ਰਾਜ ਅਮਰੀਕਾ ਫੇਰੀ ਤੋਂ ਬਾਅਦ, ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੂਚਨਾ ਅਤੇ ਤਕਨਾਲੋਜੀ ਵਿਭਾਗ ਦੇ ਮੁਖੀ, ਅਮਿਤ ਮਾਲਵੀਆ ਦੀਆਂ ਟਿੱਪਣੀਆਂ ਨੇ ਭਾਰਤ ਵਿੱਚ ਧਾਰਮਿਕ ਆਜ਼ਾਦੀ ਦੀਆਂ ਸਥਿਤੀਆਂ ਬਾਰੇ ਇੱਕ ਸਵਾਲ ਪੁੱਛਣ ਲਈ ਅਮਰੀਕੀ ਵਾਲ ਸਟਰੀਟ ਜਰਨਲ ਦੀ ਪੱਤਰਕਾਰ ਸਬਰੀਨਾ ਸਿੱਦੀਕੀ ਵਿਰੁੱਧ ਇੱਕ ਔਨਲਾਈਨ ਮੁਹਿੰਮ ਸ਼ੁਰੂ ਕੀਤੀ। ਆਪਣੀਆਂ ਸਰਹੱਦਾਂ ਦੇ ਅੰਦਰ, ਭਾਰਤੀ ਅਧਿਕਾਰੀਆਂ ਨੇ ਧਾਰਮਿਕ ਘੱਟ ਗਿਣਤੀਆਂ, ਪੱਤਰਕਾਰਾਂ ਅਤੇ ਕਾਰਕੁਨਾਂ 'ਤੇ ਯੋਜਨਾਬੱਧ ਢੰਗ ਨਾਲ ਸ਼ਿਕੰਜਾ ਕੱਸਣ ਲਈ ਗੈਰ-ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਅਤੇ ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ ਵਰਗੇ ਕਠੋਰ ਕਾਨੂੰਨਾਂ ਦੀ ਵਰਤੋਂ ਵਾਰ-ਵਾਰ ਕੀਤੀ ਹੈ। ਯੂ.ਐਸ.ਸੀ. ਆਈ.ਆਰ.ਐਫ ਕਮਿਸ਼ਨਰ ਡੇਵਿਡ ਕਰੀ ਨੇ ਕਿਹਾ, ਪੱਤਰਕਾਰਾਂ ਵਿਰੁੱਧ ਧਮਕਾਉਣ ਦੀਆਂ ਚਾਲਾਂ ਸਮੇਤ ਵਿਦੇਸ਼ਾਂ ਵਿੱਚ ਰਹਿ ਰਹੇ ਧਾਰਮਿਕ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਇਸ ਦਮਨ ਨੂੰ ਵਧਾਉਣਾ, ਖਾਸ ਤੌਰ 'ਤੇ ਖਤਰਨਾਕ ਹੈ ਅਤੇ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਅਸੀਂ ਅਮਰੀਕੀ ਸਰਕਾਰ ਨੂੰ ਸੀਨੀਅਰ ਭਾਰਤੀ ਅਧਿਕਾਰੀਆਂ ਅਤੇ ਅੰਤਰਰਾਸ਼ਟਰੀ ਭਾਈਵਾਲਾਂ ਨਾਲ ਆਪਣੀ ਸਰਗਰਮ ਸ਼ਮੂਲੀਅਤ ਜਾਰੀ ਰੱਖਣ ਦੀ ਅਪੀਲ ਕਰਦੇ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਧਾਰਮਿਕ ਘੱਟ-ਗਿਣਤੀਆਂ ਬਦਲੇ ਦੇ ਡਰ ਤੋਂ ਬਿਨਾਂ ਆਪਣੇ ਆਪ ਨੂੰ ਜ਼ਾਹਰ ਕਰ ਸਕਦੀਆਂ ਹਨ, ਭਾਵੇਂ ਭਾਰਤ ਵਿੱਚ ਹੋਣ ਜਾਂ ਕਿਤੇ ਹੋਰ।

# ਪੰਜਾਬ ਸੰਕਟ ਦੇ ਹੱਲ ਲਈ ਨਿਰਸਵਾਰਥ ਆਗੂਆਂ ਦੀ ਲੋੜ



ਡਾ. ਅਮਨਪ੍ਰੀਤ ਸਿੰਘ ਬਰਾੜ

ਸਾਡੇ ਸਮਾਜਿਕ ਆਗੂਆਂ ਦਾ ਸਮਾਜ ਨੂੰ ਨਿਯਮਤ ਢੰਗ ਨਾਲ ਚਲਾਉਣ 'ਚ ਵੱਡਾ ਯੋਗਦਾਨ ਹੁੰਦਾ ਹੈ। ਇਸ ਦਾ ਅਰਥ ਹੈ ਕਿ ਸਾਡੇ ਲੀਡਰ ਸੱਤਾ ਜਾਂ ਸਿਆਸਤ ਕਰਦੇ ਹੋਏ ਸਮਾਜ ਸੇਵਾ ਕਰਨ। ਇਸ ਗੱਲ ਦੇ ਪਿੱਛੇ ਤਰਕ ਇਹ ਹੈ ਕਿ ਇਨ੍ਹਾਂ ਲੀਡਰਾਂ ਨੂੰ ਲੋਕ ਚੁਣ ਕੇ ਸਰਕਾਰ 'ਚ ਭੇਜਦੇ ਹਨ ਤਾਂ ਕਿ ਲੋਕਾਂ ਲਈ ਵਧੀਆ ਨੀਤੀਆਂ ਬਣਾ ਕੇ ਸੂਬੇ ਅਤੇ ਦੇਸ਼ ਨੂੰ ਖੁਸ਼ਹਾਲ ਬਣਾਇਆ ਜਾਵੇ ਅਤੇ ਉੱਥੇ ਰਹਿਣ ਵਾਲੇ ਬਾਸ਼ਿੰਦਿਆਂ ਦੀ ਜ਼ਿੰਦਗੀ ਨੂੰ ਵੀ ਬਿਹਤਰ ਬਣਾਇਆ ਜਾ ਸਕੇ। ਇੱਥੇ ਜ਼ਿਕਰਯੋਗ ਹੈ ਕਿ ਅੱਜ ਸਾਡਾ ਸਮਾਜ ਰੁਜ਼ਗਾਰ ਅਤੇ ਕਾਨੂੰਨ ਵਿਵਸਥਾ ਪੱਖੋਂ ਨਿਘਾਰ ਦੇ ਰਾਹ 'ਤੇ ਹੈ। ਇਸ ਵਿੱਚ ਸਾਡੇ ਸਿਆਸਤਦਾਨ ਵੀ ਪਿੱਛੇ ਨਹੀਂ ਰਹੇ, ਉਨ੍ਹਾਂ ਨੇ ਰੋਲ ਮਾਡਲ ਬਣਨ ਦਾ ਕੰਮ ਕੀਤਾ ਹੈ। ਸਿਆਸਤ 'ਚ ਨਿਘਾਰ, ਜੋ ਤਕਰੀਬਨ ਪਿਛਲੇ ਇੱਕ ਦਹਾਕੇ ਤੋਂ ਦੇਖਣ ਨੂੰ ਮਿਲਿਆ ਹੈ, ਉਹ ਤਾਂ ਸ਼ਾਇਦ ਆਜ਼ਾਦ ਭਾਰਤ 'ਚ ਇੱਕ ਮਿਸਾਲ ਹੀ ਹੋਵੇਗਾ। ਅੱਜ ਗੱਲ ਕਰਦੇ ਹਾਂ, ਆਪਣੇ ਸੂਬੇ ਪੰਜਾਬ ਦੀ, ਜਿਸ ਨੂੰ ਕਿਸੇ ਸਮੇਂ ਸੱਭਿਅਤਾ, ਲਿਆਕਤ, ਨਿਡਰਪੁਣੇ ਅਤੇ ਖੁੱਲ੍ਹੇ-ਡੁੱਲ੍ਹੇ ਸੁਭਾਅ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਅੱਜ ਪਿੱਛੇ ਵੱਲ ਨੂੰ ਤੁਰਦਾ ਨਜ਼ਰ ਆ ਰਿਹਾ ਹੈ। ਹਰ ਕੋਈ ਜੋ ਪੰਜਾਬ ਹਿਤੈਸ਼ੀ ਹੈ, ਉਹ ਇਨ੍ਹਾਂ ਗੱਲਾਂ ਤੋਂ ਚਿੰਤਤ ਹੈ। ਇਸ 'ਚ ਕਾਫ਼ੀ ਲੋਕ ਜੋ ਨਾ ਤਾਂ ਸੱਤਾ ਦੇ ਨੇੜੇ ਹਨ ਤੇ ਨਾ ਹੀ ਉਨ੍ਹਾਂ ਦੀ ਕੋਈ ਇੱਛਾ ਹੈ, ਉਹ ਜੇਕਰ ਪੰਜਾਬ ਪ੍ਰਤੀ ਕੋਈ ਚੰਗਾ ਸੁਝਾਅ ਦਿੰਦੇ ਹਨ ਤਾਂ ਬਹੁਤੀ ਵਾਰ ਉਸ ਨੂੰ ਦਰਕਿਨਾਰ ਕਰ ਦਿੱਤਾ ਜਾਂਦਾ ਹੈ। ਉਸ ਤੋਂ ਉੱਤੇ ਆ ਜਾਂਦੇ ਹਨ, ਸਮੇਂ ਦੀਆਂ ਸਰਕਾਰਾਂ ਦੇ ਨੇੜੇ ਰਹੇ ਕਈ ਬੁੱਧੀਜੀਵੀ, ਜੋ ਆਪਣੇ ਆਪ ਨੂੰ ਸਰਬਗਿਆਨੀ ਸਮਝਦੇ ਹਨ। ਉਹ ਦੂਜਿਆਂ ਦੀਆਂ ਲਿਖਤਾਂ 'ਤੇ ਇਹੋ ਜਿਹੀਆਂ ਟਿੱਪਣੀਆਂ ਕਰਦੇ ਹਨ ਜੋ ਸੱਭਿਅਕ ਸਮਾਜ ਦੀ ਹੱਦ ਟੱਪ ਜਾਂਦੀਆਂ ਹਨ। ਇਨ੍ਹਾਂ ਦੀ ਭੱਦੀ ਸ਼ਬਦਾਵਲੀ ਦੇ ਕਾਰਨ ਆਮ ਬੁੱਧੀਜੀਵੀ ਚੁੱਪ ਰਹਿਣਾ ਹੀ ਬਿਹਤਰ ਸਮਝਦੇ ਹਨ। ਨਿਰਾਸ਼ਾ ਦੇ ਸਦਕਾ ਆਪਣੇ ਬੱਚਿਆਂ ਨੂੰ ਅਤੇ ਆਪ ਵੀ ਬਾਹਰ ਦਾ ਰੁਖ਼ ਕਰ ਲੈਂਦੇ ਹਨ।

ਕੋਈ ਵੀ ਸਿਆਸਤਦਾਨ ਲੈ ਲਓ, ਅੱਜ ਤੁਹਾਨੂੰ ਜਨਤਕ ਮੰਚ 'ਤੇ ਇੱਕ-ਦੂਜੇ ਨਾਲ ਮਿਹਣੋ-ਮਿਹਣੀ ਹੁੰਦੇ ਨਜ਼ਰ ਆਉਂਦੇ ਹਨ। ਇੱਥੋਂ ਤੱਕ ਕਿ ਆਪਣੇ ਸਮਾਜਿਕ ਰੁਤਬੇ ਦੀ ਅਹਿਮੀਅਤ ਵੀ ਭੁੱਲ੍ਹ ਜਾਂਦੇ ਹਨ। ਫਿਰ ਦੂਜਾ ਅਕਸ ਇਨ੍ਹਾਂ ਦਾ ਇਕ-ਦੂਜੇ ਦੇ ਸ਼ਾਦੀ-ਗਮੀ 'ਤੇ ਦੇਖਣ ਨੂੰ ਮਿਲਦਾ ਹੈ। ਜਿਨ੍ਹਾਂ ਨਾਲ ਮਿਹਣੋ-ਮਿਹਣੀ ਹੁੰਦੇ ਹਨ, ਉਨ੍ਹਾਂ ਨਾਲ ਹੀ ਜੱਫੀਆਂ ਪਾ ਕੇ ਖ਼ੁਸ਼ੀ-ਗਮੀ ਸਾਂਝੀ ਕੀਤੀ ਜਾਂਦੀ ਹੈ। ਇੱਥੇ ਦੋ ਗੱਲਾਂ ਸਮਝ ਵਿੱਚ ਆਉਂਦੀਆਂ ਹਨ, ਕਿ ਜੋ ਕੁਝ ਬਾਹਰ ਹੁੰਦਾ ਹੈ, ਦਿਖਾਵਾ ਹੀ ਹੁੰਦਾ ਹੈ ਅਤੇ ਦੂਜਾ ਅਜਿਹੇ ਆਗੂਆਂ ਦਾ ਦੋਹਰਾ ਕਿਰਦਾਰ ਦੇਖ ਕੇ ਲੱਗਦਾ ਹੈ ਕਿ ਉਨ੍ਹਾਂ ਵਿੱਚ ਗੈਰਤ ਨਾਂਅ ਦੀ ਕੋਈ ਚੀਜ਼ ਨਹੀਂ। ਜ਼ਿਆਦਾ ਪਿੱਛੇ ਨਾ ਜਾਂਦੇ ਹੋਏ, ਪਿਛਲੇ ਦੋ-ਤਿੰਨ ਮਹੀਨਿਆਂ ਵਿੱਚ, ਜੋ ਕੁਝ ਘਟਨਾਕ੍ਰਮ ਪੰਜਾਬ 'ਚ ਹੋਇਆ, ਉਸ 'ਤੇ ਕੁਝ ਵਿਚਾਰ ਸਾਂਝੇ ਕਰਦੇ ਹਾਂ।

ਪਹਿਲਾ ਜੋ 'ਮਹਾ ਡੀਬੇਟ' (ਮਹਾ ਬਹਿਸ) ਮੈਂ ਪੰਜਾਬ ਬੋਲਦਾ ਹਾਂ ਹੋਈ ਉਹ ਇੱਕ ਚੰਗਾ ਕਦਮ ਸੀ। ਪਰ ਕੀ ਇਹ ਹੋਰ ਵਧੀਆ ਨਾ ਹੁੰਦਾ, ਜੇ ਇਸ ਮਹਾ ਬਹਿਸ ਨੂੰ ਵਿਚਾਰ-ਵਟਾਂਦਰੇ ਦਾ ਨਾਂਅ ਦਿੱਤਾ ਜਾਂਦਾ। ਇਸ ਵਿੱਚ ਚਾਰ ਪਾਰਟੀਆਂ ਨੂੰ ਹੀ ਤਰਜੀਹ ਦਿੱਤੀ ਗਈ, ਜੋ ਆਈਆਂ ਨਹੀਂ। ਉਹ ਆਉਣ, ਨਾ ਆਉਣ, ਅਸਲ ਪੰਜਾਬ ਸਰਕਾਰ ਤਾਂ ਲੋਕਾਂ ਦੀ ਹੈ ਅਤੇ ਪੰਜਾਬ ਦੇ ਮੁੱਦਿਆਂ 'ਤੇ ਗੱਲ ਲੋਕਾਂ ਨਾਲ ਕਰਨੀ ਸੀ। ਹੋ ਸਕਦਾ ਹੈ ਕਿ ਕੋਈ ਸਵਾਲ ਉਲਟ ਵੀ ਹੁੰਦਾ ਪਰ ਸਰਕਾਰ ਉਸ 'ਤੇ ਜਨਤਾ ਸਾਹਮਣੇ ਆਪਣਾ ਪੱਖ ਰੱਖਦੀ। ਸਗੋਂ ਸਰਕਾਰ ਕੋਲ ਇੱਕ ਵੱਡਾ ਮੌਕਾ ਸੀ, ਜੋ ਲੋਕ ਸਰਕਾਰ 'ਤੇ ਸਵਾਲ ਚੁੱਕਦੇ ਹਨ, ਉਨ੍ਹਾਂ ਦੇ ਸਵਾਲਾਂ ਦਾ ਆਪਣੇ ਕੀਤੇ ਕੰਮਾਂ ਨਾਲ ਜਵਾਬ ਦਿੰਦੇ। ਦੂਜਾ ਘਰ 'ਚ ਕਦੇ ਵੀ ਬਹਿਸ ਨਹੀਂ ਕੀਤੀ ਜਾਂਦੀ। ਅਸੀਂ ਸਮਝੀਏ, ਨਾ ਸਮਝੀਏ ਸਰਕਾਰ ਦਾ ਘਰ ਸਾਰਾ ਪੰਜਾਬ ਹੈ। ਅਸੀਂ ਆਪਣੇ ਘਰ ਕੋਠੀ ਜਾਂ ਅਹੁਦੇ 'ਤੇ ਖ਼ੁਸ਼ ਤਾਂ ਹੀ ਰਹਿ ਸਕਦੇ ਹਾਂ, ਜੇ ਪੰਜਾਬ ਖੁਸ਼ਹਾਲ ਹੈ। ਘਰ 'ਚ ਬਹਿਸ ਨਾਲ ਹੱਲ ਨਹੀਂ ਨਿਕਲਦੇ, ਬਲਕਿ ਘਰ ਟੁੱਟਦੇ ਹਨ। ਬਾਹਰਲੇ ਲੋਕ ਤਾਂ ਵਿਰਲਾਂ ਭਾਲਦੇ ਹੀ ਹੁੰਦੇ ਹਨ। ਬਹਿਸ 'ਚ ਅਸੀਂ ਆਪਣੇ ਕੁਝ ਸਾਥੀਆਂ ਤੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਨੀਵਾਂ ਦਿਖਾਉਣ ਦੇ ਚੱਕਰ 'ਚ ਬਾਹਰਲਿਆਂ ਨੂੰ ਸ਼ੇਰ ਕਰ ਲੈਂਦੇ ਹਾਂ।

ਇਸੇ ਤਰ੍ਹਾਂ ਦਾ ਹਾਲ ਹੀ ਪੰਜਾਬ ਦੀ ਇਕ ਹੋਰ ਰਾਜਸੀ ਪਾਰਟੀ ਦਾ ਹੈ। ਪੰਜਾਬ ਨੂੰ ਬਚਾਉਣ ਲਈ ਕੁਝ ਬੁੱਧੀਜੀਵੀਆਂ ਨਾਲ ਗੱਲ-ਬਾਤ ਕੀਤੀ ਗਈ। ਸਿਰਫ਼ 8-9 ਬੱਧੀਜੀਵੀ ਹੀ ਬੁਲਾਏ ਗਏ। ਪੰਜਾਬ 'ਚ ਨੀਤੀਆਂ 'ਤੇ ਗੱਲ ਕਰਨ ਵਾਲੇ ਕੁੱਲ ਬੁੱਧੀਜੀਵੀ ਉਂਗਲਾਂ 'ਤੇ ਗਿਣੇ ਜਾ ਸਕਦੇ ਹਨ। ਕੀ ਸਾਰਿਆਂ ਨਾਲ ਗੱਲ ਨਹੀਂ ਕੀਤੀ ਜਾ ਸਕਦੀ ਸੀ। ਹੈਰਾਨੀ ਹੈ ਕਿ ਕੋਈ ਨਵੀਂ ਪੀੜ੍ਹੀ ਦਾ ਬੁੱਧੀਜੀਵੀ ਨਹੀਂ ਸੀ। ਇਹ ਵਰਤਾਰਾ, ਸੋਚਣ ਨੂੰ ਮਜਬੂਰ ਕਰਦਾ ਹੈ। ਕੀ ਸਾਡੇ ਕੋਲ ਨਵੀਂ ਪੀੜ੍ਹੀ 'ਚੋਂ ਵਾਕਿਆ ਹੀ ਕੋਈ ਚੰਗੀ ਸੋਚ ਰੱਖਣ ਵਾਲਾ ਇਨਸਾਨ ਨਹੀਂ ਹੈ ਜਾਂ ਫਿਰ ਇਹ ਲੋਕ ਉਨ੍ਹਾਂ ਨੂੰ ਆਪਣੇ ਨਾਲ ਰਲਾਉਣਾ ਨਹੀਂ ਚਾਹੁੰਦੇ।

ਇਸ 'ਚ ਕੁਝ ਨੌਜਵਾਨਾਂ ਨੇ ਪੰਜਾਬੀ ਬੋਲੀ ਨੂੰ ਸਕੂਲ ਵਿੱਚ ਨਾ ਬੋਲੇ ਜਾਣ 'ਤੇ ਇਤਰਾਜ਼ ਕਰਕੇ ਮੁੱਦਾ ਚੁੱਕਿਆ। ਪਰ ਕਈਆਂ ਨੂੰ ਉਹ ਰਾਸ ਨਹੀਂ ਆਇਆ ਅਤੇ ਉਨ੍ਹਾਂ ਨੇ ਸ਼ੋਸ਼ਲ ਮੀਡੀਆ ਰਾਹੀਂ ਅੱਗੇ ਲੱਗੇ ਨੌਜਵਾਨਾਂ ਦੇ ਉਲਟ ਬੋਲਣਾ ਸ਼ੁਰੂ ਕੀਤਾ। ਵੀਡਿਓ ਦਾ ਟਾਈਟਲ ਹੀ ਰੱਖਿਆ ਗਿਆ ਪੋਤੜੇ ਫਰੋਲੇ। ਹੋ ਸਕਦਾ ਹੈ ਨੌਜਵਾਨਾਂ ਦਾ ਤਰੀਕਾ ਗ਼ਲਤ ਹੋਵੇ ਪਰ ਮੁੱਦਾ ਗ਼ਲਤ ਨਹੀਂ ਸੀ। ਅਸੀਂ ਮੀਡੀਆ ਰਾਹੀ ਗੱਲ ਕਰਨ ਦੀ ਬਜਾਏ ਸਿੱਧਾ ਫ਼ੋਨ ਕਰਕੇ ਕੁਝ ਚੰਗਾ ਢੰਗ-ਤਰੀਕਾ ਦੱਸਦੇ। ਜੇ ਫਿਰ ਵੀ ਉਹ ਨਹੀਂ ਮੰਨਦੇ ਤਾਂ ਉਸ ਦਾ ਫ਼ੈਸਲਾ ਲੋਕਾਂ 'ਤੇ ਛੱਡ ਦਿੰਦੇ।

ਉੱਧਰ ਇੱਕ ਰਾਜਸੀ ਪਾਰਟੀ ਨੇ ਪੰਜਾਬ 'ਚ ਆਪਣੇ ਆਪ ਨੂੰ ਇਕੱਲਿਆ ਸਥਾਪਿਤ ਕਰਨ ਲਈ ਦੂਜੀਆਂ ਪਾਰਟੀਆ 'ਚੋਂ ਸਿਆਸਤਦਾਨ ਆਪਣੇ ਨਾਲ ਰਲਾਉਣੇ ਸ਼ੁਰੂ ਕਰ ਦਿੱਤੇ। ਅਸਲ 'ਚ ਇਹ ਉਹ ਬੰਦੇ ਸੀ, ਜੋ ਸੱਤਾ ਦੇ ਨਿੱਘ 'ਚ ਹੀ ਰਹਿਣਾ ਪਸੰਦ ਕਰਦੇ ਹਨ। ਸਾਲ 'ਚ ਜਦੋਂ ਉਨ੍ਹਾਂ ਦੀ ਪੁੱਛਗਿੱਛ ਉਥੇ ਨਹੀਂ ਹੋਈ ਜੋ ਉਹ ਸੋਚ ਕੇ ਗਏ ਸੀ, ਉਸ ਤੋਂ ਬਾਅਦ ਉਨ੍ਹਾਂ ਨੇ ਘਰ ਵਾਪਸੀ ਦੀ ਤਿਆਰੀ ਕਰ ਲਈ। ਇਹੋ ਹਾਲ ਅਕਸਰ ਚੋਣਾਂ 'ਚ ਜਿੱਤੇ ਲੀਡਰਾਂ ਦਾ ਵੀ ਹੁੰਦਾ ਹੈ। ਮੀਡੀਆ ਦੇ ਜ਼ਮਾਨੇ 'ਚ ਹਰ ਚੀਜ਼ ਹੀ ਰਿਕਾਰਡ 'ਤੇ ਰਹਿ ਜਾਂਦੀ ਹੈ। ਇਹ ਲੋਕ ਜਦੋਂ ਨਵੀ ਪਾਰਟੀ ਵਿੱਚ ਗਏ ਤਾਂ ਪੁਰਾਣੀ ਪਾਰਟੀ ਨੂੰ ਪੂਰਾ ਭੰਡਿਆ। ਫਿਰ ਉਸ 'ਚ ਹੀ ਵਾਪਸੀ ਕੀਤੀ, ਹੁਣ ਜਿਸ 'ਚੋਂ ਆਏ ਉਸ ਪਾਰਟੀ ਨੂੰ ਭੰਡਣਗੇ। ਕੀ ਇਹ ਥਾਲੀ ਦੇ ਪਾਣੀ ਵਾਂਗ ਡੋਲਦੇ ਲੋਕ ਸਾਡੀ ਅਗਵਾਈ ਕਰਨ ਦੇ ਯੋਗ ਹਨ।ਇਸੇ 'ਚ ਇੱਕ ਐਸ.ਵਾਈ.ਐਲ. ਦੇ ਮੁੱਦੇ 'ਤੇ ਚਿੰਤਨ ਚੰਡੀਗੜ੍ਹ 'ਚ ਹੋਇਆ, ਜਿਸ 'ਚ ਕਾਫ਼ੀ ਬੁੱਧੀਜੀਵੀ, ਸਿਆਸਤਦਾਨ, ਪੱਤਰਕਾਰ ਅਤੇ ਆਮ ਲੋਕਾਂ ਨੇ ਸ਼ਿਰਕਤ ਕੀਤੀ। ਉਹ ਚਿੰਤਨ ਬਹੁਤ ਵਧੀਆ ਸੀ, ਇਨ੍ਹਾਂ ਲੋਕਾਂ ਨੇ ਪੁਰਾਣੀਆ ਗੱਲਾਂ ਅਤੇ ਜੋ ਰਿਪੋਰਟਾਂ ਸਨ, ਸਾਂਝੀਆਂ ਕੀਤੀਆਂ। ਜੋ ਜਾਣਕਾਰੀ ਦਿੱਤੀ, ਉਹ ਸ਼ਲਾਘਾਯੋਗ ਸੀ। ਇਸ 'ਚ ਕਮੀ ਰਹੀ ਕਿ ਇੱਥੇ ਇਹ ਨਹੀਂ ਮਿਥਿਆ ਗਿਆ ਤੇ ਨਾ ਸਹਿਮਤੀ ਬਣਾਈ ਗਈ ਕਿ ਅੱਗੋਂ ਕੀ ਕਰਨਾ ਚਾਹੀਦਾ ਹੈ ? ਕਿਸ ਤਰ੍ਹਾਂ ਇਸ ਮੁਸੀਬਤ ਵਿਚੋਂ ਪੰਜਾਬ ਨੂੰ ਕੱਢਿਆ ਜਾ ਸਕਦਾ ਹੈ। ਜੇ ਸਰਕਾਰ ਨਹੀਂ ਵੀ ਸਾਥ ਦਿੰਦੀ ਤਾਂ ਇਹ ਟੀਮ ਅੱਗੇ ਲੱਗ ਕੇ ਲੋਕਾਂ ਦਾ ਸਾਥ ਲਵੇ। ਪਿਛਲੇ ਦਿਨੀ ਪ੍ਰਦੂਸ਼ਣ ਨੂੰ ਲੈ ਕੇ ਪੰਜਾਬ ਵਲੋਂ ਦਿੱਤਾ ਇੱਕ ਹਲਫ਼ੀਆ ਬਿਆਨ ਅਤੇ ਸੁਪਰੀਮ ਕੋਰਟ ਦੀ ਟਿੱਪਣੀ ਸਾਹਮਣੇ ਆਈ ਹੈ, ਜਿਸ ਪ੍ਰਤੀ ਸੋਚਣਾ ਸਭ ਲਈ ਬਣਦਾ ਹੈ। ਇਸ ਵਿਚ ਪ੍ਰਦੂਸ਼ਣ ਤੋਂ ਬਚਣ ਲਈ ਲੋਕਾਂ ਦੀ ਮਨਭਾਉਂਦੀ ਫ਼ਸਲ ਨੂੰ ਉਗਾਉਣਾ ਹੀ ਬੰਦ ਕਰਨ ਦਾ ਸੋਚਿਆ ਗਿਆ ਹੈ, ਜਿਸ ਦੇਸ਼ ਦੇ 20 ਕਰੋੜ ਲੋਕ ਭੁੱਖੇ ਸੌਂਦੇ ਹੋਣ ਅਤੇ 80 ਕਰੋੜ ਲੋਕ ਸਬਸਿਡੀ ਦੇ ਅਨਾਜ 'ਤੇ ਪਲਦੇ ਹਨ। ਉੱਧਰ 'ਹੰਗਰ ਇੰਡੈਕਸ' 'ਤੇ ਅਸੀਂ 122 ਦੇਸ਼ਾਂ 'ਚੋਂ 107ਵੇਂ ਸਥਾਨ 'ਤੇ ਆਉਂਦੇ ਹਾਂ, ਜਿਸ 'ਚ ਦੇਸ਼ ਦੀ ਸਰਕਾਰ ਨੇ ਅਨਾਜ ਦੀ ਬਰਾਮਦ 'ਤੇ ਵੀ ਰੋਕ ਲਗਾਈ ਹੋਈ ਹੈ। ਜਿਸ ਵੇਲੇ ਸੰਸਾਰ ਅਨਾਜ ਦੀ ਕਮੀ ਨਾਲ ਜੂਝ ਰਿਹਾ ਹੋਵੇ, ਉਸ ਵੇਲੇ ਇਹ ਸੋਚਣਾ ਕਿ ਜਿਸ ਸੂਬੇ 'ਚੋਂ 40 ਫ਼ੀਸਦੀ ਅਨਾਜ ਦੇਸ਼ ਦੇ ਕੇਂਦਰੀ ਭੰਡਾਰ 'ਚ ਜਾਂਦਾ ਹੈ, ਉਸ ਸੂਬੇ ਦੀ ਪੈਦਾਵਾਰ ਹੀ ਖ਼ਤਮ ਕਰ ਦਿਓ। ਕੀ ਇਹ ਪੰਜਾਬ ਅਤੇ ਦੇਸ਼ ਦੇ ਲੋਕਾਂ ਲਈ ਘਾਤਕ ਨਹੀਂ। ਜੇ ਅਦਾਲਤ ਇਸ ਗੱਲ ਤੋਂ ਚਿੰਤਤ ਹੈ ਕਿ ਪੰਜਾਬ ਦਾ ਜ਼ਮੀਨੀ ਪਾਣੀ ਹੇਠਾਂ ਜਾ ਰਿਹਾ ਹੈ ਤਾਂ ਕਿਉਂ ਨਾ ਪੰਜਾਬ ਦੇ ਹੱਕ ਦਾ ਨਹਿਰੀ ਪਾਣੀ ਸੂਬੇ ਨੂੰ ਦਿੱਤਾ ਜਾਵੇ ਤਾਂ ਕਿ ਇਸ ਨੂੰ ਰੇਗਿਸਤਾਨ ਬਣਨ ਤੋਂ ਬਚਾਇਆ ਜਾ ਸਕੇ।

ਅੱਜ ਪੰਜਾਬ ਨੂੰ ਉਨ੍ਹਾਂ ਆਗੂਆਂ ਦੀ ਲੋੜ ਹੈ ਜੋ ਨਿਰਸਵਾਰਥ ਹੋ ਕਿ ਪੰਜਾਬ ਦੀ ਗੱਲ ਕਰ ਸਕਣ। ਅੱਜ ਤੱਕ ਗੱਲਾਂ 'ਤੇ ਕਲਮ-ਜਿਨ੍ਹਾਂ ਦੇ ਹਿੱਸੇ ਆਈ ਹੈ, ਬਹੁਤਿਆਂ ਨੂੰ ਕਿਤੇ ਆਪਣੇ ਸਵਾਰਥ ਅਤੇ ਕੁਰਸੀ ਮੋਹ ਨੇ ਭਰਮਾਈ ਰੱਖਿਆ ਹੈ। ਜਿਸ ਸਦਕਾ ਅਸੀਂ ਆਪਣਿਆਂ ਨਾਲ ਹੀ ਲੜਦੇ ਨਜ਼ਰ ਆ ਰਹੇ ਹਾਂ। ਇਤਿਹਾਸ ਗਵਾਹ ਹੈ ਕਿ ਪੰਜਾਬ ਨੂੰ ਕੋਈ ਬਾਹਰੋਂ ਨਹੀਂ ਮਾਰ ਸਕਿਆ, ਇਸ ਨੂੰ ਜਦੋਂ ਢਾਹ ਲੱਗੀ ਹੈ ਉਹ ਆਪਣਿਆਂ ਸਦਕਾ ਹੀ ਲੱਗੀ ਹੈ। ਇਸ ਵੇਲੇ ਸਭ ਨੂੰ ਇਕੱਠੇ ਹੋ ਕੇ ਆਪਣੇ ਮਨ- ਮੁਟਾਵ ਭੁਲਾ ਕਿ ਪੰਜਾਬ ਦੀ ਗੱਲ ਕਰਨ ਦੀ ਲੋੜ ਹੈ। ਪਹਿਲਾਂ ਪੰਜਾਬ ਬਚਾ ਲਓ, ਫਿਰ ਕੁਰਸੀ ਲਈ ਲੜ ਲਿਓ।

# ਕਸ਼ਮੀਰ ਬਾਰੇ ਸੁਪਰੀਮ ਕੋਰਟ ਦਾ ਫ਼ੈਸਲਾ ਤੇ ਅਜ਼ਾਦੀ ਦਾ ਮਸਲਾ



ਦਰਬਾਰਾ ਸਿੰਘ ਕਾਹਲੋਂ
(ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ)

ਜੰਮੂ-ਕਸ਼ਮੀਰ ਸਬੰਧੀ ਵਿਸ਼ੇਸ਼ ਦਰਜੇ ਵਾਲੀਆਂ ਧਾਰਾਵਾਂ, ਧਾਰਾ 370 ਅਤੇ ਧਾਰਾ 35ਏ ਕੇਂਦਰ ਅੰਦਰ ਭਾਜਪਾ ਦੀ ਅਗਵਾਈ ਵਾਲੀ ਨਰਿੰਦਰ ਮੋਦੀ ਦੀ ਐੱਨ.ਡੀ.ਏ. ਸਰਕਾਰ ਵੱਲੋਂ 5 ਅਗਸਤ, 2019 ਨੂੰ ਹਟਾਏ ਜਾਣ ਨੂੰ ਸੁਪਰੀਮ ਕੋਰਟ ਦੇ ਮੁੱਖ ਜੱਜ ਡੀ.ਵਾਈ ਚੰਦਰਚੂੜ੍ਹ ਦੀ ਅਗਵਾਈ ਵਿੱਚ ਗਠਿਤ 5 ਮੈਂਬਰੀ ਸੰਵਿਧਾਨਿਕ ਬੈਂਚ ਨੇ ਆਪਣੇ 11 ਦਸੰਬਰ, 2023 ਦੇ ਇੱਕ ਅਹਿਮ, ਮਹੱਤਵਪੂਰਨ ਅਤੇ ਇਤਿਹਾਸਕ ਸਰਬਸੰਮਤੀ ਫ਼ੈਸਲੇ ਵਿੱਚ ਸਹੀ ਅਤੇ ਮੁਨਸਫ਼ਾਨਾ ਕਰਾਰ ਦਿੱਤਾ। ਇਸ ਸਬੰਧੀ ਕਰੀਬ 23 ਪਟੀਸ਼ਨਾਂ ਸੁਪਰੀਮ ਵਿੱਚ ਦਾਇਰ ਕੀਤੀਆਂ ਗਈਆਂ ਸਨ। ਇਨ੍ਹਾਂ 'ਤੇ ਸੁਣਵਾਈ ਇਸ ਬੈਂਚ ਨੇ 2 ਅਗਸਤ, 2023 ਨੂੰ ਸ਼ੁਰੂ ਕੀਤੀ ਸੀ।

ਜੂਨ, 2018 ਵਿੱਚ ਤਤਕਾਲੀਨ ਜੰਮੂ-ਕਸ਼ਮੀਰ ਰਾਜ ਦੀ ਵਿਧਾਨ ਸਭਾ ਭੰਗ ਕਰਕੇ ਇੱਥੇ ਰਾਜਪਾਲ ਸ਼ਾਸਨ ਲਾਗੂ ਕਰ ਦਿੱਤਾ ਗਿਆ ਸੀ। 5 ਅਗਸਤ, 2019 ਨੂੰ ਸੰਸਦ ਵਿੱਚ ਕੇਂਦਰ ਸਰਕਾਰ ਦੁਆਰਾ ਇੱਕ ਪ੍ਰਸਤਾਵ ਰਾਹੀਂ ਧਾਰਾ 370, 35ਏ ਆਦਿ ਨੂੰ ਖਤਮ ਕਰ ਦਿੱਤਾ ਗਿਆ। ਜੰਮੂ-ਕਸ਼ਮੀਰ ਪ੍ਰਦੇਸ਼ ਨੂੰ ਵੰਡ ਕੇ ਜੰਮੂ-ਕਸ਼ਮੀਰ ਅਤੇ ਲਦਾਖ ਦੋ ਅਲੱਗ-ਅਲੱਗ ਕੇਂਦਰੀ ਸ਼ਾਸਤ ਪ੍ਰਦੇਸ਼ ਗਠਤ ਕਰ ਦਿੱਤੇ ਗਏ।

ਸੁਪਰੀਮ ਕੋਰਟ ਵਿੱਚ ਦਾਖਲ ਵੱਖ-ਵੱਖ ਪਟੀਸ਼ਨ ਕਰਤਾਵਾਂ ਵੱਲੋਂ ਦੇਸ਼ ਦੇ ਨਾਮਵਰ ਵਕੀਲ ਜਿਨ੍ਹਾਂ ਵਿੱਚ ਕਪਿਲ ਸਿੱਬਲ, ਦਿਨੇਸ਼ ਦਿਵੇਦੀ, ਗੋਪਾਲ ਸੁਬਰਾਮਨੀਅਮ, ਦੁਸ਼ਯੰਤ ਦਵੇ, ਗੋਪਾਲ ਸ਼ੰਕਰ ਨਰਾਇਣ, ਰਾਜੀਵ ਧਵਨ ਆਦਿ ਸਮੇਤ 18 ਵਕੀਲਾਂ ਨੇ ਜ਼ੋਰਦਾਰ ਵਕਾਲਤ ਕਰਦੇ ਆਪੋ-ਆਪਣੀਆਂ ਦਲੀਲਾਂ ਪੇਸ਼ ਕੀਤੀਆਂ। ਕੇਂਦਰ ਸਰਕਾਰ ਵੱਲੋਂ ਅਟਾਰਨੀ ਜਨਰਲ ਆਰ. ਵੈਂਕਟਾਰਮਣੀ, ਸਾਲਿਸਟਰ ਜਨਰਲ ਤੁਸ਼ਾਰ ਮਹਿਤਾ, ਸੀਨੀਅਰ ਨਾਮਵਰ ਵਕੀਲ ਹਰੀਸ਼ ਮਾਲਵੇ, ਮਨਿੰਦਰ ਸਿੰਘ, ਮਹੇਸ਼ ਜੇਠਮਲਾਨੀ, ਰਾਕੇਸ਼ ਦਿਵੇਦੀ ਆਦਿ ਪੇਸ਼ ਹੋਏ।




ਜੰਮੂ-ਕਸ਼ਮੀਰ ਨੂੰ ਧਾਰਾ 370 ਅਤੇ 35ਏ ਤਹਿਤ ਵਿਸ਼ੇਸ਼ ਸੰਵਿਧਾਨਿਕ ਦਰਜਾ ਪ੍ਰਦਾਨ ਕਰਨ ਵਾਲੀਆਂ ਧਾਰਾਵਾਂ ਹਟਾਉਣ ਨੂੰ ਚੁਣੌਤੀ ਦੇ ਰਹੀਆਂ ਪਟੀਸ਼ਨਾਂ ਉੱਤੇ ਸੁਣਵਾਈ ਤੋਂ ਪਹਿਲਾਂ ਅਗਸਤ, 2019 ਵਿੱਚ ਕੇਂਦਰ ਸਰਕਾਰ ਨੇ ਇੱਕ ਹਲਫ਼ਨਾਮਾ ਦਾਇਰ ਕਰਦੇ ਇਹ ਸਾਬਤ ਕਰਨ ਦਾ ਭਰਪੂਰ ਯਤਨ ਕੀਤਾ ਸੀ ਕਿ ਸਰਕਾਰ ਵੱਲੋਂ ਉਪਰੋਕਤ ਧਾਰਾਵਾਂ ਹਟਾਉਣ ਬਾਅਦ ਇਸ ਸਮੁੱਚੇ ਖੇਤਰ ਵਿੱਚ ਅਭੂਤਪੂਰਵ ਮਿਸਾਲੀ ਵਿਕਾਸ, ਤਰੱਕੀ ਹੋਣ ਲੱਗੀ, ਸੁਰੱਖਿਆ ਅਤੇ ਸਥਿਰਤਾ ਦਾ ਸਾਜ਼ਗਾਰ ਮਾਹੌਲ ਪਨਪਣਾ ਸ਼ੁਰੂ ਹੋ ਗਿਆ। ਅਜਿਹਾ ਰਾਜ ਦੇ ਧਾਰਾ 370 ਅਤੇ 35ਏ ਰਾਹੀਂ ਵਿਸ਼ੇਸ਼ ਸੰਵਿਧਾਨਿਕ ਦਰਜੇ ਦੇ ਕਾਲ ਸਮੇਂ ਕਿਧਰੇ ਵੇਖਣ ਵਿੱਚ ਨਹੀਂ ਸੀ ਮਿਲਿਆ।

ਮਿਸਾਲ ਵਜੋਂ ਜੋ ਜੰਮੂ ਕਸ਼ਮੀਰ ਰਾਜ ਅਗਸਤ, 2019 ਤੋਂ ਪਹਿਲਾਂ ਇੱਕ ਲੱਖ ਕਰੋੜ ਜੀ.ਐੱਸ.ਟੀ. ਮੁਹਈਆ ਕਰਾਉਂਦਾ ਸੀ, ਹੁਣ 2.27 ਲੱਖ ਕਰੋੜ ਦੇਣ ਲੱਗ ਪਿਆ ਹੈ। ਮਿੱਡ ਡੇਅ ਮੀਲ 5 ਲੱਖ ਬੱਚਿਆਂ ਤੋਂ ਵਧ ਕੇ 9.13 ਲੱਖ ਨੂੰ ਮਿਲਣੀ ਸ਼ੁਰੂ ਹੋਈ। 70 ਸਾਲ ਵਿੱਚ 4 ਮੈਡੀਕਲ ਕਾਲਜ ਖੁੱਲ੍ਹੇ, ਹੁਣ 7 ਹੋਰ ਬਣ ਗਏ ਹਨ। ਕਾਲਜ 94 ਤੋਂ ਵਧ ਕੇ 147, ਨਰਸਿੰਗ ਕਾਲਜ 17 ਹੋ ਗਏ ਹਨ। ਗਰੀਬਾਂ ਨੂੰ 70 ਸਾਲਾਂ ਵਿੱਚ 24 ਹਜ਼ਾਰ ਘਰ ਬਣਾ ਕੇ ਦਿੱਤੇ। ਪਿਛਲੇ ਕੁਝ ਸਾਲਾਂ ਵਿੱਚ 1.45 ਲੱਖ ਬਣਾ ਕੇ ਦਿੱਤੇ ਹਨ। ਬੁਢਾਪਾ, ਵਿਧਵਾ ਆਦਿ ਪੈਨਸ਼ਨਾਂ 6 ਲੱਖ ਤੋਂ ਵਧ ਕੇ 10 ਲੱਖ ਨੂੰ ਦਿੱਤੀਆਂ ਜਾ ਰਹੀਆਂ ਹਨ।

ਕੇਂਦਰ ਸਰਕਾਰ ਵੱਲੋਂ ਦਿੱਤੇ ਹਲਫ਼ਨਾਮੇ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸੰਨ 2018 ਤੋਂ 2022 ਦਰਮਿਆਨ ਅਮਨ-ਕਾਨੂੰਨ ਵਿਵਸਥਾ ਵਿੱਚ ਵੱਡਾ ਸੁਧਾਰ ਵੇਖਣ ਨੂੰ ਮਿਲਿਆ ਹੈ। ਹਿੰਸਕ ਅਤੇ ਸਮਾਜਿਕ ਖਲਬਲੀ ਮਚਾਉਣ ਵਾਲੀਆਂ ਘਟਨਾਵਾਂ ਵਿੱਚ 97.2 ਪ੍ਰਤੀਸ਼ਤ ਕਮੀ ਦਰਜ ਕੀਤੀ ਗਈ। ਅੱਤਵਾਦੀ ਹਿੰਸਕ ਘਟਨਾਵਾਂ ਵਿੱਚ 45.2 ਪ੍ਰਤੀਸ਼ਤ ਕਮੀ ਵੇਖਣ ਨੂੰ ਮਿਲੀ।

ਸੁਪਰੀਮ ਕੋਰਟ ਦੇ ਇਸ ਫ਼ੈਸਲੇ ਸੰਬੰਧੀ ਵਿਸ਼ੇਸ਼ਤਾ ਇੱਕ ਨਜ਼ਰ ਆਈ ਕਿ ਇਸ ਸੰਬੰਧੀ ਤਿੰਨ ਵੱਖ-ਵੱਖ ਫ਼ੈਸਲੇ ਦਿੱਤੇ ਗਏ। ਮੁੱਖ ਜੱਜ ਡੀ.ਵਾਈ. ਚੰਦਰਚੂੜ੍ਹ, ਜਸਟਿਸ ਸੂਰਿਆਕਾਂਤ ਅਤੇ ਜਸਟਿਸ ਬੀ.ਆਰ. ਗਵਈ ਵੱਲੋਂ 352 ਪੰਨੇ, ਜਸਟਿਸ ਸੰਜੈ ਕਿਸ਼ਨ ਕੌਲ ਵੱਲੋਂ 121 ਪੰਨੇ ਅਤੇ ਜਸਟਿਸ ਖੰਨਾ ਵੱਲੋਂ 3 ਪੰਨੇ ਅਧਾਰਿਤ ਫ਼ੈਸਲੇ ਲਿਖੇ ਗਏ। ਪਰ ਇਹ ਤਿੰਨੇ ਫ਼ੈਸਲੇ ਧਾਰਾ 370 ਅਤੇ 35ਏ ਹਟਾਉਣ ਸੰਬੰਧੀ ਇੱਕ ਮਤ ਹਨ। ਧਾਰਾ 370, 35ਏ ਵਿਵਸਥਾ ਨੂੰ ਅਸਥਾਈ ਵਿਵਸਥਾ ਮੰਨਿਆ ਗਿਆ ਜਿਸ ਨੂੰ ਸਾਬਕਾ ਜੰਮੂ-ਕਸ਼ਮੀਰ ਰਾਜ ਦੀ ਸੰਵਿਧਾਨ ਸਭਾ ਦੀ ਗੈਰਹਾਜ਼ਰੀ ਵਿੱਚ ਰਾਸ਼ਟਰਪਤੀ ਕੋਲ ਰੱਦ ਕਰਨ ਦਾ ਅਧਿਕਾਰ ਪ੍ਰਾਪਤ ਹੈ। ਯਾਦ ਰਹੇ ਕਿ ਇਸਦੇ ਅਸਥਾਈਪਣ ਕਰਕੇ ਇਸ ਨੂੰ ਸੰਵਿਧਾਨ ਦੇ ਭਾਗ 21 ਵਿੱਚ ਰੱਖਿਆ ਗਿਆ ਸੀ। ਸੰਨ 1949 ਵਿੱਚ ਮਹਾਰਾਜਾ ਹਰੀ ਸਿੰਘ ਦੇ ਐਲਾਨਨਾਮੇ ਬਾਅਦ ਜੰਮੂ-ਕਸ਼ਮੀਰ ਭਾਰਤ ਦਾ ਅਟੁੱਟ ਅੰਗ ਬਣ ਗਿਆ ਸੀ।

ਸੁਪਰੀਮ ਕੋਰਟ ਦੇ ਫ਼ੈਸਲੇ ਵਿੱਚ ਕੇਂਦਰ ਸਰਕਾਰ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਹ ਸਤੰਬਰ, 2024 ਤਕ ਜੰਮੂ-ਕਸ਼ਮੀਰ ਵਿੱਚ ਵਿਧਾਨ ਸਭਾ ਚੋਣਾਂ ਨਿਸ਼ਚਿਤ ਬਣਾਏ। ਇਸ ਖੇਤਰ ਅੰਦਰ ਪੂਰਨ ਰਾਜ ਦਾ ਦਰਜਾ ਬਹਾਲ ਕੀਤਾ ਜਾਏ। ਨਵੀਂ ਸੀਮਾਕਰਨ ਬਾਅਦ ਰਾਜ ਵਿੱਚ 90 ਸੀਟਾਂ ਹਨ। ਇਨ੍ਹਾਂ ਵਿੱਚੋਂ 47 ਸੀਟਾਂ ਕਸ਼ਮੀਰ, 43 ਜੰਮੂ ਖੇਤਰਾਂ ਨਾਲ ਸਬੰਧਿਤ ਹਨ। ਰਾਜਪਾਲ 5 ਮੈਂਬਰ ਨਾਮਜ਼ਦ ਕਰੇਗਾ ਜਿਨ੍ਹਾਂ ਨੂੰ ਵੋਟ ਦਾ ਅਧਿਕਾਰ ਹੋਵੇਗਾ। ਕੀ ਇਹ ਵਿਵਸਥਾ ਸਭ ਰਾਜਨੀਤਕ ਧਿਰਾਂ ਨੂੰ ਸਵੀਕਾਰ ਹੋਵੇਗੀ ?

ਜਸਟਿਸ ਸੰਜੈ ਕੌਲ ਨੇ ਆਪਣੇ ਮਹੱਤਵਪੂਰਨ ਫ਼ੈਸਲੇ ਵਿੱਚ ਕਿਹਾ ਕਿ ਜੰਮੂ-ਕਸ਼ਮੀਰ ਵਿੱਚ ਰਾਜਕੀ ਅਤੇ ਗੈਰ-ਰਾਜਕੀ ਧਿਰਾਂ ਵੱਲੋਂ ਮਨੁੱਖੀ ਅਧਿਕਾਰਾਂ ਦਾ ਜੋ ਕਥਿਤ ਘਾਣ ਕੀਤਾ ਗਿਆ, ਉਸ ਲਈ ਇੱਕ 'ਸੱਚ ਅਤੇ ਸੁਲ੍ਹਾ ਕਮਿਸ਼ਨ' ਗਠਿਤ ਕੀਤਾ ਜਾਵੇ। ਉਹ ਕਮਿਸ਼ਨ 1980 ਦੇ ਦਹਾਕੇ ਤੋਂ ਸ਼ੁਰੂ ਹੋਈਆਂ ਘਟਨਾਵਾਂ ਤੋਂ ਹੁਣ ਤਕ ਨੂੰ ਕਵਰ ਕਰੇ। ਕੈਨੇਡਾ ਵਿੱਚ ਅਜਿਹਾ ਕਮਿਸ਼ਨ ਸਥਾਨਿਕ ਲੋਕਾਂ ਨਾਲ ਕੀਤੀਆਂ ਜ਼ਿਆਦਤੀਆਂ ਦੇ ਮੱਦੇਨਜ਼ਰ ਗਠਤ ਕੀਤਾ ਸੀ ਜਿਸਦੀਆਂ ਸਿਫ਼ਾਰਸ਼ਾਂ 'ਤੇ ਅਮਲ ਹੋ ਰਿਹਾ ਹੈ। ਪੰਜਾਬ ਵਿੱਚ 12-14 ਸਾਲਾਂ ਰਾਜਕੀ ਅਤੇ ਗੈਰ-ਰਾਜਕੀ ਅੱਤਵਾਦੀ ਘਟਨਾਵਾਂ ਅਤੇ ਅਮਾਨਵੀ ਘਾਣ ਲਈ ਐਸੇ ਕਮਿਸ਼ਨ ਦੇ ਗਠਨ ਦੀ ਮੰਗ ਕੀਤੀ ਗਈ ਸੀ ਲੇਕਿਨ ਸੰਨ 1997 ਵਿੱਚ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਬਣੀ ਅਕਾਲੀ-ਭਾਜਪਾ ਸਰਕਾਰ ਨੇ ਇਸ ਨੂੰ ਅਣਗੌਲਿਆ ਕਰ ਦਿੱਤਾ। ਜੰਮੂ-ਕਸ਼ਮੀਰ ਵਿੱਚ ਕਸ਼ਮੀਰੀ ਪੰਡਤਾਂ, ਸਿੱਖਾਂ (ਚਿੱਠੀ ਸਿੰਘ ਪੁਰਾ ਅਤੇ ਹੋਰ ਥਾਈਂ) ਸਥਾਨਿਕ ਮੁਸਲਿਮ ਭਾਈਚਾਰੇ ਨਾਲ ਹੋਈਆਂ ਰਾਜਕੀ ਅਤੇ ਗੈਰ-ਰਾਜਕੀ ਅਣਮਨੁੱਖੀ ਬਰਬਰਤਾ-ਪੂਰਵਕ ਘਟਨਾਵਾਂ ਦੀ ਜਾਂਚ, ਦੋਸ਼ੀਆਂ ਨੂੰ ਸਜ਼ਾਵਾਂ ਅਤੇ ਰਾਜ ਅੰਦਰ ਮੁੜ ਤੋਂ ਸਭ ਧਰਮਾਂ, ਜਾਤਾਂ, ਖੇਤਰਾਂ ਦੇ ਲੋਕਾਂ ਵਿੱਚ ਭਾਈਚਾਰਕ ਸਾਂਝ ਮਜ਼ਬੂਤ ਕਰਨ ਅਤੇ ਰਾਸ਼ਟਰੀ ਏਕਤਾ ਅਤੇ ਅਖੰਡਤਾ ਦੀ ਪ੍ਰਪੱਕਤਾ ਲਈ ਅਜਿਹੇ ਕਮਿਸ਼ਨ ਦਾ ਗਠਨ ਅਤੇ ਸਿਫ਼ਾਰਸ਼ਾਂ ਉੱਤੇ ਇਮਾਨਦਾਰੀ ਨਾਲ ਅਮਲ ਜ਼ਰੂਰੀ ਹੈ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਸਬੰਧੀ ਦੇਸ਼-ਵਿਦੇਸ਼ ਤੋਂ ਅਨੇਕ ਪ੍ਰਤੀਕ੍ਰਿਆਵਾਂ ਹਾਸਿਲ ਹੋਈਆਂ ਹਨ। ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਇਸ ਨੂੰ ਇਤਿਹਾਸਕ ਫ਼ੈਸਲਾ ਕਰਾਰ ਦਿੱਤਾ ਹੈ। ਇਹ ਫ਼ੈਸਲਾ 5 ਅਗਸਤ, 2019 ਨੂੰ ਭਾਰਤੀ ਸੰਸਦ ਵੱਲੋਂ ਲਏ ਗਏ ਫ਼ੈਸਲੇ ਨੂੰ ਸੰਵਿਧਾਨਿਕ ਰੂਪ ਨਾਲ ਬਰਕਰਾਰ ਰੱਖਦਾ ਹੈ।

(ਬਾਕੀ ਸਫ਼ਾ 31 'ਤੇ)



# ਨਵੇਂ ਸਾਲ ਦੀ ਸੂਹੀ ਸਵੇਰ ਦੀ ਜ਼ੀਨਤ
# 2024 ਨੂੰ ਜੀ ਆਇਆਂ ਕਹਿੰਦਿਆਂ...




ਜਗਮੋਹਨ ਸਿੰਘ
9463819174




ਨਵੇਂ ਸਾਲ 2024 ਨੂੰ ਜੀ ਆਇਆਂ ਕਹਿਣ ਲਈ ਇਸ ਸਮੇਂ ਪੂਰਾ ਆਲਮ ਹੀ ਖੁਸ਼ੀਆਂ, ਖੇੜੇ, ਨਵੀਆਂ ਤਰੰਗਾਂ, ਨਵੇਂ ਉਤਸ਼ਾਹ ਦੀਆਂ ਭਾਵਨਾਵਾਂ ਨਾਲ ਨਸ਼ਿਆਇਆ ਹੋਇਆ ਹੈ। ਨਵੇਂ ਸਾਲ ਦੀ ਸੂਹੀ ਸਵੇਰ ਵੀ ਸੱਜਰੀ - ਸੱਜਰੀ ਲੱਗਦੀ ਹੈ ਤੇ ਸਾਨੂੰ ਆਪਣਾ ਸਾਰਾ ਆਲਾ ਦੁਆਲਾ ਹੀ ਇਸ ਦਿਨ ਨਵਾਂ- ਨਵਾਂ ਲੱਗਦਾ ਹੈ। ਨਵੇਂ ਸਾਲ ਵਾਲੇ ਦਿਨ ਤਾਂ ਰੁੱਖਾਂ ਦੀਆਂ ਡਾਲੀਆਂ ਵਿੱਚੋਂ ਪੱਤਿਆਂ ਨਾਲ ਖਹਿ -ਖਹਿ ਕੇ ਲੰਘਦੀ ਸਿਆਲ ਰੁੱਤ ਦੀ ਠੰਡੀ ਜਖ਼ ਵਾਅ ਵੀ ਰੁੱਖਾਂ, ਡਾਲੀਆਂ, ਪੱਤਿਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੰਦੀ ਲੱਗਦੀ ਹੈ। ਸਿਆਲਾਂ ਦੀ ਰੁੱਤ ਦੌਰਾਨ ਪੋਹ ਮਹੀਨੇ ਦੀ ਹੱਡ ਚੀਰਵੀਂ ਸਰਦੀ ਵਿੱਚ ਜਦੋਂ ਠੰਡੀ-ਠੰਡੀ ਹਵਾ ਦਾ ਤੇਜ਼ ਚਾਲ ਚੱਲਦਾ ਹੋਇਆ ਬੁੱਲਾ ਆਉਂਦਾ ਹੈ ਤਾਂ ਠੰਡ ਨਾਲ ਸਾਡੇ ਧੁਰ ਅੰਦਰ ਤੱਕ ਇੱਕ ਕੰਬਣੀ ਤਾਂ ਭਾਂਵੇਂ ਛਿੜ ਜਾਂਦੀ ਹੈ ਪਰ ਉਸ ਕੰਬਣੀ ਤੇ ਠੰਡੀ ਹਵਾ ਵਿਚੋਂ ਵੀ ਨਵਾਂ ਸਾਲ ਮੁਬਾਰਕ ਦੀ ਆਵਾਜ਼ ਆਉਂਦੀ ਮਹਿਸੂਸ ਹੁੰਦੀ ਹੈ। ਘਰਾਂ ਦੇ ਗਮਲਿਆਂ ਤੇ ਘਰਾਂ ਦੇ ਅੱਗੇ ਬਣੀਆਂ ਕਿਆਰੀਆਂ ਵਿੱਚ ਲੱਗੇ ਪੌਦੇ ਤੇ ਉਹਨਾਂ ਦੇ ਫੁੱਲ-ਪੱਤੇ ਵੀ ਹਵਾ ਦੇ ਬੁੱਲੇ ਨਾਲ ਹਿਲਦੇ ਹੋਏ ਨਵੇਂ ਸਾਲ ਦੀ ਖੁਸ਼ੀ ਵਿੱਚ ਇੱਕ ਤਰਾਂ ਨੱਚ ਰਹੇ ਹੀ ਮਹਿਸੂਸ ਹੁੰਦੇ ਹਨ।

ਅੰਮ੍ਰਿਤ ਵੇਲੇ ਗੁਲਾਬ ਦੇ ਫੁੱਲਾਂ ਅਤੇ ਮਨਮੋਹਨੇ ਤਰਾਂ -ਤਰਾਂ ਦੇ ਫੁੱਲਾਂ ਉਪਰ ਪਈਆਂ ਤਰੇਲ ਦੀਆਂ ਬੂੰਦਾਂ ਵੀ ਚੜ੍ਹਦੇ ਸੂਰਜ ਦੀ ਲਾਲੀ ਵਾਲੀ ਧੁੱਪ ਨਾਲ ਹੀ ਲਿਸ਼ਕਾਂ ਮਾਰਦੀਆਂ ਨਵੇਂ ਸਾਲ ਨੂੰ ਜੀ ਆਇਆਂ ਕਹਿੰਦੀਆਂ ਜਾਪਦੀਆਂ ਹਨ। ਅੰਬਰ ਵਿੱਚ ਉਡਾਰੀਆਂ ਮਾਰਦੀਆਂ ਪੰਜਾਬ 'ਚ ਮਹਿਮਾਣ ਬਣਕੇ ਆਈਆਂ ਸਾਇਬੇਰੀਆ ਦੀਆਂ ਕੂੰਜਾਂ ਤੇ ਅਠਖੇਲੀਆ ਕਰਦੇ ਪਰਵਾਸੀ




ਤੇ ਦੇਸੀ ਪੰਛੀ ਵੀ ਇਸ ਦਿਨ ਇੱਕ ਦੂਜੇ ਨੂੰ 'ਹੈਪੀ ਨਿਊ ਈਅਰ ' ਕਹਿੰਦੇ ਜਾਪਦੇ ਹਨ। ਕਿਸੇ ਸੱਜ ਵਿਆਹੀ ਦੇ ਕੌਕੇ ਦੀ ਜ਼ੀਨਤ , ਗੋਰੀਆਂ ਵਾਹਾਂ 'ਚ ਪਾਏ ਲਾਲ ਸੂਹੇ ਚੂੜੇ ਦੀ ਖਣਕ, ਵੰਗਾਂ ਦਾ ਛਣਕਾਟਾ ਵੀ ਤਾਂ ਇਸ ਦਿਨ 'ਨਵਾਂ ਸਾਲ ਮੁਬਾਰਕ ' ਕਹਿੰਦੇ ਲੱਗਦੇ ਹਨ। ਇਸ ਦਿਨ ਤਾਂ ਕੋਈ ਗਜਰਾ ਬਣ ਕੇ ਵੰਗਾਂ ਨੂੰ ਪਿਆਰ ਭਰੀ ਠੋਕਰ ਮਾਰਕੇ ਨਵੇਂ ਸਾਲ ਦੀਆਂ ਵਧਾਈਆਂ ਦਿੰਦਾ ਮਹਿਸੂਸ ਹੁੰਦਾ ਹੈ।

ਨਵੇਂ ਸਾਲ ਮੌਕੇ ਹਰ ਵਿਅਕਤੀ ਦੇ ਮਨ 'ਚ ਹੀ ਨਵੀਆਂ ਉਮੰਗਾ ਜਨਮ ਲੈ ਲੈਂਦੀਆਂ ਨੇ, ਇਸ ਦਿਨ ਹਰ ਵਿਅਕਤੀ ਹੀ ਦੂਜਿਆਂ ਨੂੰ ਹੈਪੀ ਨਿਊ ਈਅਰ ਕਹਿਣ ਦੇ ਨਾਲ ਹੀ ਆਪਣੇ ਆਪ ਨਾਲ ਵੀ ਕਈ ਤਰਾਂ ਦੇ ਨਵੇਂ ਵਾਅਦੇ ਕਰਦਾ ਹੈ, ਨਵੇਂ ਕੰਮ ਧੰਦੇ ਸ਼ੁਰੂ ਕਰਨ ਦੇ , ਜਿੰਦਗੀ ਵਿੱਚ ਤਰੱਕੀ ਦੀਆਂ ਬੁਲੰਦੀਆਂ ਨੂੰ ਛੂੰਹਣ ਦੇ ਸੁਪਨੇ ਲੈਂਦਾ ਹੈ ਤੇ ਇਸ ਲਈ ਸੰਘਰਸ਼ ਕਰਨ ਦਾ ਸੰਕਲਪ ਲੈਂਦਾ ਹੈ । ਇਸ ਦਿਨ ਤਾਂ ਅੱਲੜ੍ਹ ਤੇ ਨੌਜਵਾਨ ਮੁੰਡੇ - ਕੁੜੀਆਂ ਵਾਂਗ ਬਜ਼ੁਰਗਾਂ ਦੀਆਂ ਅੱਖਾਂ ਵਿੱਚ ਵੀ ਨਵੇਂ ਸੁਪਨੇ ਜਿਹੇ ਦਿਖਾਈ ਦਿੰਦੇ ਹਨ। ਜਿਥੇ ਅੱਲੜ੍ਹ ਤੇ ਨੌਜਵਾਨ ਮੁੰਡੇ-ਕੁੜੀਆਂ ਇਸ ਦਿਨ ਇੱਕ ਦੂਜੇ ਨੂੰ ਗਰੀਟਿੰਗ ਕਾਰਡ ਤੇ ਹੋਰ ਤੋਹਫੇ ਦੇ ਆਪਣੇ ਆਪ ਨੂੰ ਦੁਨੀਆਂ ਦੇ ਸਭ ਤੋਂ ਖੁਸ਼ਕਿਸਮਤ ਇਨਸਾਨ ਸਮਝਦੇ ਹਨ, ਅੱਲੜਾਂ ਦੀਆਂ ਅੱਖਾਂ ਵਿੱਚ ਤਾਂ ਇਸ ਦਿਨ ਗੁਲਾਬੀ ਰੰਗੇ ਸੁਪਨੇ ਹੀ ਦਿਖਾਈ ਦਿੰਦੇ ਹਨ, ਜੋ ਕਿ ਉਹ ਜਾਗਦੀਆਂ ਅੱਖਾਂ ਨਾਲ ਹੀ ਵੇਖ ਰਹੇ ਹੁੰਦੇ ਹਨ। ਉਥੇ ਹੀ ਇਸ ਦਿਨ ਅੱਧਖੜ੍ਹ ਉਮਰ ਦੇ ਵਿਅਕਤੀ ਇੱਕ ਦੂਜੇ ਨੂੰ ਨਵਾਂ ਸਾਲ ਮੁਬਾਰਕ ਕਹਿੰਦਿਆਂ ਉਹਨਾਂ ਦੀ ਅਤੇ ਆਪਣੀ ਲੰਬੀ ਉਮਰ ਲਈ ਦੁਆ ਕਰਦੇ ਹਨ। ਇਸ ਦੇ ਨਾਲ ਹੀ ਇਸ ਦਿਨ ਵਡੇਰੀ ਉਮਰ ਦੇ ਬਾਬੇ ਤੇ ਬਜੁਰਗ ਔਰਤਾਂ ਵੀ ਆਪੋ -ਆਪਣੇ ਇਸ਼ਟ ਨੂੰ ਧਿਆ ਕੇ ਇਸ ਗਲ ਦੀ ਖੁਸ਼ੀ ਪ੍ਰਗਟ ਕਰਦੇ ਹਨ ਕਿ ਉਹਨਾਂ ਦੀ ਜਿੰਦਗੀ ਨਾਲ ਇੱਕ ਸਾਲ ਹੋਰ ਜੁੜ ਗਿਆ। ਨਦੀ ਕਿਨਾਰੇ ਰੁਖੜਾ ਵਾਂਗ ਅਜਿਹੇ ਬਜੁਰਗਾਂ ਦੀ ਜਿੰਦਗੀ ਦਾ ਭਰੋਸਾ ਨਹੀਂ ਹੁੰਦਾ ਕਿ ਰੋਡਵੇਜ਼ ਦੀ ਖੜ੍ਹ- ਖੜ੍ਹ ਕਰਦੀ, ਧੱਕਾ ਸਟਾਰਟ ਪੁਰਾਣੀ ਬੱਸ (ਜਿਸਦੇ ਮੱਥੇ 'ਤੇ ਮੋਰਨੀ ਜਾਂ ਕਸ਼ਮੀਰ ਦੀ ਕਲੀ ਲਿਖਿਆ ਹੁੰਦਾ ਹੈ) ਦੇ ਆਪਣੀ ਮੰਜ਼ਿਲ ਦੇ ਅਧਵਾਟੇ ਹੀ ਖੜ ਜਾਣ ਵਾਂਗ ਕਦੋਂ ਉਹਨਾਂ ਦੀ ਜਿੰਦਗੀ ਰੂਪੀ ਸਾਹਾਂ ਦੀ ਰਫਤਾਰ ਰੁਕ ਜਾਵੇ, ਇਸ ਲਈ ਜਦੋਂ ਨਵੇਂ ਸਾਲ ਦੀ ਸਵੇਰ ਆਉਂਦੀ ਹੈ ਤਾਂ ਅੰਮ੍ਰਿਤ ਵੇਲੇ ਹੀ ਉਹਨਾਂ ਨੂੰ ਇਸ ਗਲ ਦੀ ਸਤੁੰਸ਼ਟੀ ਹੁੰਦੀ ਹੈ ਕਿ ਉਹਨਾਂ ਦੀ ਜਿੰਦਗੀ ਦਾ ਇੱਕ ਸਾਲ ਹੋਰ ਵੱਧ ਗਿਆ ਹੈ। ਗੱਲ ਕੀ, ਇਸ ਦਿਨ ਹਰ ਪਾਸੇ ਹੀ ਜਸ਼ਨ ਮਨਾਏ ਜਾਂਦੇ ਹਨ, ਇੱਕ ਪਾਸੇ ਖੁਸ਼ੀ ਵਿੱਚ ਢੋਲ ਤੇ ਨਗਾੜੇ ਵੱਜ ਰਹੇ ਹਨ, ਦੂਜੇ ਪਾਸੇ ਡਿਸਕੋ, ਪੋਪ ਸੰਗੀਤ ਦੀਆਂ ਧੁਨਾਂ ਉਪਰ ਅੱਲੜ੍ਹ, ਜਵਾਨ ਉਮਰ ਦੇ ਨਾਲ ਹੀ ਅੱਧਖੜ ਉਮਰ ਦੇ ਵਿਅਕਤੀ ਵੀ ਡਾਂਸ ਕਰਕੇ ਖੁਸ਼ੀ ਮਨਾ ਰਹੇ ਹਨ। ਇਸਦੇ ਨਾਲ ਹੀ ਧਾਰਮਿਕ ਅਕੀਦੇ ਵਾਲੇ ਲੋਕ ਧਾਰਮਿਕ ਸਥਾਨਾਂ 'ਤੇ ਜਾ ਕੇ ਆਪਣੇ ਨਵੇਂ ਸਾਲ ਦੀ ਸ਼ੁਰੂਆਤ ਕਰ ਰਹੇ ਹਨ।

ਪਹਿਲਾਂ ਸਾਲ ਰੁੱਤਾਂ ਦੇ ਹਿਸਾਬ ਨਾਲ ਸ਼ੁਰੂ ਹੁੰਦੇ ਸਨ। ਫਿਰ ਨਵੇਂ ਸਾਲ ਫਸਲਾਂ ਦੇ ਹਿਸਾਬ ਨਾਲ ਸ਼ੁਰੂ ਹੋਣ ਲੱਗ ਪਏ ਪਰ ਹੁਣ ਸਾਲ ਵਿੱਚ ਕਈ -ਕਈ ਫਸਲਾਂ ਦੇ ਸੀਜਨ ਆਉਣ ਕਰਕੇ ਹੁਣ 1 ਜਨਵਰੀ ਨੂੰ ਨਵਾਂ ਸਾਲ ਮਨਾਇਆ ਜਾਂਦਾ ਹੈ। ਦੁਨੀਆਂ ਭਰ ਵਿੱਚ ਨਵਾਂ ਸਾਲ 1 ਜਨਵਰੀ ਤੋਂ ਮਨਾਉਣ ਦਾ ਰਿਵਾਜ਼ ਅੰਗ੍ਰੇਜ਼ਾਂ ਨੂੰ ਵੇਖ ਕੇ ਸ਼ੁਰੂ ਹੋਇਆ। ਅਸੀਂ ਨਵੇਂ ਸਾਲ ਮੌਕੇ ਸੂਰਜ ਨੂੰ ਬੇਨਤੀ ਤਾਂ ਕਰ ਹੀ ਸਕਦੇ ਹਾਂ ਕਿ ਉਹ ਨਵੇਂ ਸਾਲ ਵਾਲੇ ਦਿਨ ਪੂੰਜੀਪਤੀਆਂ , ਮੱਧਵਰਗੀ ਲੋਕਾਂ ਦੇ ਨਾਲ -ਨਾਲ ਕਿਰਤੀਆਂ, ਕਾਰੀਗਰਾਂ ਤੇ ਕੰਮੀਆਂ ਦੇ ਵਿਹੜੇ ਵੀ ਜਾਵੇ ਤੇ ਉਹਨਾਂ ਦੇ ਵਿਹੜੇ ਵੀ ਸਾਰਾ ਸਾਲ ਮੱਘਦਾ ਰਹੇ ਤਾਂ ਕਿ ਉਹ ਆਪਣੇ ਆਪ ਨੂੰ ਜਿੰਦਗੀ ਦੀ ਹਨੇਰੀ ਗੁਫਾ ਦੇ ਵਸਨੀਕ ਨਾ ਸਮਝਣ ਤੇ ਉਹਨਾਂ ਦੀ ਜਿੰਦਗੀ ਵਿੱਚ ਵੀ ਰੌਸ਼ਨੀ ਹੋ ਸਕੇ।





# ਅੱਲ੍ਹੜ ਉਮਰ ਦੇ ਹਸੀਨ ਸੁਪਨੇ

## ਕਿਤੇ ਕੁਰਾਹੇ ਨਾ ਪੈ ਜਾਣ ਜਵਾਨ ਹੋ ਰਹੇ ਬੱਚੇ | ਅੱਲ੍ਹੜਾਂ ਦੀਆਂ ਸਰਗਰਮੀਆਂ ਵੱਲ ਵਿਸ਼ੇਸ਼ ਧਿਆਨ ਦੇਣ ਮਾਪੇ

## ਨਸ਼ਾ ਅਤੇ ਹੋਰ ਸਮਾਜਿਕ ਅਲਾਮਤਾਂ ਤੋਂ ਬਚਾਉਣ ਲਈ ਮਾਪੇ ਬਣਨ ਅੱਲ੍ਹੜ ਉਮਰ ਦੇ ਬੱਚਿਆਂ ਦੇ ਦੋਸਤ

ਬਚਪਨ ਤੋਂ ਜਵਾਨੀ ਤੱਕ ਦੇ ਸਫ਼ਰ ਵਿਚਾਲੇ ਅੱਲ੍ਹੜ ਉਮਰ ਵੱਡਾ ਮਹੱਤਵ ਰੱਖਦੀ ਹੈ। ਇਸ ਉਮਰ ਵਿੱਚ ਹੀ ਬੱਚਿਆਂ ਦੇ ਅੰਦਰ ਹਰ ਚੀਜ਼ ਪ੍ਰਤੀ ਗਿਆਨ ਪ੍ਰਾਪਤ ਕਰਨ ਦੀ ਜਗਿਆਸਾ ਪੈਦਾ ਹੁੰਦੀ ਹੈ। ਜੇ ਅੱਲੜ੍ਹ ਉਮਰ ਵਿੱਚ ਹੀ ਬੱਚੇ ਸੰਭਲ ਜਾਣ ਅਤੇ ਆਪਣੀ ਜਿੰਦਗੀ ਦਾ ਸਹੀ ਟੀਚਾ ਨਿਰਧਾਰਿਤ ਕਰ ਲੈਣ ਤਾਂ ਉਹ ਜਿੰਦਗੀ ਵਿੱਚ ਸਫ਼ਲ ਹੋ ਜਾਂਦੇ ਹਨ ਅਤੇ ਆਪਣਾ ਅਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕਰਦੇ ਹਨ। ਜੇ ਅੱਲੜ੍ਹਪੁਣੇ ਵਿੱਚ ਹੀ ਬੱਚੇ ਕੁਰਾਹੇ ਪੈ ਜਾਣ ਤਾਂ ਉਹ ਬੱਚੇ ਜਵਾਨ ਹੋ ਕੇ ਨਸ਼ੇੜੀ, ਬਦਮਾਸ਼, ਰਾਹ ਤੋਂ ਭਟਕੇ ਅਤੇ ਅਜਿਹਾ ਹੋਰ ਵੀ ਬਹੁਤ ਕੁਝ ਬਣ ਜਾਂਦੇ ਹਨ ਅਤੇ ਉਹ ਦੇਸ਼ ਦੇ ਚੰਗੇ ਨਾਗਰਿਕ ਨਹੀਂ ਬਣ ਸਕਦੇ। ਅਜਿਹੇ ਨੌਜਵਾਨ ਆਪਣੀ ਜਿੰਦਗੀ ਤਾਂ ਖ਼ਰਾਬ ਕਰਦੇ ਹੀ ਹਨ, ਸਗੋਂ ਆਪਣੇ ਮਾਪਿਆਂ ਅਤੇ ਪਰਿਵਾਰ ਨੂੰ ਵੀ ਰੋਲ ਦਿੰਦੇ ਹਨ। 13 ਤੋਂ 19 ਸਾਲ ਤੱਕ ਦੀ ਉਮਰ ਨੂੰ ਅੱਲ੍ਹੜਪੁਣਾ, ਕਿਸ਼ੋਰ ਅਵਸਥਾ ਜਾਂ ਟੀਨਏਜ ਕਿਹਾ ਜਾਂਦਾ ਹੈ। ਇਸ ਉਮਰ ਦੇ ਸ਼ੁਰੂ ਹੁੰਦੇ ਹੀ ਬੱਚਿਆਂ ਅੰਦਰ ਸਰੀਰਕ, ਮਾਨਸਿਕ ਅਤੇ ਲਿੰਗ ਪਰਿਵਰਤਨ ਹੁੰਦੇ ਹਨ।

ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੀਸੈਫ ਦੀ ਇੱਕ ਰਿਪੋਰਟ ਮੁਤਾਬਕ ਦੁਨੀਆਂ ਭਰ ਵਿੱਚ ਕੁੱਲ 120 ਕਰੋੜ ਬੱਚੇ ਹਨ, ਜਿਨ੍ਹਾਂ ਦੀ ਉਮਰ 10 ਤੋਂ 19 ਸਾਲ ਵਿਚਾਲੇ ਹੈ। ਯੂਨੀਸੈਫ ਦੀ ਰਿਪੋਰਟ ਦੱਸਦੀ ਹੈ ਕਿ ਸਾਲ 2011 ਦੀ ਮਰਦਮਸ਼ੁਮਾਰੀ ਮੁਤਾਬਕ ਭਾਰਤ ਵਿੱਚ ਅੱਲ੍ਹੜਾਂ ਦੀ ਗਿਣਤੀ 24 ਕਰੋੜ ਤੋਂ ਵੱਧ ਹੈ।ਅੱਲ੍ਹੜ ਉਮਰ ਬਹੁਤ ਨਾਜ਼ੁਕ ਹੁੰਦੀ ਹੈ, ਕਿਉਂਕਿ ਇਹ ਉਹ ਸਮਾਂ ਹੁੰਦਾ ਹੈ ਜਦੋਂ ਭਵਿੱਖ ਦੀ ਉਸਾਰੀ ਵੱਲ ਕੰਮ ਕੀਤਾ ਜਾਂਦਾ ਹੈ ਅਤੇ ਇਸ ਉਮਰ ਵਿੱਚ ਕੁਰਾਹੇ ਪੈਣ ਦੇ ਚਾਂਸ ਹੁੰਦੇ ਹਨ। ਇਸ ਲਈ ਉਮਰ ਦੇ ਇਸ ਮੋੜ 'ਤੇ ਸਮਝਦਾਰੀ ਤੋਂ ਕੰਮ ਲੈਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ। ਅੱਲ੍ਹੜ ਉਮਰ ਦੇ ਕਈ ਪਹਿਲੂ ਹੁੰਦੇ ਹਨ। ਸਭ ਤੋਂ ਪਹਿਲਾਂ, ਅੱਲ੍ਹੜਾਂ ਦੀ ਯੋਗਤਾ ਜਾਂ ਬੁੱਧੀ ਹਾਰਮੋਨਸ ਦੁਆਰਾ ਸੰਚਾਲਿਤ ਹੋਣੀ ਸ਼ੁਰੂ ਹੋ ਜਾਂਦੀ ਹੈ। ਅਚਾਨਕ ਉਨ੍ਹਾਂ ਨੂੰ ਪੂਰੀ ਦੁਨੀਆਂ ਬਹੁਤ ਵੱਖਰੀ ਲੱਗਦੀ ਹੈ। ਹੁਣ ਤੱਕ, ਉਨ੍ਹਾਂ ਦੇ ਆਲੇ-ਦੁਆਲੇ ਦੇ ਲੋਕ ਅਚਾਨਕ ਉਨ੍ਹਾਂ ਨੂੰ ਮਰਦ ਅਤੇ ਔਰਤਾਂ ਦੇ ਰੂਪ ਵਿੱਚ ਦੇਖਣਾ ਸ਼ੁਰੂ ਕਰ ਦਿੰਦੇ ਹਨ, ਯਾਨੀ ਕਿ ਉਹ ਲਿੰਗ ਅੰਤਰ ਨੂੰ ਲੈ ਕੇ ਵਧੇਰੇ ਚੇਤੰਨ ਹੋ ਜਾਂਦੇ ਹਨ।



ਜਵਾਨੀ ਉਮਰ ਦਾ ਉਹ ਪੜਾਅ ਹੈ ਜਿੱਥੋਂ ਜੀਵਨ ਦੇ ਅਣਗਿਣਤ ਰਸਤੇ ਉੱਭਰਦੇ ਹਨ। ਇਸ ਉਮਰ ਵਿੱਚ ਊਰਜਾ ਅਤੇ ਸਮਰੱਥਾ ਦੀ ਭਰਪੂਰਤਾ ਹੁੰਦੀ ਹੈ। ਉਂਜ ਤਾਂ ਅੱਲ੍ਹੜਪੁਣੇ ਦੌਰਾਨ ਕੁਝ ਸਰੀਰਕ ਅਤੇ ਮਾਨਸਿਕ ਤਬਦੀਲੀਆਂ ਆਉਂਦੀਆਂ ਹਨ ਜਿਸ ਕਾਰਨ ਅੱਲ੍ਹੜਾਂ ਦੇ ਕੁਰਾਹੇ ਪੈਣ ਦੀ ਸੰਭਾਵਨਾ ਰਹਿੰਦੀ ਹੈ ਪਰ ਇਸ ਉਮਰ ਵਿੱਚ ਭਟਕਣਾ ਭਵਿੱਖ ਨੂੰ ਹਨੇਰੇ ਵਿੱਚ ਪਾ ਸਕਦਾ ਹੈ।

ਇਸ ਦੇ ਨਾਲ ਹੀ ਇਹ ਸਮਾਂ ਕੈਰੀਅਰ ਬਣਾਉਣ ਦਾ ਵੀ ਹੈ। ਇਸ ਲਈ, ਭਟਕਣਾ ਨੂੰ ਰੋਕਣ ਅਤੇ ਆਪਣੇ ਕੈਰੀਅਰ 'ਤੇ ਧਿਆਨ ਦੇਣ ਲਈ, ਕੁਝ ਜ਼ਰੂਰੀ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਹੋਵੇਗਾ। ਕੁਝ ਗੱਲਾਂ ਦਾ ਧਿਆਨ ਰੱਖ ਕੇ ਅੱਲ੍ਹੜ ਆਪਣੇ ਆਪ ਨੂੰ ਕੁਰਾਹੇ ਪੈਣ ਤੋਂ ਬਚਾ ਸਕਦੇ ਹਨ ਅਤੇ ਆਪਣਾ ਭਵਿੱਖ ਵੀ ਸੁਰੱਖਿਅਤ ਕਰ ਸਕਦੇ ਹਨ।



ਅੱਜ ਕੱਲ੍ਹ ਅੱਲ੍ਹੜ ਉਮਰ ਦੇ ਬੱਚਿਆਂ ਦੀ ਇੱਕ ਸਮੱਸਿਆ ਆਮ ਹੁੰਦੀ ਜਾ ਰਹੀ ਹੈ, ਉਹ ਹੈ ਮੋਬਾਈਲ ਫ਼ੋਨ ਅਤੇ ਇੰਟਰਨੈੱਟ ਦੀ ਜ਼ਿਆਦਾ ਵਰਤੋਂ। ਇਹ ਅਜਿਹੀ ਖਿੱਚ ਜਾਂ ਲਤ ਬਣ ਗਈ ਹੈ ਜਿਸ ਦਾ ਸਿੱਧਾ ਸਬੰਧ ਅੱਲ੍ਹੜ ਉਮਰ ਦੇ ਬੱਚੇ ਦੇ ਮਾਨਸਿਕ ਵਿਕਾਸ ਅਤੇ ਕੈਰੀਅਰ ਨਾਲ ਹੈ। ਜੇਕਰ ਬੱਚਿਆਂ ਦੇ ਮੋਬਾਈਲ ਖੋਹ ਲਏ ਜਾਣ ਜਾਂ ਉਨ੍ਹਾਂ ਨੂੰ ਇੰਟਰਨੈੱਟ ਦੀ ਸਹੂਲਤ ਨਾ ਦਿੱਤੀ ਜਾਵੇ ਤਾਂ ਉਹ ਹੋਰ ਜ਼ਿਆਦਾ ਘਬਰਾ ਜਾਂਦੇ ਹਨ। ਅਜਿਹੇ 'ਚ ਅੱਲ੍ਹੜ ਉਮਰ ਦੇ ਬੱਚਿਆਂ ਦੇ ਫੋਨ ਦੀ ਵਰਤੋਂ ਕਰਨ ਦਾ ਸਮਾਂ ਤੈਅ ਕਰਨਾ ਬਹੁਤ ਜ਼ਰੂਰੀ ਹੈ। ਫ਼ੋਨ ਨਾਲ ਕੁਨੈਕਸ਼ਨ ਘਟੇਗਾ ਤਾਂ ਪੜ੍ਹਾਈ ਨਾਲ ਵਧੇਗਾ।

ਅੱਲ੍ਹੜ ਬੱਚਿਆਂ ਦੇ ਭਟਕਣ ਦਾ ਸਭ ਤੋਂ ਵੱਡਾ ਅਤੇ ਪਹਿਲਾ ਕਾਰਨ ਉਹਨਾਂ ਦੀ ਦੋਸਤੀ ਹੈ। ਇਸ ਉਮਰ ਵਿੱਚ ਦੋਸਤਾਂ ਨਾਲ ਮਸਤੀ ਕਰਨਾ ਅਤੇ ਘੁੰਮਣਾ ਚੰਗਾ ਹੁੰਦਾ ਹੈ। ਪਰ ਜੇਕਰ ਦੋਸਤੀ ਗਲਤ ਕੰਮ ਕਰਨ ਵਾਲਿਆਂ ਨਾਲ ਹੈ ਤਾਂ ਭਵਿੱਖ ਖ਼ਤਰੇ ਵਿੱਚ ਹੋ ਸਕਦਾ ਹੈ, ਕਿਉਂਕਿ ਅੱਲ੍ਹੜ ਸਹੀ ਅਤੇ ਗਲਤ ਵਿੱਚ ਫਰਕ ਕਰਨ ਲਈ ਇੰਨੇ ਸਿਆਣੇ ਨਹੀਂ ਹੁੰਦੇ ਹਨ। ਇਸ ਲਈ ਮਾਪਿਆਂ ਨੂੰ ਬੱਚੇ ਦੇ ਦੋਸਤਾਂ ਬਾਰੇ ਪੂਰੀ ਜਾਣਕਾਰੀ ਰੱਖਣੀ ਚਾਹੀਦੀ ਹੈ।

ਕੁਝ ਦਹਾਕੇ ਪਹਿਲਾਂ ਅੱਲ੍ਹੜ ਬੱਚਿਆਂ ਨੂੰ ਸਮਾਜ ਦੀ ਵੀ ਸ਼ਰਮ ਹੁੰਦੀ ਸੀ ਅਤੇ ਸਾਂਝੇ ਪਰਿਵਾਰਾਂ ਦੀ ਹੋਂਦ ਹੋਣ ਕਾਰਨ ਅੱਲ੍ਹੜਾਂ ਨੂੰ ਆਪਣੇ ਵਡੇਰਿਆਂ ਦਾ ਵੀ ਡਰ ਹੁੰਦਾ ਸੀ ਪਰ ਹੁਣ ਇਕਹਿਰੇ ਪਰਿਵਾਰਾਂ ਦੀ ਵਧੇਰੇ ਹੋਂਦ ਕਾਰਨ ਬੱਚੇ ਇਕੱਲੇ ਰਹਿਣਾ ਪਸੰਦ ਕਰਦੇ ਹਨ ਜੇ ਉਹਨਾਂ ਨੂੰ ਕਿਸੇ ਗੱਲ 'ਤੇ ਗੁਆਂਢ ਦੀ ਸ਼ਰਮ ਕਰਨ ਦੀ ਗੱਲ ਕੀਤੀ ਜਾਵੇ ਤਾਂ ਉਹਨਾਂ ਦਾ ਕਹਿਣਾ ਹੁੰਦਾ ਹੈ ਕਿ ਇਹ ਉਹਨਾਂ ਦੀ ਆਪਣੀ ਲਾਈਫ਼ ਹੈ, ਉਹ ਜਿਵੇਂ ਮਰਜ਼ੀ ਕਰਨ, ਕਿਸੇ ਨੂੰ ਕੀ ?

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਅੱਲ੍ਹੜ ਉਮਰ ਦੇ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇਣ ਅਤੇ ਅੱਲ੍ਹੜਾਂ ਨੂੰ ਉਹਨਾਂ ਦੇ ਸਰੀਰ ਵਿੱਚ ਹੋਣ ਵਾਲੀਆਂ ਤਬਦੀਲੀਆਂ ਬਾਰੇ ਸਹੀ ਜਾਣਕਾਰੀ ਦੇਣ ਤਾਂ ਕਿ ਇਹ ਬੱਚੇ ਆਪਣੇ ਰਿਜ਼ਕ ਨੂੰ ਸੰਭਾਲ ਕੇ ਰੱਖਣ। ਅਕਸਰ ਅੱਲ੍ਹੜਾਂ ਨੂੰ ਉਹਨਾਂ ਦੇ ਦੋਸਤਾਂ ਜਾਂ ਜਾਣ ਪਹਿਚਾਣ ਵਾਲਿਆਂ ਤੋਂ ਹੀ ਨਸ਼ੇ ਅਤੇ ਹੋਰ ਬੁਰੀਆਂ ਆਦਤਾਂ ਪੈ ਜਾਂਦੀਆਂ ਹਨ, ਇਸ ਲਈ ਮਾਪਿਆਂ ਨੂੰ ਅੱਲ੍ਹੜਾਂ ਦੀ ਹਰ ਸਰਗਰਮੀ 'ਤੇ ਧਿਆਨ ਦੇਣਾ ਚਾਹੀਦਾ ਹੈ। ਜੇ ਅੱਲ੍ਹੜ ਬੱਚਾ ਗੁੰਮਰਾਹ ਹੋ ਰਿਹਾ ਹੋਵੇ ਜਾਂ ਭਟਕ ਰਿਹਾ ਹੋਵੇ ਤਾਂ ਉਸ ਬੱਚੇ ਨਾਲ ਸਖ਼ਤੀ ਕਰਨ ਦੀ ਥਾਂ ਉਸ ਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ। ਜੇ ਅੱਲ੍ਹੜਪੁਣੇ ਵਿੱਚ ਹੀ ਬੱਚਿਆਂ ਨੂੰ ਨਸ਼ਾ ਅਤੇ ਹੋਰ ਬੁਰਾਈਆਂ ਦੇ ਨੁਕਸਾਨ ਬਾਰੇ ਜਾਣਕਾਰੀ ਦਿੱਤੀ ਜਾਵੇ ਤਾਂ ਉਹ ਨਸ਼ਾ ਅਤੇ ਹੋਰ ਬੁਰਾਈਆਂ ਤੋਂ ਦੂਰ ਰਹਿਣਗੇ। ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਅਤੇ ਨੌਜਵਾਨਾਂ ਨੂੰ ਨਸ਼ੇ ਤੋਂ ਬਚਾਉਣ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਅੱਲ੍ਹੜ ਉਮਰ ਦੇ ਬੱਚਿਆਂ ਨੂੰ ਸਹੀ ਸੇਧ ਦੇਣ।



# ਹੋਂਦ-ਹਸਤੀ ਦੀ ਸਦੀਵਤਾ ਦਾ ਸੰਕਲਪ



ਰਾਜਪਾਲ ਸਿੰਘ





ਇਹ ਦਿਸਦਾ ਸੰਸਾਰ ਸੁੰਦਰ ਵੀ ਹੈ, ਨਿਆਰਾ ਤੇ ਅਦਭੁਤ ਵੀ। ਕੁਦਰਤ ਦੀ ਇਸ ਸਿਰਜਨਾ ਦੇ ਵਾਰੇ ਵਾਰੇ ਜਾਣ ਨੂੰ ਦਿਲ ਕਰਦਾ ਹੈ। ਪਸ਼ੂ, ਪੰਛੀ, ਝੀਲਾਂ, ਦਰਿਆ, ਜੰਗਲ, ਨੀਲਾ ਆਸਮਾਨ ਮਨ ਨੂੰ ਐਨਾ ਮੋਂਹਦਾ ਹੈ ਕਿ ਕਲਾਵੇ ਵਿੱਚ ਭਰਨ ਨੂੰ ਦਿਲ ਕਰਦਾ ਹੈ। ਮੰਨਿਆ ਜਾਂਦਾ ਹੈ ਕਿ ਕੁਦਰਤ ਦੀ ਇਸ ਸਿਰਜੀ ਕਾਇਨਾਤ ਵਿੱਚ ਉਸਨੇ ਇਕ ਆਪਣੇ ਵਰਗਾ ਸਿਰਜਿਆ ਜਿਸ ਨੂੰ

ਮਾਨਵ ਕਿਹਾ ਅਤੇ ਇਸ ਸਿਰਜੇ ਸੰਸਾਰ ਦੀ ਕੁਲ ਸਰਦਾਰੀ ਉਸ ਦੇ ਹੱਥ ਇਸ ਕਰਕੇ ਫੜਾ ਦਿੱਤੀ ਕਿ ਇਸ ਦੀ ਸਾਂਭ ਸੰਭਾਲ ਉਹ ਆਪਣਾ ਰੂਪ ਮੰਨ ਕੇ ਕਰੇਗਾ। ਸੰਸਾਰ ਵਿੱਚ ਉਸਨੇ ਆਪਣੀ ਰਹਿਮਤ ਦਾ ਪ੍ਰਕਾਸ਼ ਕੀਤਾ ਜਿਸ ਨੂੰ ਧਰਮ ਕਿਹਾ ਗਿਆ ਤੇ ਧਰਮ ਦੇ ਇਸ ਧਰਤਿ-ਲੋਕਾਈ ਤੇ ਸਦੀਵੀ ਪ੍ਰਕਾਸ਼ ਲਈ ਉਸ ਦੇ ਪੈਗੰਬਰੀ ਅਜ਼ਮਤ ਦੇ ਮਾਧਿਅਮ ਰਾਹੀਂ ਆਪਣੀ ਬਾਣੀ ਨਾਜ਼ਲ ਕੀਤੀ ਤਾਂ ਜੋ ਮਾਨਵ ਇਸ ਦਾ ਅਜੱਪਾ-ਜਾਪ ਕਰਦਾ ਬਾਣੀ ਵਾਂਗ ਨਿਰਮਲ ਹੋ ਜਾਵੇ। ਉਹ ਸੱਚ ਦੇ ਮਾਰਗ ਦਾ ਪਾਂਧੀ ਬਣੇ ਤੇ ਇਸ ਧਰਤਿ ਤੋਂ ਪਾਪ, ਦੋਸ਼, ਪਾਖੰਡ, ਈਰਖਾ, ਵੈਰ ਦਾ ਸਦੀਵੀ ਨਾਸ ਕਰ ਕੁਲ ਬ੍ਰਹਿਮੰਡ ਵਿੱਚ ਸੱਚ ਦਾ ਰਾਜ ਸਥਾਪਤ ਕਰੇ। ਸੱਚ ਤੇ ਝੂਠ ਦੀ ਨਿਰਖ-ਪਰਖ ਲਈ ਅਸਮਾਨੋਂ ਉੱਤਰੇ ਬੋਲਿਆਂ ਵਿੱਚ ਖ਼ੂਬਸੂਰਤ ਮਾਰਗ ਦੱਸੇ ਗਏ ਤਾਂ ਜੋ ਭਟਕ ਜਾਣ ਦੀ ਸੰਭਾਵਨਾ ਹੀ ਪੈਦਾ ਨ ਹੋ ਸਕੇ। ਕੁਝ ਕਾਇਨਾਤ 'ਚ ਉਹ ਰੱਬ ਦੇ ਦੀਦਾਰ ਕਰਦਾ ਹੋਇਆ ਤੇਰੇ ਭਾਣੇ ਸਰਬੱਤ ਦਾ ਭਲਾ ਨੂੰ ਅੰਗੀਕਾਰ ਕਰ ਲਵੇ ਤੇ 'ਕੋਇ ਨ ਦੀਸੈ ਬਾਹਰਾ ਜੀਓ' ਉਸ ਦਾ ਸਲੋਗਨ ਬਣੇ।

ਮਨੁੱਖ ਇਸ ਸੱਚ ਦੇ ਰਸਤੇ ਤੋਂ ਮੁਨਕਰ ਹੋ ਕੁਮਾਰਗ ਦੇ ਰਸਤੇ 'ਤੇ ਕਿਉਂ ਤੇ ਕਦੋਂ ਪੈ ਗਿਆ ਇਸ ਨੂੰ ਦੱਸਣਾ ਸਹਿਜ ਨਹੀਂ ਹੈ ਪਰ ਸੱਚ ਇਹੀ ਹੈ। ਮਨੁੱਖ ਹੱਥੋਂ ਮਨੁੱਖ ਦਾ ਵਿਨਾਸ਼ ਇਸ ਸੰਸਾਰ ਦੇ ਚਿਹਰੇ ਤੇ ਬਦਨੁਮਾ ਦਾਗ ਬਣ ਚੁੱਕਾ ਹੈ। ਪਹਿਲੀ ਤੇ ਦੂਜੀ ਵੱਡੀ ਜੰਗ ਇਸ ਦੀਆਂ ਉਦਾਹਰਣਾਂ ਹਨ। ਰੂਸ ਤੇ ਯੂਕਰੇਨ ਤੇ ਇਜਰਾਈਲ ਤੇ ਹਮਾਸ ਦੇ ਚਲ ਰਹੇ ਯੁੱਧ ਮਨੁੱਖ ਦੇ ਭਟਕ ਜਾਣ ਵੱਲ ਇਸ਼ਾਰਾ ਕਰ ਰਹੇ ਹਨ। ਜੋ ਤਬਾਹੀ ਦੇ ਮਾਰਗ ਵੱਲ ਇਸ਼ਾਰਾ ਹੀ ਹਨ। ਮਨੁੱਖ ਆਪਣੇ ਵਿਨਾਸ਼ ਲਈ ਆਪਣੇ ਪੈਰ ਖੁਦ ਆਪ ਕੁਹਾੜਾ ਮਾਰ ਰਿਹਾ ਹੈ। ਇਹ ਉਸ ਦੀ ਅਗਿਆਨਤਾ ਹੈ ਜਾਂ ਉਸ ਦਾ ਪਾਗਲਪਣ ਜਾਂ ਉਸ ਦੀ ਚਲਾਕੀ ਇਹ ਤੇ ਆਉਣ ਵਾਲਾ ਸਮਾਂ ਹੀ ਦੱਸੇਗਾ।

ਆਧੁਨਿਕ ਗਿਆਨ, ਵਿਗਿਆਨ ਅਤੇ ਤਕਨੀਕ ਦੀ ਤਰੱਕੀ ਨਾਲ ਹੋਣਾ ਤੇ ਇਹ ਚਾਹੀਦਾ ਸੀ ਕਿ ਮਨੁੱਖ ਸੁਜੱਗ ਹੁੰਦਾ, ਉਹ ਸਹਿਜ ਵਿੱਚ ਉਤਰ ਜਾਂਦਾ, ਉਹ ਅੰਦਰੋਂ ਬਾਹਰੋਂ ਨਿਰਮਲ ਹੋ ਜਾਂਦਾ, ਉਹ ਸਰਬੱਤ ਦਾ ਭਲਾ ਲੋਚਦਾ ਪਰ ਇਸ ਦੀ ਤਰੱਕੀ ਨੇ ਮਨੁੱਖ ਦੀਆਂ ਲਾਲਸਾਵਾਂ ਨੂੰ ਵਧਾ ਉਸ ਨੂੰ ਵਿਨਾਸ਼ ਦੇ ਰਸਤੇ ਦਾ ਪਾਂਧੀ ਬਣਾ ਦਿੱਤਾ ਹੈ। ਉਹ ਲਾਲਚ ਲਈ ਆਪਣੀ ਧਰਤਿ, ਆਪਣੀ ਬੋਲੀ,

ਆਪਣੀ ਕੌਮ, ਆਪਣੇ ਨਿਵੇਕਲੇ ਸੱਭਿਆਚਾਰ ਦੀ ਮਾਣ ਮਰਯਾਦਾ ਨੂੰ ਭੁੱਲ ਛੋਟੀਆਂ-ਛੋਟੀਆਂ ਲਾਲਸਾਵਾਂ, ਛੋਟੇ ਛੋਟੇ ਰੁਤਬਿਆਂ ਦੀ ਹੋੜ ਵਿੱਚ ਲੱਗ ਆਪਣੀ ਵਿਰਾਸਤ ਵੱਲ ਵੀ ਪਿਠ ਕਰ ਸਕਦਾ ਹੈ ਇਹ ਸੱਚ ਮੁਚ ਹੀ ਸੋਚ ਤੋਂ ਪਰੇ ਦੀ ਗਲ ਹੈ।

ਉਦਾਹਰਣ ਲਈ ਸਿੱਖ ਧਰਮ ਦੀ ਵੱਖਰੀ ਪਹਿਚਾਣ ਦੇ ਪ੍ਰਸ਼ਨ ਤੇ ਹੋਏ ਹਮਲਿਆਂ ਰਾਹੀਂ ਉਪਰੋਕਤ ਗੱਲ ਨੂੰ ਸਮਝਿਆ ਵੀ ਜਾ ਸਕਦਾ ਹੈ ਤੇ ਸਮਝਾਇਆ ਵੀ। ਬਹੁਤ ਹੀ ਯੋਜਨਾ-ਬੱਧ ਢੰਗ ਨਾਲ ਬਹੁਤ ਲੰਮਾ ਸਮਾਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਤੇ ਪ੍ਰਸ਼ਨ ਖੜੇ ਕਰਨ ਦਾ ਸਿਲਸਿਲਾ ਇਸਾਈ ਪ੍ਰਚਾਰਕਾਂ ਨੇ ਸ਼ੁਰੂ ਕੀਤਾ ਸੀ ਜਿਸ ਵਿੱਚ ਪਹਿਲ ਕਦਮੀਂ ਅਰਨੈਸਟ ਟਰੰਪ

ਨੇ ਕੀਤੀ ਸੀ। ਉਸ ਤੋਂ ਬਾਅਦ ਟਰੰਪੀਅਨ ਸਕੂਲ ਦੇ ਉਪਾਸਕ ਡਾ. ਮੈਕਲੋਡ ਨੇ ਇਸ ਨੂੰ ਅੱਗੇ ਵਧਾਇਆ ਜਿਸ ਵਿੱਚ ਆਪਣਿਆਂ ਵੱਲੋਂ (ਮੈਕਲੋਡ ਦੇ ਸਿੱਖ ਚੇਲੇ) ਪਾਏ ਯੋਗਦਾਨ ਨੂੰ ਵੀ ਭੁੱਲਿਆ ਨਹੀਂ ਜਾ ਸਕਦਾ। ਇੰਨਾਂ ਵਧੀਕੀਆਂ ਦਾ ਉੱਤਰ ਸਿੱਖ ਵਿਦਵਾਨਾਂ ਵੱਲ ਦੇ ਮੈਕਲੋਡ ਦੀ ਤਿੱਕੜੀ ਦੇ ਮਨਸੂਬੇ ਨੇਸਤੋ-ਨਾਬੂਦ ਕਰ ਦਿੱਤੇ। ਮੈਕਲੋਡ ਭਰਮ ਦੇ ਪਹਾੜ ਖੜੇ ਕਰਦਾ ਇਸ ਫਾਨੀ ਸੰਸਾਰ ਨੂੰ ਵਿਦਾ ਕਹਿ ਟ੍ਰੰਪ ਵਾਂਗ ਸਦੀਵੀ ਕਬਰ ਦਾ ਹਿੱਸਾ ਹੋ ਗਿਆ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਦੀਵੀ ਪ੍ਰਸੰਗਕਤਾ ਅੱਜ ਵੀ ਕਾਇਮ ਹੈ ਤੇ ਅੱਗੇ

ਵੀ ਰਹਿਣੀ ਹੈ ਜਦ ਤੱਕ ਇਹ ਦਿਸਦਾ ਸੰਸਾਰ ਹੈ।

ਸਾਡੇ ਸਮਕਾਲ ਵਿੱਚ ਕੁਝ ਲੋਕਾਂ ਨੇ ਇੰਨਾਂ ਪੁਰਾਣੇ ਹੱਥ ਕੰਡਿਆਂ ਤੋਂ ਸਬਕ ਨਹੀਂ ਸਿਖਿਆ। ਥੋੜੀ ਜਿਹੀ ਚੁੱਪ ਤੋਂ ਬਾਅਦ ਫਿਰ ਕੋਈ ਨਵਾਂ ਇਹੋ ਜਿਹਾ ਸਵਾਲ ਕੱਢ ਲਿਆ ਜਾਂਦਾ ਹੈ ਜਿਹੜਾ ਧਰਮਾਂ, ਸੱਭਿਆਚਾਰਾਂ ਅਤੇ ਕੌਮਾਂ ਦੀ ਵਿਲੱਖਣਤਾ ਨੂੰ ਇੱਕ ਰੰਗ ਵਿੱਚ ਤਬਦੀਲ ਕਰਨ ਲਈ ਯਤਨਸ਼ੀਲ ਹੋ ਜਾਂਦਾ ਹੈ। ਕੈਨੇਡਾ ਦੀ ਧਰਤਿ 'ਤੇ ਸਾਊਥ ਏਸ਼ੀਅਨ ਕਮਿਊਨਟੀਜ਼ ਦੇ ਨਾਮ ਥੱਲੇ ਵੱਖ-ਵੱਖ ਨਿਵੇਕਲੀਆਂ ਕੌਮਾਂ ਸੱਭਿਆਚਾਰਾਂ ਤੇ ਧਰਮਾਂ ਨੂੰ ਟਾਰਗੇਟ ਕਰਨ ਦੀ ਕੋਸ਼ਿਸ਼ਾਂ ਜਾਰੀ ਹਨ। ਇਹ ਭੁੱਲ ਕੇ ਕਿ ਸੈਂਕੜੇ ਸਾਲਾਂ ਤੋਂ ਮਨੁੱਖ ਹਿਜਰਤ ਕਰ ਆਪਣੀ ਬਿਹਤਰ ਜ਼ਿੰਦਗੀ ਜਿਊਣ ਲਈ ਜਦ ਕਿਸੇ ਹੋਰ ਦੇਸ਼ ਦਾ ਬਾਸ਼ਿੰਦਾ ਬਣਦਾ ਹੈ ਤਾਂ ਉਹ ਆਪਣੀ ਵਿਲੱਖਣ ਪਹਿਚਾਣ ਦੇ ਚਿੰਨ ਨਾਲ ਲੈ ਕੇ ਆਉਂਦਾ ਹੈ ਜੋ ਉਸ ਦੀ ਰੂਹ ਵਿੱਚ ਅੰਕਿਤ ਹੋਏ ਹੁੰਦੇ ਹਨ। ਉਨ੍ਹਾਂ ਦਾ ਧਿਆਨ ਧਰ ਉਹ ਆਪਣੀ ਦਿਨ-ਚਰੀਯਾ ਸ਼ੁਰੂ ਕਰਦਾ ਹੈ ਤੇ ਸ਼ਾਮ ਨੂੰ ਉਨ੍ਹਾਂ ਦਾ ਧਿਆਨ ਧਰ ਉਹ ਨੀਂਦਰ ਅਵਸਥਾ ਵਿੱਚ ਜਾਂਦਾ ਹੈ।

ਉਹ ਆਪਣੇ ਨਿਤ ਦੇ ਕੰਮਕਾਜ ਤੋਂ ਐਨੀ ਕੁ ਵਿਹਲ ਆਪਣੀਆਂ ਆਉਣ ਵਾਲੀਆਂ ਨਸਲਾਂ ਲਈ ਜਰੂਰ ਕੱਢਦਾ ਹੈ ਕਿ ਕਿਤੇ ਉਹ ਕੁਮਾਰਗ ਦੇ ਰਾਹ ਪੈ ਆਪਣਾ ਪਿਛੋਕੜ ਹੀ ਨਾ ਭੁੱਲ ਜਾਣ। ਇਹ ਪਰੰਪਰਾ ਹਿੰਦੂ, ਬੋਧੀ, ਜੈਨੀ, ਮੁਸਲਮ, ਸਿਨਹਾਲੀ, ਤਾਮਿਲ, ਈਸਾਈ ਯਹੂਦੀਆਂ ਵਿੱਚ ਆਪਾਂ ਸਾਰੇ ਵੇਖਦੇ ਵੀ ਹਾਂ ਤੇ ਉਸ ਤੋਂ ਜਾਣੂ ਵੀ। ਬੇਸ਼ੱਕ ਅਸੀਂ ਸਾਰੇ ਇਕ ਦੂਜੇ ਦੇ ਦੁਖ-ਸੁਖ ਵਿੱਚ ਹਾਜ਼ਰ ਹੋ ਮਨੁੱਖ ਹੋਣ ਦਾ ਸਬੂਤ ਵੀ ਦਿੰਦੇ ਹਾਂ ਪਰ ਆਪਣੀ ਨਿਵੇਕਲੀ ਪਹਿਚਾਣ ਨੂੰ ਕਦੇ ਰਲਗੱਡ ਨਹੀਂ ਕਰਦੇ। ਇਹ ਕੌਮਾਂ ਦਾ ਮਾਣ ਵੀ ਹੈ ਤੇ ਵਡੇਰਿਆਂ ਵੱਲੋਂ ਨਿਰਧਾਰਤ ਕੀਤੀ ਮਰਯਾਦਾ ਵੀ ਕਿਉਂਕਿ ਉਹ ਜਾਣਦੇ ਹਨ ਕੌਮ ਤੇ ਧਰਮਾਂ ਦੀ ਸਦੀਵਤਾ ਤੇ ਆਉਣ ਵਾਲੀਆਂ ਨਸਲਾਂ ਅੰਦਰ ਆਪਣੀ ਵੱਖਰੀ ਹੋਂਦ-ਹਸਤੀ ਤੇ ਅਹਿਸਾਸ ਨੂੰ ਜਗਮਗ ਰੱਖਣ ਲਈ ਇਹ ਅਤਿ ਜ਼ਰੂਰੀ ਹੈ।

ਸਾਊਥ ਏਸ਼ੀਅਨ ਕਮਿਊਨਟੀਜ ਦਾ ਪੱਖ ਉਭਾਰਨ ਵਾਲੇ ਇਸ ਗੱਲ ਤੋਂ ਸ਼ਾਇਦ ਅਣਜਾਣ ਹਨ। ਭਲਾ ਸਿਨਹਾਲੀ ਤੇ ਤਾਮਿਲ, ਮੀਆਂਮਾਰ ਦੇ ਬੋਧੀ ਤੇ ਮੁਸਲਮ ਭਾਰਤ ਪਾਕਿਸਤਾਨ ਵਿਚਲੀ ਖਿੱਚੋਤਾਣ ਭਲਾ ਕਦੇ ਇਕ ਪਲੇਟਫਾਰਮ ਤੇ ਇਕੱਠੇ ਹੋਣ ਦੇਵੇਂਗੀ। ਸਾਡੇ ਲਈ ਸਾਰੀਆਂ ਕੌਮਾਂ, ਭਾਸ਼ਾਵਾਂ ਤੇ ਧਰਮਾਂ ਦੀ ਵੱਖਰੀ ਪਹਿਚਾਣ ਦੇ ਪਵਿੱਤਰ ਸਿਧਾਂਤ ਦੀ ਤਨਦੇਹੀ ਨਾਲ ਪਾਲਣਾ ਕਰ ਉਨ੍ਹਾਂ ਦੀ ਸਦੀਵੀ ਹੋਂਦ ਹਸਤੀ ਲਈ ਕਾਰਜਸ਼ੀਲ ਰਹਿਣਾ ਚਾਹੀਦਾ ਹੈ। ਧਿਆਨ ਰਹੇ ਕਿ ਅਜਿਹਾ ਮਾਰੂ ਸੰਕਲਪ ਸਾਊਥ ਏਸ਼ੀਅਨ ਕਮਿਊਨਟੀਜ਼ ਦੇ ਬਹੁ-ਵਚਨੀ ਪਾਸਾਰ ਤੋਂ ਸਾਊਥ ਏਸ਼ੀਅਨ ਕਮਿਊਨਟੀ ਦੇ ਇੱਕ ਵਚਨੀ ਰੂਪ ਦਾ ਧਾਰਨੀ ਤੋਂ ਵਿਲੱਖਣ ਹੋਂਦ ਹਸਤੀ ਦਾ ਨਾਮੋਂ ਨਿਸ਼ਾਨ ਹੀ ਮਿਟਾ ਦੇਵੇ। ਸਾਡੀ ਆਉਣ ਵਾਲੀਆਂ ਨਸਲਾਂ ਇਹ ਭੁੱਲ ਹੀ ਜਾਣ ਕਿ ਉਹ ਹਿੰਦੂ ਹਨ, ਸਿੱਖ ਹਨ, ਬੋਧੀ ਹਨ, ਜੈਨੀ ਹਨ, ਮੁਸਲਮ ਹਨ ਜਾਂ ਸਿਨਹਾਲੀ ਹਨ। ਉਹ ਕੇਵਲ ਸਾਊਥ ਏਸ਼ੀਅਨ ਕਮਿਊਨਟੀ ਹੋ ਜਾਣ। ਬਿਹਤਰ ਰਹੇਗਾ ਇਸ ਸੰਕਲਪ ਦੀ ਬਦਨੀਤੀ ਨੂੰ ਨੰਗਿਆ ਕੀਤਾ ਜਾਵੇ ਤੇ ਮਾਰੂ ਨਤੀਜਿਆਂ ਤੋਂ ਬਚਿਆ ਜਾਵੇ। ਆਉਣ ਵਾਲਾ ਸਮੇਂ ਵਿੱਚ ਪਹਿਲਾਂ ਹੀ ਹੋਂਦ-ਹਸਤੀ ਦੀ ਸਦੀਵਤਾ 'ਤੇ ਪ੍ਰਸ਼ਨ ਖੜੇ ਹੋਣ ਦੀ ਸੰਭਾਵਨਾ ਹਨ। ਉਨ੍ਹਾਂ ਸੰਭਾਵਨਾਵਾਂ ਦੇ ਰੂਪ ਵਿੱਚ ਹੀ ਇਸ ਸੰਕਲਪ ਨੂੰ ਵੇਖਣਾ ਚਾਹੀਦਾ ਹੈ। ਸਾਰੀਆਂ ਕੌਮਾਂ ਨੂੰ ਸਿਰਜੋੜ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ।





# ਰੇਗਿਸਤਾਨ ਵਿੱਚ ਬਣਿਆ ਬਰਸਾਤੀ ਪਾਣੀ ਦਾ ਛੱਪੜ !

## ਬਰਸਾਤੀ ਪਾਣੀ ਦੀ ਸੰਭਾਲ ਲਈ ਰਾਜਸਥਾਨ ਤੋਂ ਸੇਧ ਲਵੇ ਪੰਜਾਬ

## ਪੰਜਾਬ ਦੇ ਹਰ ਪਿੰਡ 'ਚ ਬਣਾਏ ਜਾਣ ਛੱਪੜ

ਪੰਜ ਦਰਿਆਵਾਂ ਦੀ ਧਰਤੀ ਕਹੇ ਜਾਂਦੇ ਪੰਜਾਬ ਵਿੱਚ ਬਰਸਾਤਾਂ ਦੌਰਾਨ ਹੜ੍ਹ ਆ ਜਾਂਦੇ ਹਨ ਅਤੇ ਹੜ੍ਹਾਂ ਦਾ ਪਾਣੀ ਪੰਜਾਬ ਵਿੱਚ ਬਹੁਤ ਨੁਕਸਾਨ ਕਰਦਾ ਹੈ, ਦੂਜੇ ਪਾਸੇ ਬਰਸਾਤਾਂ ਵਾਲੇ ਮਹੀਨਿਆਂ ਤੋਂ ਬਿਨਾਂ ਹੋਰਨਾਂ ਮਹੀਨਿਆਂ ਦੌਰਾਨ ਪੰਜਾਬ ਵਿੱਚ ਪਾਣੀ ਦੀ ਘਾਟ ਰਹਿੰਦੀ ਹੈ ਅਤੇ ਅਕਸਰ ਸੋਕਾ ਪੈਣ ਵਾਲੇ ਹਾਲਾਤ ਬਣ ਜਾਂਦੇ ਹਨ। ਇਹ ਦੋਵੇਂ ਗੱਲਾਂ ਭਾਵੇਂ ਆਪਾ ਵਿਰੋਧੀ ਹਨ ਪਰ ਪੰਜਾਬ ਵਿੱਚ ਅਜਿਹਾ ਹੀ ਹੋ ਰਿਹਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਪੰਜਾਬ ਵਿੱਚ ਬਰਸਾਤੀ ਪਾਣੀ ਦੀ ਸੰਭਾਲ ਲਈ ਯੋਗ ਪ੍ਰਬੰਧਾਂ ਦੀ ਵੱਡੀ ਘਾਟ ਹੈ। ਇੱਕ ਸਮਾਂ ਅਜਿਹਾ ਵੀ ਹੁੰਦਾ ਸੀ ਕਿ ਪੰਜਾਬ ਦੇ ਹਰ ਪਿੰਡ ਵਿੱਚ ਕਈ- ਕਈ ਛੱਪੜ, ਟੋਭੇ, ਤਾਲਾਬ ਅਤੇ ਢਾਬਾਂ ਹੁੰਦੀਆਂ ਸਨ ਪਰ ਸਮਾਂ ਬੀਤਣ ਦੇ ਨਾਲ ਪੰਜਾਬ ਵਿੱਚੋਂ ਛੱਪੜ, ਟੋਭੇ, ਤਾਲਾਬ ਅਤੇ ਢਾਬਾਂ ਅਲੋਪ ਹੋ ਗਏ, ਜਿਸ ਕਾਰਨ ਹੁਣ ਬਰਸਾਤੀ ਪਾਣੀ ਹਰ ਸਾਲ ਹੜ੍ਹ ਲਿਆ ਦਿੰਦਾ ਹੈ ਅਤੇ ਪੰਜਾਬ ਅਤੇ ਪੰਜਾਬੀਆਂ ਦਾ ਭਾਰੀ ਨੁਕਸਾਨ ਹੁੰਦਾ ਹੈ। ਦੂਜੇ ਪਾਸੇ ਪੰਜਾਬ ਦੇ ਗੁਆਂਢੀ ਸੂਬੇ ਰਾਜਸਥਾਨ ਵਿੱਚ ਘੱਟ ਬਰਸਾਤ ਪੈਣ ਦੇ ਬਾਵਜੂਦ ਉਥੋਂ ਦੇ ਵਸਨੀਕਾਂ ਨੇ ਤਾਲਾਬ ਬਣਾ ਕੇ ਬਰਸਾਤੀ ਪਾਣੀ ਦੀ ਸੰਭਾਲ ਕੀਤੀ ਜਾ ਰਹੀ ਹੈ।

ਰਾਜਸਥਾਨ ਦਾ ਨਾਗੌਰ ਜ਼ਿਲ੍ਹਾ ਅਰਾਵਲੀ ਪਰਬਤ ਲੜੀ ਦੇ ਪੱਛਮ ਵੱਲ ਹੈ। 'ਰੋਲ' ਇਸ ਜ਼ਿਲ੍ਹੇ ਦਾ ਇੱਕ ਛੋਟਾ ਜਿਹਾ ਪਿੰਡ ਹੈ। ਇਸ ਪਿੰਡ ਦਾ ਛੱਪੜ ਬਹੁਤ ਪੁਰਾਣਾ ਹੈ। ਕਿਹਾ ਜਾਂਦਾ ਹੈ ਕਿ ਇਹ ਛੱਪੜ ਕਿਸੇ ਵਣਜਾਰੇ /ਖਾਨਾਬਦੋਸ਼ ਨੇ ਬਣਵਾਇਆ ਸੀ। ਇਹ ਖਾਨਾਬਦੋਸ਼ ਸੈਂਕੜੇ ਪਸ਼ੂ ਪਾਲਦੇ ਸਨ। ਉਹ ਇੱਕ ਥਾਂ ਤੋਂ ਦੂਜੀ ਥਾਂ ਜਾਂਦੇ ਰਹਿੰਦੇ ਸਨ। ਜੇਕਰ ਉਹਨਾਂ ਦੇ ਰੁਕਣ/ਡੇਰਾ ਲਗਾਉਣ ਵਾਲੀ ਥਾਂ 'ਤੇ ਪਾਣੀ ਲਈ ਛੱਪੜ ਨਹੀਂ ਹੁੰਦੇ ਸਨ ਤਾਂ ਉਹ ਛੱਪੜ ਬਣਾਉਂਦੇ ਸਨ। ਪਿੰਡ ਵਾਸੀਆਂ ਅਨੁਸਾਰ ਖਾਨਾਬਦੋਸ਼ਾਂ ਨੇ ਵੀ ਆਪਣੇ ਪਸ਼ੂਆਂ ਨਾਲ ਇੱਥੇ ਡੇਰੇ ਲਾਏ ਹੋਏ ਸਨ ਪਰ ਪੀਣ ਵਾਲਾ ਪਾਣੀ ਨਹੀਂ ਸੀ। ਉਹ ਇੱਕ ਪੀਰ ਕੋਲ ਪਹੁੰਚੇ ਜਿਨ੍ਹਾਂ ਨੇ ਉਨ੍ਹਾਂ ਨੂੰ ਪਿੱਤਲ ਦਾ ਇੱਕ ਕਟੋਰਾ ਦਿੱਤਾ ਜਿਸ ਨਾਲ ਖਾਨਾਬਦੋਸ਼ ਨੇ ਮਿੱਟੀ ਪੁੱਟੀ ਤਾਂ ਪਾਣੀ ਨਿਕਲਿਆ। ਇਸ ਤਰ੍ਹਾਂ ਵਣਜਾਰਿਆਂ ਨੇ ਇੱਕ ਛੱਪੜ ਪੁੱਟਿਆ ਜੋ ਅੱਜ ਵੀ ਕੰਢੇ ਤੱਕ ਭਰਿਆ ਰਹਿੰਦਾ ਹੈ। ਇਸ ਛੱਪੜ ਦਾ



ਨਾਂ 'ਕਾਂਸੋਲਾਬ' ਪਿਆ ਕਿਉਂਕਿ ਇਸ ਨੂੰ ਕਾਂਸੀ ਦੇ ਕਟੋਰੇ ਨਾਲ ਪੁੱਟਿਆ ਗਿਆ ਸੀ। ਰਾਜਸਥਾਨ ਅਤੇ ਦੇਸ਼ ਦੇ ਕਈ ਹੋਰ ਹਿੱਸਿਆਂ ਵਿੱਚ, ਵਣਜਾਰਿਆਂ ਵੱਲੋਂ ਪੁੱਟੇ ਗਏ ਤਾਲਾਬਾਂ ਦੀ ਇੱਕ ਵੱਡੀ ਗਿਣਤੀ ਮਿਲੇਗੀ।

ਰੇਗਿਸਤਾਨ ਦਾ ਇਹ ਇਲਾਕਾ ਸਭ ਤੋਂ ਘੱਟ ਬਰਸਾਤ ਵਾਲੇ ਖੇਤਰਾਂ ਵਿੱਚੋਂ ਇੱਕ ਹੈ ਪਰ ਪਿੰਡ ਦੇ ਸਮਾਜ ਨੇ ਬਰਸਾਤ ਦੀ ਹਰ ਬੂੰਦ ਨੂੰ ਬਚਾਇਆ ਅਤੇ ਪਾਣੀ ਦੇ ਸੰਕਟ ਨੂੰ ਵੱਡਾ ਨਹੀਂ ਹੋਣ ਦਿੱਤਾ। ਇੱਥੋਂ ਦੇ ਲੋਕਾਂ ਨੇ ਮੀਂਹ ਦੀਆਂ ਬੂੰਦਾਂ ਨੂੰ ਸੰਭਾਲ ਕੇ ਜਿਉਣਾ ਸਿੱਖਿਆ ਹੈ ਜੋ ਕਿ ਉਨ੍ਹਾਂ ਦੀਆਂ ਪਰੰਪਰਾਵਾਂ ਵਿੱਚ ਝਲਕਦਾ ਹੈ। ਇਸ ਇਲਾਕੇ ਵਿੱਚ ਪਾਣੀ 'ਤੇ ਲੋਕ ਗੀਤ ਹਨ, ਪਾਣੀ ਨੂੰ ਬਚਾਉਣ ਲਈ ਬਹੁਤ ਸਾਰੇ ਰਵਾਇਤੀ ਢਾਂਚੇ ਵੀ ਹਨ। ਲੋਕਾਂ ਨੇ ਨਾ ਸਿਰਫ਼ ਆਪਣੀ ਮਿਹਨਤ, ਹੁਨਰ ਅਤੇ ਤਜ਼ਰਬੇ ਨਾਲ ਇਹ ਸਭ ਕੁਝ ਬਣਾਇਆ ਹੈ, ਸਗੋਂ ਸਾਲਾਂ ਤੱਕ ਇਸ ਨੂੰ ਸੰਭਾਲ ਕੇ ਰੱਖਿਆ ਹੈ ਅਤੇ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਾਇਆ ਹੈ। ਇਹ ਪੂਰੀ ਪੱਟੀ ਖਾਰੇ ਪਾਣੀ ਦੀ ਹੈ। ਧਰਤੀ ਹੇਠਲਾ ਪਾਣੀ ਖਾਰਾ ਹੋਣ ਕਾਰਨ ਪਾਣੀ ਬਹੁਤ ਡੂੰਘਾਈ ਤੱਕ ਪਾਇਆ ਜਾਂਦਾ ਹੈ ਅਤੇ ਕੱਢਣਾ ਬਹੁਤ ਮਹਿੰਗਾ ਹੈ। ਇਸ ਦੇ ਬਾਵਜੂਦ ਲੋਕਾਂ ਨੇ ਨਦੀ, ਤਾਲਾਬ, ਤਲਾਈ, ਬੰਨ੍ਹ, ਛੱਪੜ, ਝੀਲ ਆਦਿ ਜਲ ਸਰੋਤਾਂ ਨੂੰ ਸੁਰੱਖਿਅਤ ਰੱਖਿਆ ਹੋਇਆ ਹੈ।

ਪੱਛਮੀ ਰਾਜਸਥਾਨ ਦੇ ਤਿੰਨ ਜ਼ਿਲ੍ਹਿਆਂ ਬਾੜਮੇਰ, ਨਾਗੌਰ ਅਤੇ ਜੋਧਪੁਰ ਦੇ ਕਈ ਪਿੰਡਾਂ ਵਿੱਚ ਸੌ ਤੋਂ ਹਜ਼ਾਰ ਸਾਲ ਪੁਰਾਣੇ ਤਾਲਾਬ ਹਨ। ਇਨ੍ਹਾਂ ਛੱਪੜਾਂ ਦੀ ਸਾਂਭ-ਸੰਭਾਲ ਪਿੰਡ ਦੇ ਲੋਕ ਕਰਦੇ ਹਨ।

ਮੰਗੀਲਾਲ ਦੱਸਦੇ ਹਨ ਕਿ ਛੱਪੜ ਦਾ ਰਕਬਾ 500 ਵਿੱਘੇ ਹੈ। ਇਸ ਦੀ ਡੂੰਘਾਈ 24 ਫੁੱਟ ਅਤੇ ਭਰਾਈ 20 ਵਿੱਘੇ ਹੈ। ਆਗੌਰ ਇਲਾਕਾ ਅਜੇ ਵੀ ਨਾਜਾਇਜ਼ ਕਬਜ਼ੇ ਮੁਕਤ ਹੈ। ਜੇਕਰ ਕੋਈ ਨਾਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਪਿੰਡ ਦਾ ਮੁਖੀ ਉਸ ਨੂੰ ਰੋਕਦਾ ਹੈ। ਪੰਚਾਇਤ ਨੇ ਕਬਜ਼ਿਆਂ ਨੂੰ ਰੋਕਣ ਲਈ ਕਈ ਥਾਵਾਂ 'ਤੇ ਕੰਡਿਆਲੀ ਤਾਰ ਲਗਾਈ ਹੈ, ਖਾਈ ਪੁੱਟੀ ਹੈ ਅਤੇ ਪੈਲੀਸਾਡ ਬਣਾ ਦਿੱਤਾ ਹੈ। ਇਨ੍ਹਾਂ ਪ੍ਰਣਾਲੀਆਂ ਵਿੱਚ ਸੁਧਾਰ ਦਾ ਮੁੱਖ ਕਾਰਨ ਇਹ ਹੈ ਕਿ ਆਲੇ-ਦੁਆਲੇ ਦੇ ਖੇਤਰਾਂ ਵਿੱਚ ਪਾਣੀ ਦਾ ਸੰਕਟ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਇੱਥੋਂ 15-20 ਪਿੰਡ ਪਾਣੀ ਲੈਂਦੇ ਹਨ। 15 ਸਾਲ ਪਹਿਲਾਂ ਛੱਪੜ ਵਿੱਚੋਂ ਪਾਣੀ ਕੱਢ ਕੇ ਮਿੱਟੀ ਕੱਢੀ ਜਾਂਦੀ ਸੀ ਜਿਸ ਨੂੰ ਲੋਕ ਫਿਰ ਖੇਤਾਂ ਵਿੱਚ ਪਾ ਦਿੰਦੇ ਸਨ। ਇਹ ਮਿੱਟੀ ਬਹੁਤ ਉਪਜਾਊ ਮੰਨੀ ਜਾਂਦੀ ਹੈ।

ਇਸ ਛੱਪੜ ਵਿੱਚ ਸਾਰਾ ਸਾਲ ਪਾਣੀ ਰਹਿੰਦਾ ਹੈ ਕਿਉਂਕਿ ਇਸ ਦੇ ਤਲ 'ਤੇ ਲਾਲ ਮਿੱਟੀ ਹੁੰਦੀ ਹੈ, ਜੋ ਸੀਮਿੰਟ ਵਾਂਗ ਪਾਣੀ ਨੂੰ ਰੋਕ ਕੇ ਰੱਖਦੀ ਹੈ। ਪਹਿਲਾਂ ਛੱਪੜ ਨੂੰ ਡੂੰਘਾ ਕਰਨ ਦਾ ਕੰਮ ਕੀਤਾ ਗਿਆ ਸੀ। ਪੰਚਾਇਤ ਵਿੱਚ ਛੱਪੜ ਦੀ ਸਫ਼ਾਈ ਅਤੇ ਸੁੰਦਰੀਕਰਨ ਲਈ ਮਤਾ ਪਾਸ ਕੀਤਾ ਗਿਆ ਅਤੇ ਨਿਯਮ-ਕਾਨੂੰਨ ਬਣਾਏ ਗਏ।

### ਪੰਜਾਬ 'ਚ ਬਰਸਾਤੀ ਪਾਣੀ ਦੀ ਹੋਵੇ ਸੰਭਾਲ

ਜੇ ਹੁਣ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇੱਕ ਸਮਾਂ ਅਜਿਹਾ ਵੀ ਸੀ ਕਿ ਪੰਜਾਬ ਦੇ ਕਰੀਬ ਸਾਰੇ ਹੀ ਪਿੰਡਾਂ ਵਿੱਚ ਕਈ- ਕਈ ਛੱਪੜ ਹੁੰਦੇ ਸਨ ਪਰ ਇਹ ਛੱਪੜ ਹੋਲੀ ਹੋਲੀ ਅਲੋਪ ਹੁੰਦੇ ਗਏ। ਕਈ ਪਿੰਡਾਂ ਵਿੱਚ ਤਾਂ ਛੱਪੜਾਂ 'ਤੇ ਨਾਜਾਇਜ਼ ਕਬਜ਼ੇ ਹੋ ਗਏ ਅਤੇ ਕਈ ਛੱਪੜਾਂ ਨੂੰ ਭਰ ਕੇ ਉਸ ਉੱਪਰ ਸਕੂਲ ਜਾਂ ਖੇਡ ਮੈਦਾਨ ਬਣਾ ਦਿੱਤੇ ਗਏ। ਜਿਸ ਕਾਰਨ ਪੰਜਾਬ ਵਿੱਚ ਛੱਪੜਾਂ ਰਾਹੀਂ ਹੁੰਦੀ ਬਰਸਾਤੀ ਪਾਣੀ ਦੀ ਸੰਭਾਲ ਰੁਕ ਗਈ ਤੇ ਬਰਸਾਤਾਂ ਵੇਲੇ ਬਰਸਾਤੀ ਪਾਣੀ ਹੜ੍ਹਾਂ ਦੇ ਰੂਪ ਵਿੱਚ ਪੰਜਾਬੀਆਂ ਨੂੰ ਢਾਹ ਲਾਉਣ ਲੱਗ ਪਿਆ। ਪੰਜਾਬ ਵਿੱਚ ਪਿਛਲੇ ਮਹੀਨਿਆਂ ਦੌਰਾਨ ਆਏ ਹੜ੍ਹਾਂ ਮੌਕੇ ਵੀ ਬਰਸਾਤੀ ਪਾਣੀ ਦੀ ਸੰਭਾਲ ਲਈ ਛੱਪੜ ਹੋਣ ਦਾ ਮਾਮਲਾ ਉਠਿਆ। ਭਾਵੇਂ ਕਿ ਪੰਜਾਬ ਦੀ ਮੌਜੂਦਾ ਸਰਕਾਰ ਵੱਲੋਂ ਪਿੰਡਾਂ ਵਿੱਚ ਮੁੜ ਛੱਪੜ ਬਣਾਉਣ ਲਈ ਦਾਅਵੇ ਕੀਤੇ ਗਏ ਪਰ ਅਜੇ ਵੀ ਪੰਜਾਬ ਦੇ ਸਾਰੇ ਪਿੰਡਾਂ ਵਿੱਚ ਬਰਸਾਤੀ ਪਾਣੀ ਦੀ ਸੰਭਾਲ ਲਈ ਵੱਡੇ ਛੱਪੜ ਬਣਾਉਣ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਜੇ ਪੰਜਾਬ ਦੇ ਸਾਰੇ ਪਿੰਡਾਂ ਵਿੱਚ ਮੁੜ ਛੱਪੜ ਪੁੱਟ ਦਿੱਤੇ ਜਾਣ ਤਾਂ ਹੜ੍ਹਾਂ ਦਾ ਪਾਣੀ ਇਹਨਾਂ ਛੱਪੜਾਂ ਵਿੱਚ ਸਮਾ ਸਕਦਾ ਹੈ ਅਤੇ ਛੱਪੜਾਂ ਰਾਹੀਂ ਸਾਰਾ ਸਾਲ ਪਾਣੀ ਧਰਤੀ ਹੇਠਾਂ ਰਿਸਦਾ ਰਹਿੰਦਾ ਹੈ, ਜਿਸ ਕਾਰਨ ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਉੱਪਰ ਆ ਸਕਦਾ ਹੈ। ਪੰਜਾਬ ਦੇ ਹਰ ਪਿੰਡ ਵਿੱਚ ਛੱਪੜ ਬਣਾਉਣ ਅਤੇ ਬਰਸਾਤੀ ਪਾਣੀ ਦੀ ਸੰਭਾਲ ਕਰਨ ਲਈ ਪੰਜਾਬ ਦੇ ਲੋਕਾਂ ਨੂੰ ਖੁਦ ਪਹਿਲ ਕਰਨੀ ਪਵੇਗੀ ਤਾਂ ਹੀ ਪੰਜਾਬ ਵਿੱਚੋਂ ਪਾਣੀ ਦਾ ਸੰਕਟ ਅਤੇ ਹੜ੍ਹਾਂ ਦੀ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ। ਪੰਜਾਬ ਵਿੱਚ ਛੱਪੜ ਬਣਾਉਣ ਲਈ ਰਾਜਸਥਾਨ ਤੋਂ ਸੇਧ ਲਈ ਜਾ ਸਕਦੀ ਹੈ। ਪੰਜਾਬ ਵਿੱਚ ਪਾਣੀ ਦੇ ਕੁਦਰਤੀ ਅਤੇ ਗੈਰ ਕੁਦਰਤੀ ਸੋਮਿਆਂ ਦੀ ਪੂਰੀ ਤਰਾਂ ਸਾਂਭ ਸੰਭਾਲ ਕੀਤੀ ਜਾਣੀ ਚਾਹੀਦੀ ਹੈ।



# ਪੰਜਾਬ ਦੇ ਨਸ਼ੇੜੀਆਂ ਦੀਆਂ ਡਰਾਵਣੀਆਂ ਤੇ ਤਰਸਯੋਗ ਸੱਚੀਆਂ ਕਥਾਵਾਂ



ਮੋਹਨ ਸ਼ਰਮਾ



ਪੰਜਾਬ ਦਾ ਦੁਖਾਂਤਮਈ ਪੱਖ ਇਹ ਹੈ ਕਿ ਨਸ਼ਿਆਂ ਕਾਰਨ ਬਹੁਤ ਸਾਰੇ ਜਿਮੀਂਦਾਰ, ਸਨਅਤਕਾਰ, ਵਿਉਪਾਰੀ ਅਤੇ ਮਜ਼ਦੂਰ ਵਰਗ ਨਾਲ ਸਬੰਧਤ ਘਰਾਂ ਦੇ ਚੁੱਲ੍ਹੇ ਠੰਢੇ ਹੋ ਗਏ ਹਨ। ਸੈਂਕੜੇ ਵਿੱਘੇ ਜ਼ਮੀਨ ਦੇ ਮਾਲਕਾਂ ਦੀ ਹਾਲਤ ਕੱਖੋਂ ਹੌਲੀ ਅਤੇ ਪਾਣੀਉਂ ਪਤਲੀ ਹੋ ਗਈ ਹੈ। ਲੜਕੀਆਂ ਜਵਾਨੀ ਦੀ ਦਹਿਲੀਜ਼ ਪਾਰ ਕਰ ਚੁੱਕੀਆਂ ਹਨ, ਪਰ ਨਸ਼ਈਆਂ ਨੂੰ ਸਿਰਫ਼ ਅਤੇ ਸਿਰਫ਼ ਆਪਣੇ ਨਸ਼ੇ ਦੇ ਫ਼ਿਕਰ ਤੋਂ ਬਿਨਾਂ ਪਰਿਵਾਰਕ ਜ਼ਿੰਮੇਵਾਰੀਆਂ ਦੀ ਕੋਈ ਪਰਵਾਹ ਨਹੀਂ ਅਤੇ ਇਸੇ ਕਾਰਨ ਧੀਆਂ ਡੋਲੀ ਵਿੱਚ ਬੈਠਣ ਲਈ ਤਰਸ ਰਹੀਆਂ ਹਨ। ਜੇ ਚਾਚੇ-ਤਾਏ ਜਾਂ ਨਾਨਕਾ ਪਰਿਵਾਰ ਲੜਕੀ ਲਈ ਯੋਗ ਵਰ ਦੀ ਤਲਾਸ਼ ਕਰਦੇ ਹਨ ਤਾਂ ਅਗਾਂਹ ਨਸ਼ਈ ਬਾਪ ਦਾ ਪਤਾ ਲੱਗ ਜਾਣ ਕਾਰਨ ਲੜਕੇ ਵਾਲੇ ਹੱਥ ਖਿੱਚ ਲੈਂਦੇ ਹਨ। ਅਜਿਹੀ ਸਥਿਤੀ ਪੰਜਾਬ ਦੇ ਗੱਭਰੂਆਂ ਦੀ ਹੈ। ਨਸ਼ਿਆਂ ਕਾਰਨ ਕੰਗਾਲ ਹੋਏ ਪਰਿਵਾਰ ਦੀ ਨਾ ਕੋਈ ਧੀ ਲੈਣ ਲਈ ਤਿਆਰ ਹੁੰਦਾ ਹੈ ਅਤੇ ਨਾ ਹੀ ਮੁੰਡੇ ਨੂੰ ਰਿਸ਼ਤਾ ਕਰਨ ਲਈ ਕੋਈ ਬਹੁੜਦਾ ਹੈ। ਮਾਂ ਦੀਆਂ ਸਿਸਕੀਆਂ, ਰਿਸ਼ਤੇਦਾਰਾਂ ਅਤੇ ਮੇਲ-ਗੇਲ ਵਾਲਿਆਂ ਦੇ ਕੀਤੇ ਤਰਲੇ ਵੀ ਕੋਈ ਅਸਰ ਨਹੀਂ ਕਰਦੇ। ਨਸ਼ਾ ਛੁਡਾਊ ਕੇਂਦਰ ਦੇ ਨਿਰਦੇਸ਼ਕ ਹੁੰਦਿਆਂ ਅਨੇਕਾਂ ਹਿਰਦੇਵੇਧਕ ਕਹਾਣੀਆਂ ਸਾਹਮਣੇ ਆਈਆਂ ਹਨ।

ਜ਼ਿਲ੍ਹਾ ਸੰਗਰੂਰ ਦੇ ਇੱਕ ਪਿੰਡ ਦਾ 45 ਕੁ ਸਾਲ ਦਾ ਨਸ਼ਈ ਆਪਣੇ ਇਲਾਜ ਲਈ ਆਇਆ। ਕਾਉਂਸਲਿੰਗ ਉਪਰੰਤ ਪਤਾ ਲੱਗਿਆ ਕਿ ਉਹ ਮੈਡੀਕਲ ਨਸ਼ੇ ਦੇ ਨਾਲ ਨਾਲ ਚਿੱਟੇ ਦੀ ਵਰਤੋਂ ਵੀ ਕਰਦਾ ਸੀ। ਨਸ਼ਿਆਂ ਕਾਰਨ ਉਹ ਆਪਣੇ ਛੇ ਕਿੱਲੇ ਜ਼ਮੀਨ ਗਹਿਣੇ ਕਰ ਚੁੱਕਿਆ ਸੀ। ਬਾਕੀ ਬਚਦੇ ਦੋ ਕਿੱਲੇ ਪਤਨੀ ਨੇ ਰੌਲਾ ਪਾ ਕੇ ਆਪਣੇ ਨਾਂ ਕਰਵਾ ਲਏ। ਹੁਣ ਵਿਚਾਰੀ ਪਤਨੀ ਘਰ ਦੋ ਮੱਝਾਂ ਰੱਖ ਕੇ ਦੋਧੀ ਨੂੰ ਦੁੱਧ ਵੇਚਕੇ ਘਰ ਦਾ ਗੁਜ਼ਾਰਾ ਚਲਾ ਰਹੀ ਸੀ। ਇੱਕ ਦਿਨ ਕਿਸੇ ਜ਼ਰੂਰੀ ਕੰਮ ਉਸ ਔਰਤ ਨੂੰ ਪੇਕੀਂ ਜਾਣਾ ਪੈ ਗਿਆ। ਇਸ ਨੂੰ ਸੁਨਹਿਰੀ ਮੌਕਾ ਸਮਝ ਕੇ ਨਸ਼ਈ ਨੇ ਦੋਨਾਂ ਮੱਝਾਂ ਨੂੰ ਵੇਚ ਦਿੱਤਾ ਅਤੇ ਨਸ਼ਿਆਂ ਕਾਰਨ ਚੜ੍ਹਿਆ ਕਰਜ਼ਾ ਉਤਾਰ ਕੇ ਬਾਕੀ ਬਚੇ ਪੈਸਿਆਂ ਨਾਲ ਕੁਝ ਦਿਨਾਂ ਦਾ 'ਸਟਾਕ' ਇਕੱਠਾ ਕਰ ਲਿਆ। ਵਾਪਸ ਆਉਣ 'ਤੇ ਖਾਲੀ ਕੀਲੇ ਵੇਖ ਕੇ ਪਤਨੀ ਦਾ ਤਰਾਹ ਨਿਕਲ ਗਿਆ ਅਤੇ ਉਹ ਦੁਹੱਥੜ ਮਾਰ ਕੇ ਕਹਿ ਰਹੀ ਸੀ, ਕਿਹੜੇ ਜਨਮ ਦਾ ਵੈਰ ਕੱਢ ਰਿਹਾ ਹੈਂ ਤੂੰ ਸਾਡੇ ਨਾਲ? ਜਵਾਕਾਂ ਨੂੰ ਜਿਹੜੇ ਚਾਰ ਛਿੱਲੜ ਜੋੜ ਕੇ ਮੈਂ ਰੋਟੀ ਖਵਾਉਂਦੀ ਸੀ, ਤੈਂ ਤਾਂ ਉਸ ਉੱਤੇ ਵੀ ਡਾਕਾ ਮਾਰ'ਤਾ। ਦਿਨ ਰਾਤ ਮੈਂ ਤੇ ਜਵਾਕ ਡੰਗਰਾਂ ਦਾ ਗੋਹਾ ਕੂੜਾ ਕਰਦੇ ਸੀ। ਖੇਤੋਂ ਪੱਠੇ ਮੈਂ ਲਿਆਉਂਦੀ, ਫਿਰ ਕਿਤੇ ...। ਤੂੰ ਕੁਝ ਕਰਨ ਦੀ ਥਾਂ ਸਾਡੇ ਢਿੱਡ ਵਿੱਚ ਲੱਤ ਕਿਉਂ ਮਾਰੀ?

ਉਹੀ ਔਰਤ ਆਪਣੇ ਪਤੀ ਦਾ ਇਲਾਜ ਕਰਵਾਉਣ ਵੇਲੇ ਤਰਲੇ ਨਾਲ ਕਹਿ ਰਹੀ ਸੀ, ਹਾੜਾ ਜੀ! ਮੈਂ ਥੋਡੇ ਮੂਹਰੇ ਹੱਥ ਬੰਨ੍ਹਦੀ ਹਾਂ, ਇਸ ਨੂੰ ਠੀਕ ਕਰ ਦਿਉ। ਇਲਾਜ ਦੇ ਸਮੇਂ ਜੇ ਇਹ ਮਰ ਵੀ ਜਾਵੇ ਤਾਂ ਸਾਨੂੰ ਦੱਸਣ ਦੀ ਲੋੜ ਨਹੀਂ, ਇਹਨੂੰ ਇੱਥੇ ਹੀ ਸਿਵਿਆਂ ਵਿੱਚ ਫੂਕ ਦਿਉ। ਲੱਕੜਾਂ ਦੇ ਪੈਸੇ ਮੈਂ ਦੇ ਦੂੰ। ਉਸ ਔਰਤ ਦੇ ਖ਼ੂਨ ਦੇ ਅੱਥਰੂ ਥੰਮ੍ਹਣ ਵਿੱਚ ਨਹੀਂ ਸਨ ਆ ਰਹੇ।

ਨਾਭੇ ਤੋਂ ਬਜ਼ੁਰਗ ਪਤੀ ਪਤਨੀ ਆਪਣੇ ਵੀਹ ਸਾਲ ਦੇ ਪੁੱਤ ਨੂੰ ਲੈ ਕੇ ਆ ਗਏ। ਪੁੱਤ ਨੇ ਜਿੱਥੇ ਨਸ਼ਿਆਂ ਕਾਰਨ ਆਪਣਾ ਸਰੀਰ ਬਰਬਾਦ ਕਰ ਲਿਆ ਸੀ, ਉੱਥੇ ਹੀ ਮਾਂ-ਬਾਪ ਦੀਆਂ ਚਿੰਤਾਵਾਂ ਵਿੱਚ ਵਾਧਾ ਕਰਕੇ ਉਨ੍ਹਾਂ ਨੂੰ ਸਮੇਂ ਤੋਂ ਪਹਿਲਾਂ ਹੀ ਬੁੱਢਾ ਕਰ ਦਿੱਤਾ ਸੀ। ਔਰਤ ਨੇ ਆਪਣੇ ਪਤੀ ਦੀ ਹਾਜ਼ਰੀ ਵਿੱਚ ਆਪਣੀ ਦੁੱਖ ਭਰੀ ਕਹਾਣੀ ਦੱਸਦਿਆਂ ਕਿਹਾ, ਇਸ ਮੁੰਡੇ ਨੇ ਤਿਣਕਾ-ਤਿਣਕਾ ਕਰਕੇ ਜੋੜਿਆ ਘਰ ਬਰਬਾਦ ਕਰ ਦਿੱਤੈ, ਸਾਨੂੰ ਕਾਸੇ ਜੋਗਾ ਨਹੀਂ ਛੱਡਿਆ। ਇਹਦੇ ਕਾਰਨ ਕੋਈ ਰਿਸ਼ਤੇਦਾਰ ਵੀ ਘਰ ਨਹੀਂ ਆਉਂਦਾ। ਕੁਝ ਰੁਕ ਕੇ ਉਸਨੇ ਹਟਕੋਰਿਆਂ ਭਰੀ ਅਵਾਜ਼ ਵਿੱਚ ਫਿਰ ਦੱਸਣਾ ਸ਼ੁਰੂ ਕੀਤਾ, ਇਹਦੀ ਸੋਨੇ ਵਰਗੀ ਪਤਨੀ ਇਹਦੇ ਗ਼ਮ ਵਿੱਚ ਹੀ ਮਰ ਗਈ। ਬੜੀ ਸਿਆਣੀ ਅਤੇ ਸੁਚਾਰੂ ਨੂੰਹ ਸੀ। ਉਹਦੇ ਮਰਨ ਵੇਲੇ ਮੈਂ ਰੱਬ ਨੂੰ ਉਲਾਂਭਾ ਦੇ ਰਹੀ ਸੀ ਕਿ ਤੂੰ ਮੇਰੀ ਨੂੰਹ ਨੂੰ ਚੁੱਕਣ ਦੀ ਥਾਂ ਇਸ ਕਮੀਨੇ ਨੂੰ ਚੁੱਕ ਲੈਂਦਾ। ਮੈਨੂੰ ਭੋਰਾ ਗ਼ਮ ਨਾ ਹੁੰਦਾ। ਫਿਰ ਜੀ, ਇੱਕ ਦਿਨ ਇਹਦੇ ਦੁੱਖ ਕਾਰਨ ਮੈਨੂੰ ਹਾਰਟ ਅਟੈਕ ਹੋ ਗਿਆ। ਦੂਜੇ ਪੁੱਤ ਅਤੇ ਉਹਦੀ ਪਤਨੀ ਨੇ ਭੱਜਕੇ ਗੱਡੀ ਲਿਆਂਦੀ ਅਤੇ ਮੈਨੂੰ ਹਸਪਤਾਲ ਲੈ ਕੇ ਜਾਣ ਸਮੇਂ ਇਹ ਮੇਰੇ ਕੋਲ ਗੱਡੀ ਵਿੱਚ ਆ ਕੇ ਬੈਠ ਗਿਆ। ਹਸਪਤਾਲ ਦਾਖਲ ਹੋਣ ਸਮੇਂ ਪਤਾ ਚੱਲਿਆ ਕਿ ਇਹ ਜਦੋਂ ਹਾਰਟ ਅਟੈਕ ਦੀ ਹਾਲਤ ਵਿੱਚ ਮੇਰੇ ਕੋਲ ਗੱਡੀ ਵਿੱਚ ਥੋੜ੍ਹੀ ਦੇਰ ਲਈ ਬੈਠਾ ਸੀ, ਉਦੋਂ ਇਹ ਮੇਰਾ ਪਰਸ ਖਿਸਕਾ ਕੇ ਲੈ ਗਿਆ ਸੀ। ਮੇਰੇ ਇਲਾਜ ਲਈ ਵੀਹ ਹਜ਼ਾਰ ਰੁਪਇਆ ਮੇਰੇ ਪਤੀ ਨੇ ਇਸੇ ਪਰਸ ਵਿੱਚ ਪਾ ਦਿੱਤਾ ਸੀ। ਬਜ਼ੁਰਗ ਔਰਤ ਅਤੇ ਉਸਦੇ ਪਤੀ ਦੀਆਂ ਅੱਖਾਂ ਵਿੱਚ ਅੱਥਰੂ ਸਨ।

ਇੱਕ ਵਿਅਕਤੀ ਗੱਡੀ ਵਿੱਚ ਆਪਣੇ ਨਸ਼ਈ ਪੁੱਤ ਨੂੰ ਲੈ ਕੇ ਆਇਆ। ਉਸਦੇ ਨਾਲ ਉਸਦੇ ਤਿੰਨ ਚਾਰ ਨਜ਼ਦੀਕੀ ਰਿਸ਼ਤੇਦਾਰ ਵੀ ਸਨ। ਵਿਅਕਤੀ ਨੇ ਇਕੱਲਿਆਂ ਮੇਰੇ ਨਾਲ ਗੱਲ ਕਰਨੀ ਚਾਹੀ। ਉਸਨੇ ਦੱਸਿਆ ਕਿ ਉਹ ਪਿੰਡ ਦਾ ਸਰਪੰਚ ਹੈ। ਆਲੇ ਦੁਆਲੇ ਚੰਗੀ ਪੁੱਛ ਪ੍ਰਤੀਤ ਹੈ। ਪਿੰਡ ਦੇ ਲੋਕ ਇੱਜ਼ਤ ਵੀ ਕਰਦੇ ਨੇ। ਚਾਰ ਅਫਸਰਾਂ ਨਾਲ ਵੀ ਬੈਠਣ-ਉੱਠਣ ਐ। ਪਰ ਮੇਰੇ ਨਸ਼ਈ ਮੁੰਡੇ ਨੇ ਮੈਨੂੰ ਕਾਸੇ ਜੋਗਾ ਨਹੀਂ ਛੱਡਿਆ। ਮੇਰੀ ਇੱਜ਼ਤ ਇਹਨੇ ਮਿੱਟੀ ਵਿੱਚ ਰੋਲ ਦਿੱਤੀ ਐ। ਕੰਮ ਦਾ ਡੱਕਾ ਨਹੀਂ ਤੋੜਦਾ। ਸ਼ਰਾਬ ਲਈ ਹਰ ਰੋਜ਼ ਪੈਸੇ ਮੰਗਦੈ। ਜੇ ਮੈਂ ਪੈਸੇ ਨਹੀਂ ਦਿੰਦਾ ਫਿਰ ਕੰਜਰਖਾਨਾ ਕਰਦਾ ਹੈ। ਜੇ ਪੈਸੇ ਦੇ ਦੇਵਾਂ ਤਾਂ ਫਿਰ ਦਾਰੂ ਪੀ ਕੇ ਕੰਜਰਖਾਨਾ ਕਰਨ ਵਿੱਚ ਕੋਈ ਕਸਰ ਨਹੀਂ ਛੱਡਦਾ। ਫਿਰ ਉਸਨੇ ਬੇਵਸੀ ਦਾ ਬੁੱਤ ਬਣਕੇ ਰੋਣਹਾਕੀ ਆਵਾਜ਼ ਵਿੱਚ ਦੱਸਿਆ, ਹੁਣ ਥੋਡੇ ਕੋਲੋਂ ਕਾਹਦਾ ਲੁਕੋ ਐ। ਇਹਨੇ ਕਈ ਵਾਰ ਸ਼ਰਾਬ ਪੀ ਕੇ ਮੇਰੇ 'ਤੇ ਅਤੇ ਆਪਣੀ ਮਾਂ 'ਤੇ ਹੱਥ ਵੀ ਚੁੱਕਿਆ ਹੈ। ਪਿੰਡ ਦੇ ਲੋਕਾਂ ਅਤੇ ਰਿਸ਼ਤੇਦਾਰਾਂ ਨੂੰ ਇਹਦੀ ਕਰਤੂਤ ਦਾ ਪਤੈ। ਬਾਹਰ ਦੀਆਂ ਸ਼ਲਾਮਾਂ ਨੂੰ ਮੈਂ ਕੀ ਚੱਟਾ? ਘਰੇ ਤਾਂ ਆਪਣੇ ਨਸ਼ਈ ਪੁੱਤ ਤੋਂ ਛਿੱਤਰ ਖਾਨਾਂ। ਇਸ ਤੋਂ ਪਹਿਲਾਂ ਕਿ ਮੈਂ ਉਸ ਨੂੰ ਦਿਲਾਸਾ ਦਿੰਦਾ, ਉਹ ਨਿਰਾਸ਼ਤਾ ਦਾ ਬੁੱਤ ਬਣਿਆ ਆਪਣੀ ਪੱਗ ਨਾਲ ਅੱਥਰੂ ਪੂੰਝਦਾ ਹੋਇਆ, ਮੈਂ ਠਹਿਰ ਕੇ ਆਉਨਾ ਕਹਿਕੇ ਦਫਤਰ ਤੋਂ ਬਾਹਰ ਚਲਾ ਗਿਆ।

ਜ਼ਿਲ੍ਹਾ ਬਰਨਾਲਾ ਦੇ ਇੱਕ ਪਿੰਡ ਦਾ ਨਸ਼ਈ ਹਸਪਤਾਲ ਵਿੱਚ ਨਸ਼ਾ ਛੱਡਣ ਲਈ ਦਾਖ਼ਲ ਹੋਇਆ। ਕਾਉਂਸਲਿੰਗ ਦਰਮਿਆਨ ਇਹ ਗੱਲ ਸਪਸ਼ਟ ਹੋ ਗਈ ਕਿ ਉਹ ਰੋਡਵੇਜ਼ ਵਿੱਚ ਡਰਾਈਵਰ ਸੀ। ਜ਼ਿਆਦਾ ਨਸ਼ੇ ਦਾ ਆਦੀ ਹੋਣ ਕਾਰਨ ਡਿਉਟੀ ਸਮੇਂ ਕੁਤਾਹੀ ਕਰਦਾ ਰਿਹਾ, ਜਿਸ ਕਾਰਨ ਵਿਭਾਗ ਨੇ ਉਸ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ। ਨਸ਼ਿਆਂ ਦੀ ਆਦਤ ਪਹਿਲਾਂ ਨਾਲੋਂ ਵੀ ਜ਼ਿਆਦਾ ਵਧ ਗਈ। ਘਰ ਵਿੱਚ ਪਤਨੀ, ਦੋ ਧੀਆਂ ਅਤੇ ਇੱਕ ਪੁੱਤਰ! ਪਰ ਉਸ ਨੂੰ ਆਪਣੀ ਕਬੀਲਦਾਰੀ ਦੇ ਫ਼ਿਕਰ ਦੀ ਥਾਂ ਸਿਰਫ ਆਪਣੇ ਨਸ਼ਿਆਂ ਦਾ ਜੁਗਾੜ ਪੂਰਾ ਕਰਨ ਦੀ ਚਿੰਤਾ ਰਹਿੰਦੀ ਸੀ। ਘਰ ਵਿੱਚ ਰੋਜ਼ ਕਲੇਸ਼ ਰਹਿਣ ਲੱਗ ਪਿਆ। ਨਸ਼ਾ ਕਰਕੇ ਨਸ਼ਈ ਰੋਜ਼ ਪਤਨੀ ਦੀ ਕੁੱਟਮਾਰ ਕਰਦਾ। ਰਿਸ਼ਤੇਦਾਰਾਂ ਨੇ ਉਸ ਨੂੰ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਅਸਰ ਨਾ ਹੋਇਆ। ਪਤਨੀ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਭਰੇ ਮਨ ਨਾਲ ਪੇਕੀਂ ਜਾ ਬੈਠੀ। ਉਸ ਨੂੰ ਦਾਖਲ ਕਰਨ ਉਪਰੰਤ ਕਿਸੇ ਹੋਰ ਮਰੀਜ਼ ਰਾਹੀਂ ਸਾਨੂੰ ਪਤਾ ਲੱਗਿਆ ਕਿ ਉਹ ਆਪਣੀ ਪਤਨੀ ਨਾਲ ਇਸ ਗੱਲ ਤੋਂ ਸਖ਼ਤ ਨਰਾਜ਼ ਹੈ ਕਿ ਉਹ ਉਸ ਨੂੰ ਛੱਡ ਕੇ ਬੱਚਿਆਂ ਸਮੇਤ ਪੇਕੀਂ ਕਿਉਂ ਬੈਠੀ ਹੈ ਅਤੇ ਇਸ ਰੰਜਿਸ਼ ਦਾ ਬਦਲਾ ਉਹ ਆਪਣੀ ਪਤਨੀ ਨੂੰ ਕਤਲ ਕਰਕੇ ਲੈਣਾ ਚਾਹੁੰਦਾ ਹੈ। ਪਰ ਨਾਲ ਹੀ ਉਸ ਨੂੰ ਇਹ ਵੀ ਡਰ ਸੀ ਕਿ ਕਤਲ ਤੋਂ ਬਾਅਦ ਜੇਲ੍ਹ ਜਾਣ ਸਮੇਂ ਉਹ ਨਸ਼ਿਆਂ ਕਰਕੇ ਔਖਾ ਹੋਵੇਗਾ। ਇਸ ਕਰਕੇ ਹੀ ਉਹ ਆਪਣੀ ਸਕੀਮ ਨੂੰ ਯੋਜਨਾਬੱਧ ਤਰੀਕੇ ਨਾਲ ਪੂਰਾ ਕਰਨ ਲਈ ਹੀ ਪਹਿਲਾਂ ਨਸ਼ਾ ਛੱਡਣ ਲਈ ਦਾਖ਼ਲ ਹੋਇਆ ਤਾਂ ਜੋ ਜੇਲ੍ਹ ਵਿੱਚ ਕੋਈ ਔਕੜ ਨਾ ਆਵੇ। ਉਸਦੀ ਇਸ ਖਤਰਨਾਕ ਯੋਜਨਾ ਦਾ ਪਤਾ ਲੱਗਣ 'ਤੇ ਸਮੁੱਚੇ ਸਟਾਫ ਨਾਲ ਮੀਟਿੰਗ ਕਰਕੇ ਇਹ ਫੈਸਲਾ ਲਿਆ ਗਿਆ ਕਿ ਉਸਦਾ ਨਸ਼ਾ ਵੀ ਛੁਡਵਾਉਣਾ ਹੈ ਅਤੇ ਉਸਦੀ ਇਹ ਘਾਤਕ ਸੋਚ ਵੀ ਬਦਲਣੀ ਹੈ। ਰੋਜ਼ਾਨਾ ਉਹਦੇ ਨਾਲ ਦੋਸਤਾਂ ਵਾਂਗ ਗੱਲਾਂ ਕਰਦਿਆਂ ਉਹਨੂੰ ਜ਼ਿੰਦਗੀ, ਪਰਿਵਾਰਕ ਸੁੱਖ, ਬੱਚਿਆਂ ਦੀ ਸੰਭਾਲ, ਪਤਨੀ ਦੀ ਅਹਿਮੀਅਤ ਆਦਿ ਸਬੰਧੀ ਦੱਸਦੇ ਰਹਿੰਦੇ। ਫਿਰ ਇੱਕ ਦਿਨ ਉਹ ਦਫਤਰ ਵਿੱਚ ਆ ਕੇ ਫੁੱਟ ਫੁੱਟ ਕੇ ਰੋਣ ਲੱਗ ਪਿਆ। ਪੁੱਛਣ 'ਤੇ ਉਸਨੇ ਦੱਸਿਆ ਕਿ ਮੈਂ ਇੱਥੋਂ ਨਸ਼ਾ ਮੁਕਤ ਹੋ ਕੇ ਭਾਰੀ ਗੁਨਾਹ ਕਰਨਾ ਸੀ। ਪਰ ਤੁਸੀਂ ਮੇਰਾ ਇਰਾਦਾ ਬਦਲ ਦਿੱਤਾ ਹੈ।

ਉਸ ਨੂੰ ਡੇਢ ਕੁ ਮਹੀਨਾ ਅਸੀਂ ਆਪਣੇ ਕੋਲ ਰੱਖਿਆ। ਤਸੱਲੀ ਹੋਣ 'ਤੇ ਉਸਦੀ ਪਤਨੀ ਨੂੰ ਵੀ ਨਸ਼ਾ ਛੁਡਾਊ ਕੇਂਦਰ ਵਿੱਚ ਬੁਲਾਇਆ। ਦੋਨਾਂ ਦੇ ਗਿਲੇ ਸ਼ਿਕਵੇ ਦੂਰ ਕਰਕੇ ਉਨ੍ਹਾਂ ਨੂੰ ਖੁਸ਼ੀ ਖੁਸ਼ੀ ਕੇਂਦਰ ਤੋਂ ਵਿਦਾਅ ਕੀਤਾ।

ਮਲੇਰਕੋਟਲਾ ਇਲਾਕੇ ਨਾਲ ਸਬੰਧਤ ਇੱਕ ਅੱਧਖੜ ਉਮਰ ਦਾ ਨਸ਼ਈ ਨਸ਼ਾ ਛੱਡਣ ਲਈ ਦਾਖ਼ਲ ਹੋਇਆ। ਆਪਣੀ ਜ਼ਿੰਦਗੀ ਵਿੱਚ ਨਸ਼ਿਆਂ ਕਾਰਨ ਉਸਨੇ ਚੋਰੀਆਂ, ਠੱਗੀਆਂ, ਲੜਾਈਆਂ, ਝਗੜੇ ਸਭ ਕੁਝ ਹੀ ਕੀਤਾ ਸੀ। ਇਸੇ ਕਾਰਨ ਉਹ ਕਈ ਵਾਰ ਜੇਲ੍ਹ ਵੀ ਗਿਆ। ਉਸਦੀ ਵਿਆਹੁਤਾ ਜ਼ਿੰਦਗੀ ਵੀ ਸਫਲ ਨਾ ਰਹੀ ਅਤੇ ਉਸਦੀ ਪਤਨੀ ਉਸਦੀਆਂ ਆਦਤਾਂ ਤੋਂ ਤੰਗ ਆ ਕੇ ਉਸ ਨੂੰ ਛੱਡ ਕੇ ਚਲੀ ਗਈ। ਉਹ ਸੈਂਟਰ ਵਿੱਚ ਇੱਕ ਮਹੀਨੇ ਤੋਂ ਜ਼ਿਆਦਾ ਸਮਾਂ ਦਾਖ਼ਲ ਰਿਹਾ ਅਤੇ ਨਸ਼ਾ ਛੱਡਣ ਉਪਰੰਤ ਉਸਨੇ ਦੱਸਿਆ, ਇਹ ਜਿਹੜੇ ਮੈਂ ਐਨੇ ਪਾਪ ਕੀਤੇ, ਨਸ਼ਿਆਂ ਦਾ ਐਬੀ ਬਣਕੇ ਦੇਹ ਗਾਲੀ, ਇਹਦੇ ਪਿੱਛੇ ਇੱਕ ਕਾਰਨ ਇਹ ਵੀ ਸੀ ਕਿ ਮੇਰੇ ਕੋਈ ਭੈਣ ਨਹੀਂ ਹੈ। ਉਤਸੁਕਤਾ ਨਾਲ ਇਹ ਪੁੱਛਣ 'ਤੇ ਕਿ ਗੁਨਾਹਾਂ ਨਾਲ ਭੈਣ ਨਾ ਹੋਣ ਦਾ ਕੀ ਸਬੰਧ? ਉਸਦਾ ਜਵਾਬ ਸੀ, ਦੇਖੋ ਜੀ, ਜੇ ਘਰ ਵਿੱਚ ਭੈਣ ਹੋਵੇ ਫਿਰ ਕਿਸੇ ਐਰ-ਗੈਰ ਨੂੰ ਘਰ ਥੋੜ੍ਹਾ ਵਾੜਿਆ ਜਾਂਦਾ ਹੈ। ਗਲਤ ਕੰਮ ਕਰਨ ਵੇਲੇ ਭੈਣ ਦੀ ਟੋਕਾ ਟਾਕੀ ਅਤੇ ਤਾੜਨਾ ਨਾਲ ਵੀ ਬੰਦਾ ਸੂਤ ਰਹਿੰਦੈ। ਬੱਸ, ਇਸੇ ਕਰਕੇ ਘਰ ਵਿੱਚ ਲੰਡਰ ਮੁੰਡਿਆਂ ਦਾ ਆਉਣਾ-ਜਾਣਾ ਸ਼ੁਰੂ ਹੋ ਗਿਆ। ਬੱਸ, ਫਿਰ ਚੱਲ ਸੋ ਚੱਲ। ਨਾਲੇ ਜੀ, ਜਿਹੜੇ ਕੁੱਖ ਵਿੱਚ ਧੀਆਂ ਦਾ ਕਤਲ ਕਰਵਾਉਂਦੇ ਨੇ, ਉਹ ਆਪ ਤਾਂ ਗੁਨਾਹ ਕਰਦੇ ਹੀ ਨੇ, ਅੱਗੇ ਆਪਣੀ ਔਲਾਦ ਵਾਸਤੇ ਵੀ ਕੰਡੇ ਬੀਜ ਕੇ ਮੇਰੇ ਵਾਂਗ ਗਲਤ ਰਾਹ 'ਤੇ ਤੋਰਨ ਲਈ ਵੀ ਜ਼ਿੰਮੇਵਾਰ ਹੁੰਦੇ ਨੇ। ਭਲਾ ਧੀ-ਧਿਆਣੀ ਬਿਨਾਂ ਘਰ ਦਾ ਕੀ ਵੱਟੀਂਦੈ? ਇੱਕ ਹੋਰ ਨਸ਼ਈ ਨੇ ਪਛਤਾਵੇ ਭਰੇ ਲਹਿਜ਼ੇ ਵਿੱਚ ਦੱਸਿਆ, ਮੈਂ ਆਪਣੇ ਖੇਤ ਵਿੱਚ ਪੋਸਤ ਬੀਜ ਕੇ ਉਹਦੇ ਆਲੇ-ਦੁਆਲੇ ਦੋ ਕਿੱਲੇ ਕਣਕ ਬੀਜ ਦਿੱਤੀ ਤਾਂ ਜੋ ਕਿਸੇ ਨੂੰ ਪਤਾ ਨਾ ਲੱਗੇ। ਜਦੋਂ ਪੋਸਤ ਦੇ ਡੋਡੇ ਪੱਕਣੇ ਸ਼ੁਰੂ ਹੋ ਗਏ ਤਾਂ ਕਿਸੇ ਨੇ ਥਾਣੇ ਮੁਖ਼ਬਰੀ ਕਰ ਦਿੱਤੀ। ਪੁਲਿਸ ਆ ਗਈ ਚੜ੍ਹਕੇ। ਮੈਨੂੰ ਸੱਥ ਵਿੱਚ ਬੁਲਾਇਆ। ਕਹਿੰਦੇ, ਦੱਸ ਤੂੰ ਪੋਸਤ ਬੀਜਿਐ? ਮੈਂ ਉਸ ਥਾਣੇਦਾਰ ਨੂੰ ਸੱਚੋ ਸੱਚ ਸਾਰੀ ਕਹਾਣੀ ਦੱਸ ਦਿੱਤੀ। ਥਾਣੇਦਾਰ ਭਲਾਮਾਣ ਸੀ। ਉਹ ਮੈਨੂੰ ਕਹਿੰਦਾ, ਜਾ ਸਾਰੀ ਪੋਸਤ ਵੱਢ ਕੇ ਇੱਥੇ ਲੈ ਆ। ਉਸਨੇ ਨਾਲ ਮੇਰੇ ਦੋ ਸਿਪਾਹੀ ਭੇਜ ਦਿੱਤੇ। ਮੈਂ ਜਾ ਕੇ ਸਾਰੀ ਪੋਸਤ ਵੱਢੀ, ਫਿਰ ਨਰੋਈ ਪੰਡ ਬੰਨ੍ਹ ਕੇ ਥਾਣੇਦਾਰ ਕੋਲ ਸੱਥ ਵਿੱਚ ਲੈ ਆਇਆ। ਥਾਣੇਦਾਰ ਮੈਨੂੰ ਕਹਿੰਦਾ ਬਈ ਪਹਿਲਾਂ ਪੰਚਾਇਤ ਵਿੱਚ ਵਾਅਦਾ ਕਰ ਕਿ ਨਾ ਭੁੱਕੀ ਖਾਵੇਂਗਾ ਅਤੇ ਨਾ ਹੀ ਬੀਜੇਂਗਾ। ਮੈਂ ਥਾਣੇਦਾਰ ਦੇ ਪੈਰੀਂ ਡਿਗ ਕੇ ਇਹ ਵਾਅਦਾ ਕਰ ਲਿਆ। ਫਿਰ ਉਸਨੇ ਮੈਨੂੰ ਹੁਕਮ ਦਿੱਤਾ ਕਿ ਜਿੱਥੇ ਪਿੰਡ ਦੀਆਂ ਜਨਾਨੀਆਂ ਜੰਗਲ ਪਾਣੀ ਜਾਂਦੀਆਂ ਨੇ, ਉੱਥੇ ਖਿੰਡਾ ਕੇ ਆ। ਮੈਂ ਹੁਕਮ ਅਨੁਸਾਰ ਉਸ ਤਰ੍ਹਾਂ ਹੀ ਕੀਤਾ। ਜਦੋਂ ਥਾਣੇਦਾਰ ਚਲਾ ਗਿਆ ਤਾਂ ਮੈਂ ਘੰਟੇ ਕੁ ਬਾਅਦ ਬੁੜੀਆਂ ਦੇ ਜੰਗਲ ਪਾਣੀ ਵਾਲੀ ਥਾਂ 'ਤੇ ਜਾ ਕੇ ਸਾਰਾ ਪੋਸਤ ਇਕੱਠਾ ਕੀਤਾ। ਘਰ ਵੱਡੇ ਪਾਣੀ ਦੇ ਟੱਬ ਵਿੱਚ ਉਸ ਨੂੰ ਧੋਤਾ। ਫਿਰ ਮੈਂ ਦੋ ਮਹੀਨੇ ਉਹ ਵਰਤਦਾ ਰਿਹਾ।

ਫਿਰ ਉਸ ਨੌਕਵਾਨ ਨੇ ਨਮੋਸ਼ੀ ਭਰੀ ਅਵਾਜ਼ ਵਿੱਚ ਕਿਹਾ, ਹੁਣ ਤਾਂ ਜੀ ਮੈਨੂੰ ਇਹੋ ਜਿਹਾ ਕੁਝ ਸੋਚ ਕੇ ਹੀ ਸ਼ਰਮ ਆ ਰਹੀ ਹੈ।

ਇੱਕ ਚਿੱਟੇ ਦੀ ਵਰਤੋਂ ਕਰ ਰਹੇ ਨਸ਼ਈ ਦੀ ਪਤਨੀ ਖ਼ੂਨ ਦੇ ਅੱਥਰੂ ਵਹਾਉਂਦਿਆਂ ਦੱਸ ਰਹੀ ਸੀ, ਜੀ, ਇਹ ਮੇਰਾ ਪਤੀ ਨਹੀਂ, ਮੇਰਾ ਦੁਸ਼ਮਣ ਹੈ। ਆਪਣੇ ਨਸ਼ਿਆਂ ਦੀ ਪੂਰਤੀ ਲਈ ਮੈਨੂੰ ਮਜਬੂਰ ਕਰਦਾ ਹੈ ਕਿ ਤੂੰ ਚਿੱਟੇ ਦਾ ਧੰਦਾ ਕਰਨ ਵਾਲੇ ਨੂੰ 'ਖੁਸ਼ ਕਰਕੇ' ਮੇਰੇ ਲਈ ਚਿੱਟਾ ਲੈ ਕੇ ਆ। ਹਾੜਾ ਜੀ, ਮੈਥੋਂ ਉਨ੍ਹਾਂ ਪਾਪੀਆਂ ਕੋਲੋਂ ਆਪਣਾ ਮਾਸ ਨਹੀਂ ਨੁਚਵਾਇਆ ਜਾਂਦਾ। ਥੋਨੂੰ ਹੱਥ ਬੰਨ੍ਹ ਕੇ ਬੇਨਤੀ ਐ, ਮੇਰੀ ਰਾਖ਼ੀ ਕਰੋ, ਨਾਲੇ ਇਹਦਾ ਕੋਹੜ ਵੱਢੋ।

ਪਤਾ ਨਹੀਂ ਇਹੋ ਜਿਹੀਆਂ ਕਿੰਨੀਆਂ ਹੋਰ ਔਰਤਾਂ ਇਹੋ ਜਿਹਾ ਸੰਤਾਪ ਭੋਗ ਰਹੀਆਂ ਹਨ। ਉਫ਼! ਨਸ਼ਈ ਨਸ਼ਿਆਂ ਲਈ ਆਪਣੀ ਇੱਜ਼ਤ, ਸਵੈਮਾਣ, ਅਣਖ ਸਭ ਕੁਝ ਦਾਅ ਉੱਤੇ ਲਾਉਣ ਦੇ ਨਾਲ ਨਾਲ ਅਗਨੀ ਸਾਹਮਣੇ ਸੱਤ ਫੇਰੇ ਲੈਕੇ ਜੀਵਨ ਭਰ ਇੱਕ ਦੂਜੇ ਪ੍ਰਤੀ ਵਫ਼ਾ ਦਾ ਵਾਅਦਾ ਕਰਕੇ, ਸਿਰਫ਼ ਤੇ ਸਿਰਫ਼ ਨਸ਼ਿਆਂ ਕਾਰਨ ਆਪਣੀ ਜੀਵਨ ਸਾਥਣ ਨੂੰ ਡੰਗਰਾਂ ਵਾਂਗ ਕਿਸੇ ਹੋਰ ਨੂੰ ਸੌਂਪਣ ਦੀ ਜ਼ਿਦ ਕਰ ਰਹੇ ਨੇ। ਜਦੋਂ ਵਾੜ ਹੀ ਖੇਤ ਨੂੰ ਖਾ ਰਹੀ ਹੈ ਤਾਂ ਖੇਤ ਦੀ ਦੁਰਦਸ਼ਾ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਅਜਿਹੇ ਬਹੁਤ ਸਾਰੇ ਕੇਸ ਸਾਹਮਣੇ ਆਏ ਨੇ ਜਿੱਥੇ ਰਿਸ਼ਤਿਆਂ ਵਿੱਚ ਬੁਰੀ ਤਰ੍ਹਾਂ ਤਰੇੜ ਪਈ ਹੈ। ਨਸ਼ਈਆਂ ਨੇ ਪਰਿਵਾਰ ਅਤੇ ਆਪਣੇ ਆਪ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਜਾਇਦਾਦਾਂ ਕੁਰਕ ਹੋਈਆਂ ਹਨ ਅਤੇ ਘਰਾਂ ਵਿੱਚੋਂ ਹਮੇਸ਼ਾ ਹੀ ਰੁਦਨ ਭਰੇ ਵੈਣਾਂ ਦੀ ਆਵਾਜ਼ ਆਉਂਦੀ ਹੈ।



# ਲੋਕ-ਸੰਗੀਤ ਅਤੇ ਸਿੱਖ ਢਾਡੀ ਪਰੰਪਰਾ ਵਿੱਚ ਨਾਮਵਰ ਢਾਡੀਆਂ ਦਾ ਯੋਗਦਾਨ

**ਪ੍ਰੋ. ਜਗਪਿੰਦਰ ਪਾਲ ਸਿੰਘ**
ਮੁਖੀ ਸੰਗੀਤ ਅਤੇ ਗੁਰਮਤਿ ਸੰਗੀਤ ਵਿਭਾਗ, ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ





ਲੋਕ-ਸੰਗੀਤ ਤੇ ਸਿੱਖ-ਸੰਗੀਤ ਦੀ ਢਾਡੀ ਪਰੰਪਰਾ ਦਾ ਵਿਰਸਾ ਬਹੁਤ ਅਮੀਰ ਅਤੇ ਵਿਲੱਖਣ ਹੈ। ਦੋਨਾਂ ਪਰੰਪਰਾਵਾਂ 'ਚ ਸਾਰੰਗੀ ਸਾਜ਼ ਬਹੁਤ ਸੁਰੀਲਾ ਅਤੇ ਪ੍ਰਮੁੱਖ ਸਾਜ਼ ਹੈ। ਨਾ ਕੇਵਲ ਪੰਜਾਬ ਦੀ ਲੋਕ-ਸੰਗੀਤ ਵਿਰਾਸਤ 'ਚ ਸਗੋਂ ਉੱਤਰ ਅਤੇ ਪੂਰਬ ਭਾਰਤ ਦੇ ਵੱਖ-ਵੱਖ ਪ੍ਰਾਂਤਾਂ 'ਚ ਸਾਰੰਗੀ ਸਾਜ਼ ਦਾ ਵਿਸ਼ੇਸ਼ ਸਥਾਨ ਹੈ। ਲੋਕ-ਸੰਗੀਤ ਤੋਂ ਹੀ ਸਫ਼ਰ ਕਰਦਾ ਸਾਰੰਗੀ ਸਾਜ਼ ਸ਼ਾਸਤਰੀ ਸੰਗੀਤ ਪਰੰਪਰਾ ਦਾ ਮਹੱਤਵਪੂਰਨ ਸਾਜ਼ ਬਣਿਆ। ਇਸ ਦੀ ਉਤਪਤੀ ਕਦੋਂ ਅਤੇ ਕਿਵੇਂ ਹੋਈ, ਇਸ ਬਾਰੇ ਕਹਿਣਾ ਬਹੁਤ ਕਠਿਨ ਹੈ। ਕੁਝ ਵਿਦਵਾਨਾਂ ਅਨੁਸਾਰ ਜਦੋਂ ਮੁਗ਼ਲ ਭਾਰਤ ਆਏ ਤਾਂ ਉਨ੍ਹਾਂ ਨਾਲ ਵੱਖ-ਵੱਖ ਸੰਗੀਤਕਾਰ ਅਤੇ ਵਾਦਨਕਾਰ ਵੀ ਆਏ। ਇਨ੍ਹਾਂ 'ਚ ਸਾਰੰਗੀ ਵਾਦਕ ਵੀ ਸਨ ਪ੍ਰੰਤੂ ਉਸ ਸਮੇਂ ਇਸ ਸਾਜ਼ ਨੂੰ ਸਾਰੰਗੀ ਨਹੀਂ ਸੀ ਕਿਹਾ ਜਾਂਦਾ। ਹੌਲੀ-ਹੌਲੀ ਇਸ ਦਾ ਨਾਂਅ ਬਦਲਦਾ-ਬਦਲਦਾ ਸਾਰੰਗੀ ਪੈ ਗਿਆ, ਪਰੰਤੂ ਇਸ ਬਾਰੇ ਸਪੱਸ਼ਟ ਪ੍ਰਮਾਣ ਨਹੀਂ ਮਿਲਦੇ। ਉੱਤਰ ਭਾਰਤ ਦੇ ਵੱਖ-ਵੱਖ ਪ੍ਰਾਂਤਾਂ 'ਚ ਇਸ ਦੇ ਵੱਖ-ਵੱਖ ਨਾਂਅ ਪ੍ਰਚੱਲਿਤ ਹਨ। ਸਿੰਧੀ ਸਾਰੰਗੀ, ਧਨੀ ਸਾਰੰਗੀ, ਗੁਜਰਾਤੀ ਸਾਰੰਗੀ, ਪੰਜਾਬੀ ਅਤੇ ਕਸ਼ਮੀਰੀ ਸਾਰੰਗੀ ਆਦਿ। ਰਾਜਸਥਾਨੀ ਸਾਰੰਗੀ ਨੂੰ 'ਡੇਢ ਪਸਲੀ ਸਾਰੰਗੀ' ਕਿਹਾ ਜਾਂਦਾ ਹੈ। ਗੁਜਰਾਤੀ ਅਤੇ ਸਿੰਧੀ ਸਾਰੰਗੀ ਦੀ ਵਰਤੋਂ ਰਾਜਸਥਾਨ 'ਚ ਲੰਗਾ ਜਾਤੀ ਦੇ ਲੋਕ-ਕਲਾਕਾਰ ਕਰਦੇ ਹਨ। ਜੰਮੂ-ਕਸ਼ਮੀਰ 'ਚ ਸਾਰੰਗਾ ਅਤੇ ਮੱਧ ਪ੍ਰਦੇਸ਼ 'ਚ 'ਜੰਤਰ' ਨਾਂਅ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਪੰਜਾਬੀ ਲੋਕ-ਸੰਗੀਤ ਪਰੰਪਰਾ 'ਚ ਸਾਰੰਗੀ ਨਾਲ ਤਾਲ ਦੇਣ ਲਈ ਢੱਡ ਸਾਜ਼ ਦੀ ਵਰਤੋਂ ਹੁੰਦੀ ਹੈ। ਢੱਡ ਸਾਰੰਗੀ ਨਾਲ ਗਾਉਣ ਨੂੰ ਢਾਡੀ ਕਹਿ ਕੇ ਸੰਬੋਧਿਤ ਕੀਤਾ ਜਾਂਦਾ ਹੈ। ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਨੇ ਜ਼ੁਲਮ ਦਾ ਟਾਕਰਾ ਕਰਨ ਲਈ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਤਾਂ ਸਿੱਖਾਂ 'ਚ ਜੋਸ਼ ਭਰਨ ਲਈ ਢਾਡੀ ਪਰੰਪਰਾ ਨੂੰ ਸ਼ੁਰੂ ਕੀਤਾ ਅਤੇ ਰਬਾਬੀ ਭਾਈ ਨੱਥਾ ਅਤੇ ਭਾਈ ਅਬਦੁੱਲਾ ਪਹਿਲੇ ਢਾਡੀ ਹੋਏ, ਜਿਨ੍ਹਾਂ ਨੇ ਵਾਰਾਂ ਦਾ ਗਾਇਨ ਕੀਤਾ। ਭਾਈ ਸੰਤੋਖ ਸਿੰਘ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ 'ਚ ਲਿਖਦੇ ਹਨ; ਢਾਢੀ ਚਲ ਆਇਓ। ਭਏ ਸੁਭਦ ਤਿਨ ਕੋ ਜਸਿ ਗਾਇਓ। ਜਿਸ ਕੇ ਸੁਨਤ ਬੀਰ ਰਸ ਜਾਗੈ। ਕਾਇਰ ਸੋ ਭੀ ਲਰੈ ਨ ਭਾਗੈ। ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀਆਂ 22 ਅਧਿਆਤਮਿਕ ਵਾਰਾਂ 'ਚੋਂ ਨੌਂ ਵਾਰਾਂ ਉੱਤੇ ਪੁਰਾਤਨ ਲੋਕ-ਸੰਗੀਤ 'ਚ ਪ੍ਰਚੱਲਿਤ ਵਾਰਾਂ ਦੀਆਂ ਧੁਨੀਆਂ ਨੂੰ ਅੰਕਿਤ ਕਰਵਾਇਆ। ਲੋਕ-ਸੰਗੀਤ ਅਤੇ ਸਿੱਖ ਢਾਡੀ ਪਰੰਪਰਾ 'ਚ ਬਹੁਤ ਨਾਮਵਰ ਢਾਡੀਆਂ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਹੈ, ਜਿਨ੍ਹਾਂ 'ਚ ਬਾਪੂ ਕਰਨੈਲ ਸਿੰਘ ਰਾਮੂਵਾਲੀਆ, ਪਾਲ ਸਿੰਘ ਪੰਛੀ, ਦੀਦਾਰ ਸਿੰਘ ਰਟੈਂਡਾ, ਅਮਰ ਸਿੰਘ ਸ਼ੌਂਕੀ, ਦੇਸਰਾਜ ਲਚਕਾਣੀ, ਇੰਦਰਜੀਤ ਸਿੰਘ ਸ਼ੇਰਪੁਰੀ, ਈਦੂ ਸ਼ਰੀਫ਼, ਭਾਈ ਦਲੀਪ ਸਿੰਘ ਵਿਸ਼ੇਸ਼ ਹਨ। ਲੋਕ-ਸੰਗੀਤ 'ਚ ਵਰਤੀ ਜਾਂਦੀ ਸਾਰੰਗੀ ਸ਼ਾਸਤਰੀ ਸੰਗੀਤ ਦੀ ਸਾਰੰਗੀ ਨਾਲੋਂ ਆਕਾਰ 'ਚ ਛੋਟੀ ਹੁੰਦੀ ਹੈ। ਇਸੇ ਲਈ ਇਸ ਨੂੰ 'ਟੋਟਾ' ਵੀ ਕਿਹਾ ਜਾਂਦਾ ਹੈ। ਇਸ ਦੀਆਂ ਚਾਰ ਤਾਰਾਂ ਜਾਂ ਤੰਦੀਆਂ ਹੁੰਦੀਆਂ ਹਨ ਅਤੇ 10 ਤਰਬਾਂ ਦੀਆਂ ਤਾਰਾਂ ਵੀ ਹੁੰਦੀਆਂ ਹਨ। ਇਸ ਦੇ ਗਜ਼ ਨੂੰ ਘੁੰਗਰੂ ਬੰਨ੍ਹੇ ਹੁੰਦੇ ਹਨ। ਅਜੋਕੇ ਸਮੇਂ 'ਚ ਬਹੁਤ ਸਾਰੇ ਨੌਜਵਾਨ ਸਾਰੰਗੀ ਵਾਦਕ ਸਿੱਖ ਢਾਡੀ ਪਰੰਪਰਾ ਅਤੇ ਲੋਕ-ਸੰਗੀਤ ਵਿਚ ਸਾਰੰਗੀ ਸਾਜ਼ ਨੂੰ ਜੀਵਤ ਰੱਖਣ 'ਚ ਆਪਣਾ ਯੋਗਦਾਨ ਪਾ ਰਹੇ ਹਨ, ਜਿਨ੍ਹਾਂ 'ਚ ਸ. ਰਣਧੀਰ ਸਿੰਘ ਧੀਰਾ, ਭਾਈ ਗੁਰਪ੍ਰੀਤ ਸਿੰਘ ਅਮਰਗੜ੍ਹ, ਇਕਬਾਲ ਮੁਹੰਮਦ, ਗੁਰਪ੍ਰੀਤ ਸਿੰਘ ਮਾਛੀਵਾੜਾ, ਹਰਪਿੰਦਰ ਸਿੰਘ ਕੰਗ, ਆਦਿਲ ਖਾਂ ਅਤੇ ਤਰਨਪ੍ਰੀਤ ਸਿੰਘ ਸ਼ੇਰਪੁਰੀ ਵਿਸ਼ੇਸ਼ ਹਨ। ਸਾਰੰਗੀ ਸਾਜ਼ ਦੀ ਸਿਖਲਾਈ ਕਠਿਨ ਸਾਧਨਾ ਦੁਆਰਾ ਹੀ ਸੰਪੂਰਨ ਹੋ ਸਕਦੀ ਹੈ, ਇਸ ਲਈ ਗੁਰੂ-ਸ਼ਿਸ਼ ਪਰੰਪਰਾ ਦੁਆਰਾ ਕਿਸੇ ਚੰਗੇ ਉਸਤਾਦ ਦੀ ਦੇਖ-ਰੇਖ 'ਚ ਹੀ ਸੰਭਵ ਹੋ ਸਕਦਾ ਹੈ।

# ਓ ਕੈਨੇਡਾ ! ਅਸੀਂ ਸਦਾ ਰਖਵਾਲੇ ਤੇਰੇ ! !

## ਕੈਨੇਡਾ ਦੀ ਨੈਸ਼ਨਲ ਹਾਕੀ ਲੀਗ ਮੌਕੇ ਪਹਿਲੀ ਵਾਰ 'ਓ ਕੈਨੇਡਾ' ਪੰਜਾਬੀ ਵਿੱਚ ਗਾਇਆ





**ਡਾ. ਗੁਰਵਿੰਦਰ ਸਿੰਘ**

ਕੈਨੇਡਾ ਦੀ ਧਰਤੀ 'ਤੇ ਸਵਾ ਸੌ ਸਾਲ ਤੋਂ ਵਸਦੇ ਪੰਜਾਬੀਆਂ ਦਾ ਸਿਰ ਉਸ ਵੇਲੇ ਫਖਰ ਨਾਲ ਹੋਰ ਵੀ ਉੱਚਾ ਹੋਇਆ, ਜਦੋਂ ਕੈਨੇਡਾ ਦੇ ਨੈਸ਼ਨਲ ਹਾਕੀ ਲੀਗ ਦੇ ਵਿਨੀਪੈਗ 'ਚ ਹੋਏ ਮੈਚ ਦੌਰਾਨ, ਰਾਸ਼ਟਰੀ ਗੀਤ 'ਓ ਕੈਨੇਡਾ' ਅੰਗਰੇਜ਼ੀ ਦੇ ਨਾਲ, ਪੰਜਾਬੀ ਵਿੱਚ ਗਾਇਨ ਕੀਤਾ ਗਿਆ। ਇਹ ਪਲ ਯਾਦਗਾਰੀ ਬਣਾਉਣ ਵਿੱਚ ਪੰਜਾਬੀ ਵਿੱਚ 'ਓ ਕੈਨੇਡਾ' ਗਾਉਣ ਵਾਲੇ ਕੈਨੇਡੀਅਨ ਜਮਪਲ ਬੱਚਿਆਂ ਵਿੱਚ ਸਿਮਰ ਕੌਰ ਸੈਂਬੀ, ਹਰਨਾਮ ਕੌਰ ਅਤੇ ਗੁਰਜੋਤ ਮਾਨ ਸਮੇਤ, ਐਂਬਰ ਟਰੇਲਜ਼ ਐਲੀਮੈਂਟਰੀ ਸਕੂਲ ਦੇ ਪੰਜਾਬੀ ਵਿਦਿਆਰਥੀ ਵਧਾਈ ਦੇ ਪਾਤਰ ਹਨ। ਇਸ ਤੋਂ ਇਲਾਵਾ ਸੰਗੀਤਕ ਧੁਨਾਂ ਰਾਹੀਂ ਡਾਕਟਰ ਕਿਰਨਪਾਲ ਕੌਰ ਸਰੋਆ ਦੀ ਅਗਵਾਈ ਵਿੱਚ ਇਹਨਾਂ ਪੰਜਾਬੀ ਬੱਚਿਆਂ ਵੱਲੋਂ ਇਹ ਗੀਤ ਪੇਸ਼ ਕੀਤਾ ਗਿਆ। ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪਹਿਲੇ ਮੁਖੀ ਡਾ. ਗੁਰਨਾਮ ਸਿੰਘ ਵੱਲੋਂ ਗੁਰਮਤਿ ਸੰਗੀਤ ਰਾਹੀਂ ਇਸ ਨੂੰ ਹੋਰ ਖ਼ੂਬਸੂਰਤ ਬਣਾਉਣ ਵਿੱਚ, ਪ੍ਰੇਰਨਾ ਦੇਣਾ ਤੇ ਸਹਾਈ ਹੋਣਾ ਮਾਣ ਵਾਲੀ ਗੱਲ ਹੈ।

ਕੈਨੇਡਾ ਦਾ ਰਾਸ਼ਟਰੀ ਗੀਤ 'ਓ ਕੈਨੇਡਾ' ਪੰਜਾਬੀ ਵਿੱਚ ਅਨੁਵਾਦਿਤ ਕਰਦਿਆਂ, ਡਾ. ਗੁਰਨਾਮ ਸਿੰਘ ਦੇ ਸੁਪਤਨੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡੀਨ ਵਿਦਿਆਰਥੀ ਤੇ ਪੰਜਾਬੀ ਸਾਹਿਤ ਅਧਿਅਨ ਵਿਭਾਗ ਦੇ ਮੁਖੀ ਰਹੇ ਡਾਕਟਰ ਅੰਮ੍ਰਿਤਪਾਲ ਕੌਰ ਨੇ ਪੰਜਾਬੀ ਸ਼ਬਦ ਲਿਖੇ, ਜਿਹਨਾਂ ਨੂੰ ਕੈਨੇਡੀਅਨ ਪੰਜਾਬੀ ਬੱਚਿਆਂ ਨੇ ਲੈਅ, ਸੁਰ, ਤਾਲ ਰਾਹੀਂ ਗਾਇਆ। ਇਹਨਾਂ ਵਿੱਚੋਂ ਕੁਝ ਸ਼ਬਦ ਇਸ ਤਰ੍ਹਾਂ ਹਨ

ਓ ਕੈਨੇਡਾ!
ਦੂਰੋਂ ਦੂਰ ਤੱਕ
ਅਸੀਂ ਸਦਾ ਰਖਵਾਲੇ ਤੇਰੇ।
ਰੱਬ ਸਾਡੀ ਧਰਤ ਰੱਖੇ
ਆਜ਼ਾਦ ਸ਼ਾਨ ਵਾਲੀ।
ਓ ਕੈਨੇਡਾ!
ਅਸੀਂ ਸਦਾ ਰੱਖਵਾਲੇ ਤੇਰੇ!!

16 ਦਸੰਬਰ 2023 ਨੂੰ ਅਜਿਹਾ ਇਤਿਹਾਸ ਸਿਰਜਿਆ ਗਿਆ, ਜਿਸ ਲਈ ਕੈਨੇਡਾ ਵਸਦੇ ਪੰਜਾਬੀ ਵਰਿਆਂ ਤੋਂ ਉਪਰਾਲੇ ਕਰਦੇ ਆ ਰਹੇ ਹਨ। ਇਸ ਤੋਂ ਪਹਿਲਾਂ ਕੈਨੇਡਾ ਵਿੱਚ ਹਾਕੀ ਦੀ ਪੰਜਾਬੀ ਵਿੱਚ ਕੁਮੈਂਟਰੀ, ਡੇਢ ਦਹਾਕਾ ਪਹਿਲਾਂ ਤੋਂ ਬਹੁਤ ਉਤਸ਼ਾਹ ਨਾਲ ਚੱਲ ਰਹੀ ਹੈ, ਜਿਸ ਨੂੰ ਸੀ.ਬੀ.ਸੀ. ਕੈਨੇਡੀਅਨ ਬਰੌਡਕਾਸਟਿੰਗ ਵੱਲੋਂ ਪ੍ਰਸਾਰਤ ਕੀਤਾ ਜਾਂਦਾ ਹੈ। ਇਹ ਵੀ ਵੱਡੀ ਪ੍ਰਾਪਤੀ ਹੈ। ਕੈਨੇਡਾ ਵਿੱਚ ਪੰਜਾਬੀ ਦਾ ਬੂਟਾ ਲਾਉਣ ਵਾਲੇ ਗਦਰੀ ਬਾਬਿਆਂ ਅਤੇ ਉਸ ਤੋਂ ਮਗਰੋਂ ਕੀਤੇ ਜਾ ਰਹੇ ਸਮੂਹ ਉਪਰਾਲਿਆਂ ਦਾ, ਇਹ ਸ਼ਾਨਦਾਰ ਨਤੀਜਾ ਹੈ।

ਇਸ ਸਮੇਂ ਪੰਜਾਬੀ ਕੈਨੇਡਾ ਦੀ ਚੌਥੀ ਵੱਡੀ ਬੋਲੀ ਹੈ। ਅੰਗਰੇਜ਼ੀ, ਫਰੈਂਚ ਅਤੇ ਚੀਨੀ ਤੋਂ ਮਗਰੋਂ, ਪੰਜਾਬੀ ਦਾ ਨਾਂ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਆਉਂਦਾ ਹੈ, ਇਸ ਦੇ ਬਾਵਜੂਦ ਕਿ ਮਰਦਮ ਸ਼ੁਮਾਰੀ ਮੌਕੇ ਬਹੁਤ ਸਾਰੇ ਪੰਜਾਬੀ, ਆਪਣੀ ਮਾਂ ਬੋਲੀ ਪੰਜਾਬੀ ਲਿਖਵਾਉਣ ਪੱਖੋਂ ਅਵੇਸਲੇ ਵੀ ਹੋ ਜਾਂਦੇ ਹਨ। ਆਓ ਮਾਂ ਬੋਲੀ ਪੰਜਾਬੀ ਨੂੰ ਪਿੱਠ ਨਾ ਦਿਖਾਈਏ। ਘਰਾਂ ਵਿੱਚ ਪੰਜਾਬੀ ਬੋਲੀਏ। ਮਰਦਮ ਸ਼ੁਮਾਰੀ ਮੌਕੇ ਪੰਜਾਬੀ ਲਿਖਵਾਈਏ, ਪੰਜਾਬੀ ਹੋਣ 'ਤੇ ਮਾਣ ਮਹਿਸੂਸ ਕਰੀਏ ਅਤੇ ਫ਼ਖ਼ਰ ਨਾਲ ਆਖੀਏ ;

ਰੱਬ ਸਾਡੀ ਧਰਤ ਰੱਖੇ
ਆਜ਼ਾਦ ਸ਼ਾਨ ਵਾਲੀ।
ਓ ਕੈਨੇਡਾ!
ਅਸੀਂ ਸਦਾ ਰੱਖਵਾਲੇ ਤੇਰੇ!

# ਰੈਪਰ ਡਿਵਾਈਨ ਨੇ ਆਪਣੇ ਨਵੇਂ ਗੀਤ '4.10' 'ਚ ਵਰਤਿਆ ਯਮਲਾ ਜੱਟ ਦਾ ਮਸ਼ਹੂਰ ਗੀਤ



ਰੈਪਰ ਡਿਵਾਈਨ ਨੇ ਆਪਣੇ ਨਵੇਂ ਗੀਤ '4.10' 'ਚ ਵਰਤਿਆ ਯਮਲਾ ਜੱਟ ਦਾ ਮਸ਼ਹੂਰ ਗੀਤ

ਰੈਪਰ ਡਿਵਾਈਨ ਦਾ ਪੰਜਾਬੀ ਸੰਗੀਤ ਜਗਤ ਲਈ ਪਿਆਰ ਕਿਸੇ ਤੋਂ ਲੁਕਿਆ ਨਹੀਂ ਹੈ। ਸਿੱਧੂ ਮੂਸੇ ਵਾਲਾ ਤੋਂ ਲੈ ਕੇ ਅੰਮ੍ਰਿਤ ਮਾਨ ਤੇ ਦੀਪ ਜੰਡੂ ਵਰਗੇ ਕਲਾਕਾਰਾਂ ਨਾਲ ਡਿਵਾਈਨ ਨੇ ਹਿੱਟ ਪੰਜਾਬੀ ਗੀਤ ਦਿੱਤੇ ਹਨ।

ਹੁਣ ਆਪਣੇ ਨਵੇਂ ਗੀਤ '4.10' 'ਚ ਵੀ ਉਸ ਨੇ ਪੰਜਾਬੀ ਸੰਗੀਤ ਜਗਤ ਲਈ ਆਪਣਾ ਪਿਆਰ ਦਿਖਾਇਆ ਹੈ। ਦਰਅਸਲ ਇਸ ਗੀਤ 'ਚ ਡਿਵਾਈਨ ਨੇ ਲਾਲ ਚੰਦ ਯਮਲਾ ਜੱਟ ਦੇ ਮਸ਼ਹੂਰ ਗੀਤ 'ਤੇਰੇ ਨੀ ਕਰਾਰਾਂ ਮੈਨੂੰ ਪੱਟਿਆ' ਨੂੰ ਵਰਤਿਆ ਹੈ।

ਡਿਵਾਈਨ ਨੇ ਆਪਣੇ ਗੀਤ ਦੀ ਕੈਪਸ਼ਨ 'ਚ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਆਪਣਾ ਗੀਤ ਯਮਲਾ ਜੱਟ ਦੇ ਇਸੇ ਗੀਤ ਦੀ ਤਰਜ਼ 'ਤੇ ਬਣਾਇਆ ਹੈ।

'4.10' ਗੀਤ ਡਿਵਾਈਨ ਦੇ ਹੀ ਯੂਟਿਊਬ ਚੈਨਲ 'ਤੇ ਰਿਲੀਜ਼ ਹੋਇਆ ਹੈ, ਜਿਸ ਨੂੰ ਖ਼ਬਰ ਲਿਖੇ ਜਾਣ ਤਕ 1.8 ਮਿਲੀਅਨ ਤੋਂ ਵੱਧ ਵਾਰ ਦੇਖਿਆ ਜਾ ਚੁੱਕਿਆ ਹੈ।



# ਮੁਦਕੀ ਦੀ ਜੰਗ



ਪ੍ਰਮਿੰਦਰ ਸਿੰਘ
ਪ੍ਰਵਾਨਾ
510-415-9377



ਮਹਾਰਾਜਾ ਰਣਜੀਤ ਸਿੰਘ ਦਾ ਜਨਮ 2 ਨਵੰਬਰ 1780 ਨੂੰ ਹੋਇਆ। ਸੰਨ 1763-1773 ਤੱਕ ਸਿੱਖ ਸਰਦਾਰਾਂ ਦੀਆਂ ਬਹੁਤ ਸਾਰੀਆਂ ਮਿਸਲਾਂ (ਪ੍ਰਭੂ ਸੱਤਾ ਸੰਪੰਨ ਰਾਜ) ਨੇ ਪੱਛਮ ਵਿੱਚ ਅਟਕ ਤੋਂ ਪੂਰਬ ਵਿੱਚ ਸਹਾਰਨਪੁਰ ਤੱਕ ਉੱਤਰ ਦੇ ਪਹਾੜੀ ਖੇਤਰਾਂ ਤੋਂ ਦੱਖਣ ਵਿੱਚ ਮੁਲਤਾਨ ਤੱਕ ਪੰਜਾਬ ਖੇਤਰ ਉੱਤੇ ਰਾਜ ਕਰਨਾ ਸ਼ੁਰੂ ਕਰ ਦਿੱਤਾ। ਜਿਸ ਵਿੱਚ ਆਹਲੂਵਾਲੀਆ, ਕਨ੍ਹਈਆ, ਨਕਈ, ਰਾਮਗੜ੍ਹੀਆ, ਭੰਗੀ, ਫੈਜਲਪੁਰੀਆ, ਡੱਲੇਵਾਲੀਆ, ਨਿਸ਼ਾਨੀਆਂ, ਫੂਲਕੀਆਂ, ਕਰੋੜ ਸਿੰਘੀਆ, ਸ਼ੁੱਕਰਚੱਕੀਆ ਅਤੇ ਸ਼ਹੀਦ ਸ਼ਾਮਲ ਸਨ। ਰਣਜੀਤ ਸਿੰਘ ਸ਼ੁੱਕਰਚੱਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਦੇ ਪੁੱਤਰ ਸਨ।

ਅਠਾਰਵੀਂ ਸਦੀ ਦੇ ਅੰਤ ਵਿੱਚ ਸਾਰੀਆਂ ਮਹੱਤਵਪੂਰਨ ਮਿਸਲਾਂ, ਸ਼ੁੱਕਰਚੱਕੀਆ ਮਿਸਲ ਨੂੰ ਛੱਡ ਕੇ ਟੁੱਟਣ ਕਿਨਾਰੇ ਸਨ। ਸੰਨ 1799 ਵਿੱਚ ਰਣਜੀਤ ਸਿੰਘ ਲਾਹੌਰ ਦਾ ਗਵਰਨਰ ਬਣਿਆ। ਸੰਨ 1801 ਵਿੱਚ ਉਸਨੇ ਸਿੱਖ ਮਿਸਲਾਂ ਨੂੰ ਇੱਕ ਜੁੱਟ ਕੀਤਾ ਅਤੇ ਪੰਜਾਬ ਦਾ ਮਹਾਰਾਜਾ ਬਣਨ ਲਈ ਸਥਾਨਕ ਰਾਜਾਂ ਨੂੰ ਆਪਣੇ ਅਧੀਨ ਕਰ ਲਿਆ। ਸੰਨ 1805 ਵਿੱਚ ਅੰਮ੍ਰਿਤਸਰ ਅਤੇ ਲਾਹੌਰ ਰਣਜੀਤ ਸਿੰਘ ਅਧੀਨ ਆ ਗਏ। ਉਸਨੇ ਬਹੁਤ ਸਾਰੇ ਅਫ਼ਗਾਨ ਹਮਲਿਆਂ ਦਾ ਟਾਕਰਾ ਕੀਤਾ। ਫਿਰ ਪੇਸ਼ਾਵਰ, ਮੁਲਤਾਨ 'ਤੇ ਕਬਜ਼ਾ ਕਰ ਲਿਆ।

ਪੰਜਾਬ ਦੇ ਸ਼ੇਰ ਦਾ ਖਿਤਾਬ (ਸ਼ੇਰ- ਏ-ਪੰਜਾਬ) ਹਾਸਿਲ ਕੀਤਾ। ਉਸ ਦੇ ਸਿੱਖ ਸਾਮਰਾਜ ਵਿੱਚ ਸਤਲੁਜ ਦਰਿਆ ਦੇ ਉੱਤਰ ਵੱਲ ਅਤੇ ਉੱਤਰ ਪੱਛਮੀ ਹਿਮਾਲਿਆ ਦੇ ਦੱਖਣ ਵੱਲ ਦਾ ਇਲਾਕਾ ਸ਼ਾਮਲ ਸੀ। ਉਸਨੇ ਨੇਪਾਲੀਆਂ ਅਤੇ ਡੋਗਰਿਆਂ ਨਾਲ ਸਬੰਧ ਬਣਾਈ ਰੱਖੇ ਸਨ। ਉਹਨਾਂ ਨੂੰ ਆਪਣੀ ਫ਼ੌਜ ਵਿੱਚ ਵੀ ਭਰਤੀ ਕੀਤਾ।

ਸੰਨ 1807 ਵਿੱਚ ਗਵਰਨਰ ਜਨਰਲ ਲਾਰਡ ਮਿੰਟੋ ਨੇ ਚਾਰਲਸ ਮੈਟਕਾਫ਼ ਨੂੰ ਭਾਰਤ ਉੱਤੇ ਨੈਪੋਲੀਅਨ ਦਾ ਮੁਕਾਬਲਾ ਕਰਨ ਲਈ ਫ਼ੌਜੀ ਗਠਜੋੜ ਬਣ੍ਹਾਉਣ ਲਈ ਮਹਾਰਾਜਾ ਕੋਲ ਲਾਹੌਰ ਭੇਜਿਆ। ਮਹਾਰਾਜਾ ਨੇ ਮੈਟਕਾਫ਼ ਦੇ ਹਮਲਾਵਰ ਅਤੇ ਰੱਖਿਅਕ ਗਠਜੋੜ ਦੇ ਪ੍ਰਸਤਾਵ ਨੂੰ ਇਸ ਸ਼ਰਤ ਤੇ ਸਵੀਕਾਰ ਕਰਨ ਦੀ ਪੇਸ਼ਕਸ਼ ਕੀਤੀ ਕਿ ਅਫ਼ਗਾਨ ਯੁੱਧ ਦੇ ਮਾਮਲੇ ਵਿੱਚ ਬ੍ਰਿਟਿਸ਼ ਨਿਰਪੱਖ ਰਹਿਣ। ਮਹਾਰਾਜਾ ਨੂੰ ਮਾਲਵਾ ਪ੍ਰਦੇਸ਼ਾਂ ਸਮੇਤ ਪੰਜਾਬ ਖੇਤਰ ਦਾ ਪ੍ਰਭੂ ਸੱਤਾ ਮੰਨਣਗੇ, ਪਰ ਗੱਲਬਾਤ ਸਫਲ ਨਾ ਹੋਈ।

1809 ਵਿੱਚ ਨੈਪੋਲੀਅਨ ਦਾ ਖਤਰਾ ਘੱਟ ਗਿਆ, ਬ੍ਰਿਟਿਸ਼ ਹੋਰ ਜਿਆਦਾ ਮਜ਼ਬੂਤ ਹੋ ਗਏ। ਇਸ ਰਾਜਨੀਤੀ ਬਦਲਾਅ ਵਿੱਚ ਮਹਾਰਾਜਾ ਨੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨਾਲ ਅੰਮ੍ਰਿਤਸਰ ਦੀ ਸੰਧੀ 25 ਅਪ੍ਰੈਲ 1809 ਦੀ ਸੰਧੀ ਕਰ ਲਈ। ਇਸ ਨੂੰ ਸੀਸ ਸਤਲੁਜ ਸੰਧੀ ਵੀ ਕਿਹਾ ਜਾਂਦਾ ਹੈ। ਜੋ ਚਾਰਲਸ ਮੈਟਾਕਾਫ਼ ਅਤੇ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਹੋਈ। ਇਸ ਦੇ ਤਹਿਤ ਮਹਾਰਾਜਾ ਰਣਜੀਤ ਸਿੰਘ ਨੇ ਸਤਲੁਜ ਦਰਿਆ ਨੂੰ ਸੀਮਾ ਰੇਖਾ ਵਜੋਂ ਸਵੀਕਾਰ ਕਰ ਲਿਆ। ਮਹਾਰਾਜਾ ਨੇ ਦਰਿਆ ਸਤਲੁਜ ਦੇ ਦੱਖਣ ਨੂੰ ਪਾਰ ਨਾ ਕਰਨ ਦਾ ਵਾਅਦਾ ਕੀਤਾ। ਜਿਥੇ ਅੰਗਰੇਜ਼ਾਂ ਨੇ ਦਰਿਆ ਸਤਲੁਜ ਦੇ ਉੱਤਰ ਵਿੱਚ ਪਾਰ ਨਾ ਕਰਨ ਦਾ ਵਾਅਦਾ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫ਼ੌਜੀ ਤਾਕਤ ਪੱਛਮ ਵੱਲ ਲਾ ਦਿੱਤੀ। ਜਿਸ ਨਾਲ 1818 ਮੁਲਤਾਨ, 1819 ਵਿੱਚ ਕਸ਼ਮੀਰ ਤੇ 1834 ਵਿੱਚ ਪੇਸ਼ਾਵਰ 'ਤੇ ਕਬਜ਼ਾ ਕੀਤਾ। ਜੂਨ 1839 ਵਿੱਚ ਮਹਾਰਾਜਾ ਦੀ ਮੌਤ ਹੋ ਗਈ। ਪੰਜਾਬ ਵਿੱਚ ਅਰਾਜਕਤਾ ਫੈਲ ਗਈ। ਆਪਸੀ ਖਿੱਚੋਤਾਣ ਵਿੱਚ ਤੇਜ਼ੀ ਨਾਲ ਸਰਕਾਰਾਂ ਬਦਲੀਆਂ। ਮਹਾਰਾਜਾ ਦੇ ਵਾਰਿਸ ਕਮਜ਼ੋਰ ਅਤੇ ਅਸਮਰਥ ਸਾਬਤ ਹੋਏ। ਕਮਜ਼ੋਰ ਪ੍ਰਸ਼ਾਸਨ ਕਾਰਨ ਅੰਗਰੇਜ਼ਾਂ ਨੂੰ ਪੰਜਾਬ 'ਤੇ ਕਬਜ਼ਾ ਕਰਨ ਦਾ ਮੌਕਾ ਮਿਲਣ ਲੱਗਾ। ਮਹਾਰਾਜਾ ਦੀ ਮੌਤ ਤੋਂ ਬਾਅਦ ਉਸ ਦਾ ਵੱਡਾ ਪੁੱਤਰ ਖੜਕ ਸਿੰਘ ਉਤਰਾਧਿਕਾਰੀ ਬਣਿਆ। ਪਰ ਉਹ ਨਿਪੁੰਨ ਨਹੀਂ ਸੀ। ਉਸ ਦੇ ਕਾਰਜਕਾਲ ਵਿੱਚ ਦਰਬਾਰੀ ਧੜੇ ਸਰਗਰਮ ਹੋਣ ਲੱਗੇ। ਕੁਝ ਹੀ ਸਮੇਂ ਵਿੱਚ ਉਸ ਨੂੰ ਰਾਜ ਤੋਂ ਹਟਾ ਦਿੱਤਾ ਗਿਆ। ਉਸ ਦਾ ਪੁੱਤਰ ਪ੍ਰਿੰਸ ਨਵ ਨਿਹਾਲ ਸਿੰਘ ਰਾਜਾ ਬਣਿਆ। ਖੜਕ ਸਿੰਘ ਦੀ ਗੁੱਝੀ ਮੌਤ ਹੋ ਗਈ। ਪ੍ਰਿੰਸ ਨਵ ਨਿਹਾਲ ਸਿੰਘ ਦੀ ਵੀ ਸ਼ੱਕੀ ਹਾਲਾਤਾਂ ਵਿੱਚ ਮੌਤ ਹੋ ਗਈ, ਜਦੋਂ ਉਹ ਆਪਣੇ ਪਿਤਾ ਦੇ ਅੰਤਮ ਸਸਕਾਰ ਤੋਂ ਪਰਤ ਰਿਹਾ ਸੀ। ਜਿਸ ਨਾਲ ਪੰਜਾਬ ਵਿੱਚ ਅਰਾਜਕਤਾ ਫੈਲ ਗਈ। ਮਹਾਰਾਜਾ ਦਾ ਪੁੱਤਰ ਸ਼ੇਰ ਸਿੰਘ ਰਾਜਾ ਬਣਿਆ। ਸ਼ੇਰ ਸਿੰਘ ਦੀ ਸਤੰਬਰ 1843 ਵਿੱਚ ਹਤਿਆ ਹੋ ਗਈ। ਤੁਰੰਤ ਮਹਾਰਾਜਾ ਦੇ ਨਾਬਾਲਗ ਪੁੱਤਰ ਦਲੀਪ ਸਿੰਘ ਨੂੰ ਰਾਣੀ ਜਿੰਦਾ ਦੇ ਨਾਲ ਹੀਰਾ ਸਿੰਘ ਡੋਗਰਾ ਨੂੰ ਵਜ਼ੀਰ ਬਣਾਇਆ। ਸੰਨ 1844 ਵਿੱਚ ਹੀਰਾ ਸਿੰਘ ਡੋਗਰਾ ਦਾ ਕਤਲ ਹੋ ਗਿਆ। ਰਾਣੀ ਜਿੰਦਾ ਦੇ ਭਰਾ ਜਵਾਹਰ ਸਿੰਘ ਨੂੰ ਵਜ਼ੀਰ ਨਿਯੁਕਤ ਕੀਤਾ। ਫ਼ੌਜ ਉਸ ਦੇ ਖ਼ਿਲਾਫ਼ ਹੋ ਗਈ। ਉਸ ਨੂੰ ਲਾਂਭੇ ਕਰ ਦਿੱਤਾ ਤੇ ਬਾਅਦ ਵਿੱਚ ਮੌਤ ਦੇ ਘਾਟ ਉਤਾਰ ਦਿੱਤਾ।

ਮਹਾਰਾਜਾ ਦੇ ਅਕਾਲ ਚਲਾਣੇ ਦੇ ਸਾਢੇ ਕੁ ਛੇ ਸਾਲਾਂ ਬਾਅਦ ਅੰਗਰੇਜ਼ ਪੰਜਾਬ 'ਤੇ ਕਬਜ਼ਾ ਕਰਨ ਲਈ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੇ ਸਨ। ਉਹਨਾਂ ਦੀ ਨੀਅਤ ਸੀ ਕਿ ਪੰਜਾਬ ਉੱਤੇ ਕਬਜ਼ਾ ਕਰਕੇ ਸਾਰੇ ਹੀ ਹਿੰਦੁਸਤਾਨ 'ਤੇ ਰਾਜ ਕੀਤਾ ਜਾਵੇ। ਸੰਨ 1844 ਵਿੱਚ ਮੇਜਰ ਜਾਰਜ ਬਰੋਡਫੁੱਟ ਨੂੰ ਅੰਮ੍ਰਿਤਸਰ ਤਾਇਨਾਤ ਕੀਤਾ ਹੋਇਆ ਸੀ। ਉਸ ਰਾਹੀਂ ਅੰਗਰੇਜ਼ ਜਾਣ ਗਏ ਸਨ ਕਿ ਲਾਹੌਰ ਦਰਬਾਰ ਦੀ ਧੜੇਬੰਦੀ ਪ੍ਰਗਟ ਹੋ ਰਹੀ ਹੈ। ਆਪਸੀ ਖਿੱਚੋਤਾਣ ਅਤੇ ਹਤਿਆਵਾਂ ਦੀ ਲੜੀ ਵਿੱਚ ਸਾਰੀ ਤਾਕਤ ਫ਼ੌਜ ਦੇ ਹੱਥ ਆ ਗਈ।

ਲਾਲ ਸਿੰਘ ਫ਼ੌਜ 'ਤੇ ਕਬਜ਼ਾ ਕਰ ਖੁਦ ਵਜ਼ੀਰ ਬਣ ਗਿਆ। ਤੇਜ ਸਿੰਘ ਨੂੰ ਖ਼ਾਲਸਾ ਫ਼ੌਜ ਦਾ ਸੈਨਾਪਤੀ ਬਣਾਇਆ। ਉਹਨਾਂ ਮਤਾ ਪਕਾਇਆ ਕਿ ਸਿੱਖ ਫ਼ੌਜਾਂ ਨੂੰ ਅੰਗਰੇਜ਼ਾਂ ਨਾਲ ਲੜਾ ਕੇ ਤਬਾਹ ਕੀਤਾ ਜਾਵੇ। ਲਾਹੌਰ ਦਰਬਾਰ ਅੰਗਰੇਜ਼ਾਂ ਦੇ ਅਧੀਨ ਆ ਜਾਵੇ ਅਤੇ ਅੰਗਰੇਜ਼ਾਂ ਦੀ ਮਦਦ ਨਾਲ ਅਸੀਂ ਮੁਖਤਿਆਰ ਵਜ਼ੀਰ ਹੋਈਏ। ਅੰਗਰੇਜ਼ਾਂ ਨੂੰ ਲਾਹੌਰ ਦਰਬਾਰ ਦੇ ਗੱਦਾਰਾਂ ਦੀ ਮਦਦ ਮਿਲ ਗਈ।

ਅੰਗਰੇਜ਼ਾਂ ਨੇ ਸਿੱਖ ਰਾਜ ਦੀ ਸਰਹੱਦ ਨੇੜੇ ਫ਼ੌਜੀ ਛਾਉਣੀਆਂ ਤੇ ਜੰਗੀ ਫ਼ੌਜੀ ਸਮਾਨ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਪਹਿਲਾਂ 1839 ਵਿੱਚ ਅੰਗਰੇਜ਼ਾਂ ਦੀ ਕੇਵਲ ਇੱਕ ਛਾਉਣੀ ਲੁਧਿਆਣਾ ਸੀ। ਇਸੇ ਸਾਲ ਦੇ ਅਖੀਰ ਵਿੱਚ ਫ਼ਿਰੋਜ਼ਪੁਰ ਦੂਸਰੀ ਛਾਉਣੀ ਪਾਈ ਗਈ। ਫਿਰ ਅੰਬਾਲਾ, ਕਸੌਲੀ, ਸ਼ਿਮਲਾ ਆਦਿ ਛਾਉਣੀਆਂ ਸਥਾਪਤ ਕੀਤੀਆਂ। ਸੰਨ 1839-1845 ਤੱਕ ਅੰਗਰੇਜ਼ਾਂ ਦੀ ਭਾਰੀ ਫ਼ੌਜ ਤੋਪਾਂ ਨਾਲ ਤਾਇਨਾਤ ਹੋ ਗਈ। ਨਾਲ ਹੀ ਮੇਰਠ, ਕਰਨਾਲ ਵਿੱਚ ਵੀ ਫ਼ੌਜੀ ਤਾਕਤ ਵਧਾ ਲਈ। ਇਸ ਤਰਾਂ 1809 ਦੀ ਸੰਧੀ ਦੀ ਉਲੰਘਣਾ ਕਰਕੇ ਸੰਧੀ ਟੁੱਟ ਗਈ।

ਸ਼ਾਹ ਸੁਜਾਹ ਨੂੰ ਤਖ਼ਤ 'ਤੇ ਬਿਠਾ ਕੇ ਵਾਪਸ ਆਉਂਦੀ ਅੰਗਰੇਜ਼ ਫ਼ੌਜ ਸਿੱਖ ਇਲਾਕੇ ਵਿਚੋਂ ਲੰਘੀ। ਸਿੱਖਾਂ ਨੇ ਵਿਰੋਧ ਜਤਾਇਆ ਤਾਂ ਅੰਗਰੇਜ਼ਾਂ ਨੇ ਇਕਰਾਰ ਕੀਤਾ ਕਿ ਮੁੜ ਅੰਗਰੇਜ਼ ਫ਼ੌਜ ਨਹੀਂ ਲੰਘਾਉਂਦੇ ਪਰ ਲਾਲ ਸਿੰਘ ਤੇ ਤੇਜ ਸਿੰਘ ਦੇ ਭੜਕਾਏ ਹੋਏ ਫ਼ੌਜੀ ਪੰਚ ਲੜਾਈ ਦੇ ਹੱਕ ਵਿੱਚ ਸਨ। ਤਦ 17 ਸਤੰਬਰ 1845 ਨੂੰ ਅੰਗਰੇਜ਼ਾਂ ਨਾਲ ਜੰਗ ਕਰਨ ਦਾ ਫੈਸਲਾ ਹੋ ਗਿਆ। ਸਿੱਖ ਖ਼ਾਲਸਾ ਸਲਤਨਤ ਅਤੇ ਈਸਟ ਇੰਡੀਆ ਕੰਪਨੀ ਵਿਚਕਾਰ ਪਹਿਲੀ ਅੰਗਰੇਜ਼ ਸਿੱਖ ਜੰਗ ਮੁਦਕੀ ਵਿਖੇ 18 ਦਸੰਬਰ 1845 ਨੂੰ ਉਤਰ ਪੱਛਮੀ ਭਾਰਤ ਦੇ ਪੰਜਾਬ ਸਤਲੁਜ ਦਰਿਆ ਦੇ ਦੱਖਣੀ ਕੰਢੇ ਉੱਤੇ ਹੋਈ। ਜਿਸ ਵਿੱਚ ਅੰਗਰੇਜ਼ ਫ਼ੌਜ, ਬੰਗਾਲ ਫ਼ੌਜ, ਭਾਰਤੀ ਫ਼ੌਜਾਂ ਵਿਰੁੱਧ ਸਿੱਖ ਖ਼ਾਲਸਾ ਫ਼ੌਜ ਸੀ। ਸਿੱਖ ਫ਼ੌਜ ਦੀ ਮੁੱਖ ਕਮਾਨ ਲਾਲ ਸਿੰਘ ਹੇਠ ਸੀ। ਅੰਗਰੇਜ਼ ਫ਼ੌਜ ਦੀ ਕਮਾਨ ਸਰ ਹਿਊਰਾ ਰਾਫ਼ ਅਤੇ ਹੈਨਰੀ ਹਾਰਡਿੰਗ ਕੋਲ ਸੀ। ਸਿੱਖ ਫ਼ੌਜ 18500 ਅਤੇ ਤੋਪਾਂ 22 ਸਨ।



ਅੰਗਰੇਜ਼ ਫ਼ੌਜ 10000-17000 ਅਤੇ ਤੋਪਾਂ 42 ਸਨ। ਅੰਗਰੇਜ਼ ਫ਼ੌਜ ਦੀਆਂ 216 ਮੌਤਾਂ ਅਤੇ 657 ਜ਼ਖ਼ਮੀ ਸਨ। ਸਿੱਖਾਂ ਦੇ ਜਾਨੀ ਨੁਕਸਾਨ ਦਾ ਪਤਾ ਨਹੀਂ। ਅੰਗਰੇਜ਼ਾਂ ਦੀ ਅੰਕੁਸ਼ ਜਿੱਤ। ਅੰਗਰੇਜ਼ਾਂ ਨੇ 20 ਨਵੰਬਰ, 1845 ਦੇ ਦਿਨ ਅੰਬਾਲਾ ਤੇ ਮੇਰਠ ਛਾਉਣੀਆਂ ਦੀਆਂ ਫ਼ੌਜਾਂ ਨੂੰ ਜੰਗੀ ਤਿਆਰੀ ਕਰਨ ਦਾ ਹੁਕਮ ਦੇ ਦਿੱਤਾ। ਦਸੰਬਰ 10,1845 ਨੂੰ ਇਹ ਫ਼ੌਜਾਂ ਫ਼ਿਰੋਜ਼ਪੁਰ ਵੱਲ ਚੱਲ ਚੁੱਕੀਆਂ ਸਨ। ਜਿਸ ਦੀ ਅਗਵਾਈ ਸਰ ਹੈਨਰੀ ਹਾਰਡਿੰਗ ਨੇ ਕੀਤੀ। ਇਸ ਦੇ ਨਾਲ ਹੀ ਲੁਧਿਆਣਾ ਦਾ ਬਰੀਮੇਡੀਅਰ ਵੀਲਰ ਦੀ ਵੱਡੀ ਫ਼ੌਜ ਫ਼ਿਰੋਜ਼ਪੁਰ ਮੁਦਕੀ ਪਹੁੰਚ ਚੁੱਕੀ ਸੀ। ਅੰਗਰੇਜ਼ ਫ਼ੌਜ ਦੀ ਗਿਣਤੀ 7000 ਸੀ। ਲਾਹੌਰ ਵਿੱਚ ਲਾਲ ਸਿੰਘ ਤੇ ਤੇਜ਼ ਨੇ 24 ਨਵੰਬਰ 1845 ਨੂੰ ਫ਼ੌਜਾਂ ਕੂਚ ਕਰਨ ਦਾ ਹੁਕਮ ਦਿੱਤਾ। ਦਸੰਬਰ 12-13 ਨੂੰ ਸਿੱਖ ਫ਼ੌਜਾਂ ਲਾਹੌਰ ਦਰਬਾਰ ਦੇ ਸਤਲੁਜ ਦਰਿਆ ਦੇ ਦੂਸਰੇ ਪਾਰ ਪਹੁੰਚ ਗਈਆਂ। ਫ਼ੌਜ ਦੀ ਗਿਣਤੀ 18500 ਸੀ ਤੇ ਤੋਪਾਂ 60 ਸਨ। ਅੰਗਰੇਜ਼ ਫ਼ੌਜ 7000 ਸੀ। ਇੱਥੇ ਅੰਗਰੇਜ਼ਾਂ ਦਾ 60 ਲੱਖ ਰੁਪਿਆ ਅਤੇ ਕੁਝ ਜੰਗੀ ਫ਼ੌਜੀ ਸ਼ਮਿਆਨ ਸੀ। ਜੇ ਸਿੱਖ ਫ਼ੌਜ ਉਸ ਵੇਲੇ ਹਮਲਾ ਕਰ ਦੇਂਦੀ ਤਾਂ ਅੰਗਰੇਜ਼ੀ ਫ਼ੌਜ ਨੂੰ ਖਤਮ ਕਰਕ ਫ਼ਿਰੋਜ਼ਪੁਰ ਤੇ ਕਬਜ਼ਾ ਕਰ ਸਕਦੀ ਸੀ। ਲੁੱਟੇ ਹੋਏ ਰੁਪਏ ਅਤੇ ਫ਼ੌਜੀ ਸਮਾਨਾ ਨਾਲ ਅਗਲੀ ਲੜਾਈ ਜਿੱਤੀ ਜਾ ਸਕਦੀ ਸੀ ਪਰ ਲਾਲ ਸਿੰਘ ਨੇ 16 ਦਸੰਬਰ 1845 ਨੂੰ ਫ਼ਿਰੋਜ਼ਪੁਰ ਫ਼ੌਜ ਦੇ ਕਪਤਾਨ ਨਿਕਸਨ ਨਾਲ ਰਾਬਤਾ ਕਾਇਮ ਕੀਤਾ ਕਿ ਮੈਂ ਸਿੱਖ ਫ਼ੌਜ ਨਾਲ ਸਤਲੁਜ ਦਰਿਆ ਪਾਰ ਕੀਤਾ ਹੈ। ਤੁਸੀਂ ਮੇਰੀ ਦੋਸਤੀ ਨੂੰ ਜਾਣਦੇ ਹੋ, ਮੈਨੂੰ ਹੁਣ ਦਸੋ ਕੀ ਕਰਾਂ। ਨਿਕਸਨ ਨੇ ਕਿਹਾ ਕਿ ਫਿਰੋਜ਼ਪੁਰ ਤੇ ਹਮਲਾ ਨਹੀਂ ਕਰਨਾ। ਜਿੰਨੀ ਦੇਰ ਰੁਕ ਸਕਦੇ ਹੋ ਰੁਕੋ ਫਿਰ ਗਵਰਨਰ ਜਨਰਲ ਵੱਲ ਕੂਚ ਕਰੋ। ਲਾਲ ਸਿੰਘ ਨੇ ਨਿਕਸਨ ਨੂੰ ਕਿਹਾ ਕਿ ਤੁਸੀਂ ਨਿਸ਼ਚਿੰਤ ਰਹੋ। ਲਾਲ ਸਿੰਘ ਨੇ ਸਿੱਖ ਫ਼ੌਜ ਨੂੰ ਗੁੰਮਰਾਹ ਕਰਕੇ ਕੁਰਾਹੇ ਪਾਇਆ। ਉਸ ਨੇ ਨਿਕਸਨ ਦੀ ਤਜਵੀਜ਼ ਮੁਤਾਬਿਕ ਖ਼ਾਲਸਾ ਫ਼ੌਜ ਨੂੰ ਤਿੰਨ ਹਿੱਸਿਆ ਵਿੱਚ ਵੰਡ ਦਿੱਤਾ। ਇੱਕ ਹਿੱਸਾ ਫਿਰੋਜ਼ਪੁਰ ਰਹਿਣ ਦਿੱਤਾ। ਇੱਕ ਅੱਗੇ ਫੇਰੂ ਸ਼ਹਿਰ ਪਹੁੰਚਾਇਆ। ਇੱਕ ਮੁਦਕੀ ਵੱਲ ਤੋਰਿਆ। ਖ਼ਾਲਸਾ ਫ਼ੌਜ ਨੂੰ ਇਹ ਕਹਿ ਕੇ ਉਲਝਾਇਆ ਕਿ ਅਸੀਂ ਛੋਟੇ ਕਪਤਾਨ ਨਾਲ ਨਹੀਂ ਲੜਨਾ ਇਹ ਸਾਡੇ ਵਿਰਸੇ ਦੀ ਸ਼ਾਨ ਦੇ ਖ਼ਿਲਾਫ਼ ਹੈ। ਚਲੋ ਸਿੱਧਾਂ ਗਵਰਨਰ ਜਨਰਲ ਨਾਲ ਲੜ ਕੇ ਬਹਾਦਰੀ ਦੇ ਜੌਹਰ ਵਿਖਾਈਏ।

17 ਦਸੰਬਰ ਦੀ ਰਾਤ ਲਾਲ ਸਿੰਘ 5000 ਪੈਦਲ ਫ਼ੌਜ 8000 ਘੋੜ ਸਵਾਰ ਫ਼ੌਜ 30 ਕੁ ਤੋਪਾਂ ਨਾਲ ਮੁਦਕੀ ਵੱਲ ਤੁਰ ਪਿਆ। ਅੰਗਰੇਜ਼ਾਂ ਨਾਲ ਬਣਾਈ ਯੋਜਨਾ ਮੁਤਾਬਿਕ ਲਾਲ ਸਿੰਘ ਨੇ ਮੁਦਕੀ ਵੱਲ ਹਮਲਾ ਕਰਵਾਇਆ। 18 ਦਸੰਬਰ 1845 ਦੇ ਦਿਨ ਮੁਦਕੀ ਦੀ ਜੰਗ ਹੋਈ। ਦਿਨ ਢੱਲ ਚੁੱਕਾ ਸੀ। ਅੰਗਰੇਜ਼ਾਂ ਕੋਲ ਵੀ ਸਿੱਖਾਂ ਜਿੰਨੀ ਹੀ ਫ਼ੌਜ ਸੀ। ਉਹਨਾਂ ਕੋਲ 50 ਤੋਪਾਂ ਸਨ। ਖ਼ਾਲਸਾ ਫ਼ੌਜ ਨੇ ਅੰਗਰੇਜ਼ੀ ਫ਼ੌਜ 'ਤੇ ਅਜਿਹਾ ਹਮਲਾ ਕੀਤਾ ਕਿ ਉਹ ਪਿਛਾਂਹ ਹੱਟ ਕੇ ਲੁਕਦੀ ਫਿਰੀ। ਲਾਲ ਸਿੰਘ ਸਿੱਖਾਂ ਨੂੰ ਜਿੱਤ ਵੱਲ ਵੱਧਦਾ ਵੇਖ ਕੇ ਘਬਰਾ ਗਿਆ। ਉਸ ਨੇ ਤਾਂ ਖ਼ਾਲਸਾ ਫ਼ੌਜ ਨੂੰ ਹਰਾਉਣਾ ਸੀ। ਉਸ ਦੀਆਂ ਬਾਕੀ ਫ਼ੌਜਾਂ ਵੀ ਮੈਦਾਨ ਵਿਚੋਂ ਖਿਸਕ ਗਈਆਂ।

ਸਿੱਖ ਜਰਨੈਲ ਨੱਸ ਗਏ, ਪਰ ਖ਼ਾਲਸਾ ਫ਼ੌਜ ਬੜੀ ਦ੍ਰਿੜ੍ਹਤਾ ਨਾਲ ਲੜੀ, ਉਹਨਾਂ ਆਪਣੇ ਜੀਵਨ ਦੀ ਬਾਜੀ ਲਗਾ ਸਭ ਕੁਝ ਦਾਅ 'ਤੇ ਲਾ ਦਿੱਤਾ ਸੀ। ਅੰਗਰੇਜ਼ ਫ਼ੌਜ ਗਿਣਤੀ ਵਿੱਚ ਜਿਆਦਾ ਸੀ। ਅੰਗਰੇਜ਼ ਤੋਪਾਂ ਦੀ ਭਾਰੀ ਮਾਰ ਦਾ ਸਾਹਮਣਾ ਖ਼ਾਲਸਾ ਫ਼ੌਜ ਨੂੰ ਕਰਨਾ ਪਿਆ। ਫਿਰ ਵੀ ਸਿੱਖ ਖ਼ਾਲਸਾ ਫ਼ੌਜ ਦੇ ਸਾਹਮਣੇ ਅੰਗਰੇਜ਼ਾਂ ਦੇ ਛੱਕੇ ਛੁੱਟ ਗਏ। ਅੰਗਰੇਜ਼ਾਂ ਨੂੰ ਇੱਕ ਵਾਰ ਤਾਂ ਆਪਣੀ ਹਾਰ ਜਾਪਣ ਲੱਗੀ ਪਰ ਅੰਗਰੇਜ਼ਾਂ ਕੋਲ ਫ਼ੌਜ ਦੀ ਅਗਵਾਈ ਇੱਕ ਤਜਰਬੇਕਾਰ ਅਤੇ ਦਲੇਰ ਹਾਰਡਿੰਗ ਕੋਲ ਸੀ। ਸਿੱਖ ਫ਼ੌਜ ਆਗੂਆਂ ਤੋਂ ਬਗੈਰ ਲੜ ਰਹੀ ਸੀ। ਰਾਤ ਪੈ ਗਈ, ਵੈਰੀ ਦਲ ਦਾ ਜੋਰ ਪੈ ਗਿਆ। ਸਿੱਖ ਫ਼ੌਜਾਂ ਹੋਲੀ ਹੋਲੀ ਮੌਕਾ ਵੇਖਦੀ ਲੜਦੀ ਲੜਦੀ ਪਿੱਛੇ ਹੱਟਦੀ ਗਈ। ਅੰਗਰੇਜ਼ਾਂ ਸਮੇਤ ਸਭ ਹੀ ਇਤਿਹਾਸਕਾਰਾਂ ਦੀ ਇੱਕੋ ਰਾਇ ਹੈ ਕਿ ਜੇਕਰ ਲਾਲ ਸਿੰਘ ਲਾਹੌਰ ਦਰਬਾਰ ਦਾ ਵਫ਼ਾਦਾਰ ਹੁੰਦਾ ਤਾਂ ਜੰਗ ਦੇ ਮੈਦਾਨ ਵਿਚੋਂ ਨਾ ਖਿਸਕਦਾ ਤਾਂ ਸਿੱਖ ਅੰਗਰੇਜ਼ ਫ਼ੌਜ ਨੂੰ ਮਾਤ ਦੇ ਸਕਦੇ ਸਨ। ਸਿੱਖ ਮੁਦਕੀ ਦੀ ਜੰਗ ਜਿੱਤ ਕੇ ਨਾ ਹਾਰਦੇ ਪਰ ਫਿਰ ਵੀ ਭਿਆਨਕ ਮੁਕਾਬਲਾ ਸੀ। ਅੰਗਰੇਜ਼ਾਂ ਦੀ ਇਹ ਜੰਗ ਬਾਕੀ ਜੰਗਾਂ ਵਾਂਗ ਪ੍ਰਭਾਵਸ਼ਾਲੀ ਨਹੀਂ ਸੀ।

ਅਗਲੀ ਸਵੇਰ ਖ਼ਾਲਸਾ ਸਿੱਖ ਫ਼ੌਜ ਦੀਆਂ 17 ਤੋਪਾਂ ਅੰਗਰੇਜ਼ਾਂ ਦੇ ਹੱਥ ਅ ਾ ਗਈਆਂ। ਜੰਗ ਤੋਂ ਬਾਅਦ ਕੁਝ ਅੰਗਰੇਜ਼ ਫ਼ੌਜੀ ਰਾਹ ਭੁੱਲ ਕੇ ਸਿੱਖ ਛਾਉਣੀ ਵਿੱਚ ਚਲੇ ਗਏ। ਸਿੱਖ ਸਰਦਾਰਾਂ ਨੇ ਬਾਇੱਜ਼ਤ ਉਹਨਾਂ ਨੂੰ ਰਾਹ ਖਰਚ ਲਈ ਪੈਸੇ ਦੇ ਕੇ ਅੰਗਰੇਜ਼ ਛਾਉਣੀਆਂ ਵਿੱਚ ਪਹੁੰਚਾ ਦਿੱਤਾ। ਪਹਿਲੀ ਸਿੱਖ ਅੰਗਰੇਜ਼ ਜੰਗ ਮੁਦਕੀ ਵਿੱਚ ਹਿੱਸਾ ਲੈਣ ਵਾਲੇ ਬ੍ਰਿਟਿਸ਼ ਅਤੇ ਭਾਰਤੀ ਸਿਪਾਹੀਆਂ ਨੂੰ ਸਤਲੁਜ ਮੁਹਿੰਮ 1845-1846 ਦਾ ਮੈਡਲ ਮਿਲਿਆ।

# ਇਤਿਹਾਸ ਦਾ ਲਾਸਾਨੀ ਪੰਨਾ ਸਾਕਾ ਸਰਹਿੰਦ



ਐਡਵੋਕੇਟ ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ
ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ



ਸਰਬੰਸਦਾਨੀ, ਸਾਹਿਬ-ਏ-ਕਮਾਲ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਇਤਿਹਾਸ ਆਪਣੇ-ਆਪ ਵਿੱਚ ਲਾਸਾਨੀ ਅਤੇ ਵਿਲੱਖਣ ਹੈ। ਦੁਨੀਆਂ ਦੇ ਧਾਰਮਿਕ ਇਤਿਹਾਸ ਅੰਦਰ ਅਜਿਹੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਧਰਮਾਂ ਦੇ ਇਤਿਹਾਸ ਵਿੱਚ ਸਾਕਾ ਸਰਹਿੰਦ ਉਹ ਘਟਨਾ ਹੈ ਜਿਸ ਨੇ ਸਿੱਖ ਮਨਾਂ ਅੰਦਰ ਸਮੇਂ ਦੀ ਹਕੂਮਤ ਵਿਰੁੱਧ ਗੁੱਸੇ ਤੇ ਰੋਹ ਦੀ ਅੱਗ ਨੂੰ ਹੋਰ ਤਿੱਖਾ ਕੀਤਾ ਅਤੇ ਇਸ ਤੋਂ ਸ਼ਕਤੀ ਤੇ ਪ੍ਰੇਰਨਾ ਲੈ ਕੇ ਸਿੱਖਾਂ ਨੇ ਜ਼ਾਲਮ ਮੁਗ਼ਲ ਹਕੂਮਤ ਨਾਲ ਜ਼ਬਰਦਸਤ ਟੱਕਰ ਲਈ।

ਜਿਸ ਸਮੇਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਸੂਬਾ ਸਰਹਿੰਦ ਦੇ ਹੁਕਮ ਨਾਲ ਜਿੰਦਾ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕੀਤਾ ਗਿਆ ਤਾਂ ਸਾਹਿਬਜ਼ਾਦਿਆਂ ਦੀ ਉਮਰ ਭਾਵੇਂ ਬਹੁਤ ਛੋਟੀ ਸੀ ਪਰ ਉਨ੍ਹਾਂ ਦੀ ਦਲੇਰੀ ਅਤੇ ਸਿੱਖੀ ਪ੍ਰਤੀ ਦ੍ਰਿੜ੍ਹਤਾ ਪ੍ਰੌੜ੍ਹ ਉਮਰ ਤੋਂ ਘੱਟ ਨਹੀਂ ਸੀ।

ਸਾਹਿਬਜ਼ਾਦਿਆਂ ਨੇ ਜਿਸ ਦਲੇਰੀ, ਸਿਦਕਦਿਲੀ ਅਤੇ ਜਿੰਦਾਦਿਲੀ ਨਾਲ ਸੂਬੇ ਦੀ ਕਚਹਿਰੀ ਵਿੱਚ ਸਵਾਲਾਂ ਦੇ ਜਵਾਬ ਦਿੱਤੇ, ਉਸ ਵੱਲੋਂ ਧਰਮ ਛੱਡਣ ਖ਼ਾਤਰ ਦਿੱਤੇ ਜਾ ਰਹੇ ਲਾਲਚਾਂ ਨੂੰ ਠੁਕਰਾਇਆ ਤੇ ਸ਼ਹਾਦਤ ਨੂੰ ਕਬੂਲ ਕੀਤਾ, ਉਸ ਦਾ ਵਿਸ਼ਵ ਦੇ ਧਰਮ ਇਤਿਹਾਸ ਅੰਦਰ ਕੋਈ ਮੁਕਾਬਲਾ ਨਹੀਂ ਮਿਲਦਾ।

ਇਹ ਚੜ੍ਹਦੀ ਕਲਾ ਦੀ ਜੀਵਤ ਮਿਸਾਲ ਹੈ। ਇਸੇ ਲਈ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਸਿੱਖ ਅਤੇ ਗ਼ੈਰ ਸਿੱਖ ਇਤਿਹਾਸਕਾਰਾਂ ਨੇ ਅਦੁੱਤੀ ਕਿਹਾ ਹੈ। ਕਹਿਰ ਦੀ ਠੰਢੀ ਰਾਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸੇ ਸਮੇਤ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣਾ, ਸਰਸਾ ਨੇ ਰਸਤਾ ਰੋਕਣਾ, ਪਰਿਵਾਰ ਦਾ ਖੇਰੂੰ-ਖੇਰੂੰ ਹੋਣਾ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਆਦਿ ਸਭ ਘਟਨਾਵਾਂ ਸਿੱਖ ਇਤਿਹਾਸ ਦੇ ਵੱਡੇ ਪਹਿਲੂ ਹਨ।

ਸਰਸਾ ਨੂੰ ਪਾਰ ਕਰਨ ਤੋਂ ਬਾਅਦ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਆਪ ਦੇ ਮਾਤਾ ਜੀ, ਸਾਹਿਬਜ਼ਾਦੇ ਅਤੇ ਆਪ ਜੀ ਦੇ ਮਹਿਲ ਸਭ ਵਿੱਛੜ ਗਏ। ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਨਾਲ ਗੁਰੂ-ਘਰ ਦੇ ਰਸੋਈਏ ਗੰਗੂ ਨਾਲ ਉਸ ਦੇ ਪਿੰਡ ਖੇੜੀ (ਸਹੇੜੀ) ਆ ਗਏ। ਮਾਤਾ ਜੀ ਕੋਲ ਸੋਨੇ ਦੀਆਂ ਮੋਹਰਾਂ ਵੇਖ ਅਤੇ ਸਰਕਾਰੀ ਇਨਾਮ ਦੇ ਲਾਲਚ 'ਚ ਗੰਗੂ ਡੋਲ ਗਿਆ। ਗੰਗੂ ਵੱਲੋਂ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨਾਲ ਕੀਤੇ ਵਿਸ਼ਵਾਸਘਾਤ ਬਾਰੇ ਅੱਲਾ ਯਾਰ ਖਾਂ ਜੋਗੀ ਲਿਖਦੇ ਹਨ:

ਬਦਜ਼ਾਤ ਬਦ-ਸਿਫਾਤ ਵਹੁ ਗੰਗੂ ਨਮਕ-ਹਰਾਮ।
ਟੁਕੜੋਂ ਪੇ ਸਤਗੁਰੂ ਕੇ ਜੋ ਪਲਤਾ ਰਹਾ ਮੁਦਾਮ।
ਦੁਨੀਆ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਿਆ।
ਦੁਸ਼ਮਨ ਭੀ ਜੁ ਨ ਕਰਤਾ ਵਹੁ ਯਿ ਕਾਮ ਕਰ ਗਿਆ।

ਗੰਗੂ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਖ਼ਬਰ ਮੋਰਿੰਡੇ ਥਾਣੇ ਜਾ ਦਿੱਤੀ ਜਿੱਥੇ ਸਾਹਿਬਜ਼ਾਦਿਆਂ ਨੂੰ ਮਾਤਾ ਜੀ ਸਮੇਤ ਗ੍ਰਿਫ਼ਤਾਰ ਕਰ ਕੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਦੇ ਹਵਾਲੇ ਕੀਤਾ ਗਿਆ। ਸੂਬੇਦਾਰ ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਠੰਢੇ ਬੁਰਜ 'ਚ ਕੈਦ ਕਰ ਦਿੱਤਾ।

ਕਹਿਰ ਦੀ ਸੀਤ 'ਚ ਭੁੱਖੇ-ਭਾਣੇ ਸਾਹਿਬਜ਼ਾਦੇ ਸਾਰੀ ਰਾਤ ਦਾਦੀ ਮਾਂ ਦੀ ਗੋਦ 'ਚ ਬੈਠੇ ਗੁਰੂ ਪਿਤਾ ਦੀ ਸੂਰਮਗਤੀ, ਦਾਦਿਆਂ-ਪੜਦਾਦਿਆਂ ਦੀ ਕੁਰਬਾਨੀ ਦੀਆਂ ਬਾਤਾਂ ਸੁਣਦੇ ਸਿੱਖੀ ਅਸੂਲਾਂ 'ਤੇ ਦ੍ਰਿੜ੍ਹ ਰਹਿਣ ਲਈ ਸਿੱਖਿਆ ਲੈਂਦੇ ਰਹੇ। ਦਿਨ ਚੜ੍ਹਦਿਆਂ ਸਾਹਿਬਜ਼ਾਦਿਆਂ ਨੂੰ ਕਚਹਿਰੀ 'ਚ ਪੇਸ਼ ਕਰਨ ਦਾ ਹੁਕਮ ਹੋਇਆ। ਸਾਹਿਬਜ਼ਾਦੇ ਬੁਲੰਦ ਹੌਸਲੇ 'ਚ ਸਨ। ਮਾਤਾ ਗੁਜਰੀ ਜੀ ਨੇ ਬੱਚਿਆਂ ਨੂੰ ਤਿਆਰ ਕੀਤਾ।

ਸਾਹਿਬਜ਼ਾਦਿਆਂ ਨੂੰ ਕਚਹਿਰੀ 'ਚ ਵਜ਼ੀਰ ਖਾਂ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਨ੍ਹਾਂ ਨੂੰ ਪਹਿਲਾਂ ਧਨ, ਦੌਲਤ, ਜਗੀਰਾਂ, ਸ਼ਾਹੀ ਡੋਲੀਆਂ ਦੇ ਲਾਲਚ ਦੇ ਕੇ ਇਸਲਾਮ ਧਰਮ ਧਾਰਨ ਕਰਨ ਲਈ ਕਿਹਾ ਗਿਆ, ਫਿਰ ਸਰੀਰਕ ਕਸ਼ਟ ਤੇ ਮੌਤ ਦੇ ਡਰਾਵੇ ਦਿੱਤੇ ਗਏ ਪਰ ਕੋਮਲ ਜਿੰਦਾਂ ਦੇ ਚਿਹਰਿਆਂ 'ਤੇ ਸਿੱਖੀ ਪਿਆਰ, ਬੀਰਤਾ ਤੇ ਜੁਰਅਤ ਪ੍ਰਤੱਖ ਦਿਸ ਰਹੀ ਸੀ। ਸਾਹਿਬਜ਼ਾਦਿਆਂ ਦੇ ਅਡੋਲ ਚਿੱਤ ਰਹਿੰਦਿਆਂ ਰੋਅਬ ਭਰੇ ਜਵਾਬਾਂ ਨੇ ਸਭ ਨੂੰ ਕੰਬਣੀ ਛੇੜ ਦਿੱਤੀ।

ਸਾਹਿਬਜ਼ਾਦਿਆਂ ਨੂੰ ਇਸਲਾਮ ਧਾਰਨ ਕਰਵਾਉਣ ਲਈ ਲਾਲਚ, ਡਰਾਵੇ ਤੇ ਧਮਕੀਆਂ ਦਾ ਦੌਰ ਚੱਲਦਾ ਰਿਹਾ। ਪੇਸ਼ ਨਾ ਜਾਂਦੀ ਵੇਖ ਕੇ ਮੁੱਲਾਂ ਤੇ ਕਾਜ਼ੀਆਂ ਨੂੰ ਸਾਹਿਬਜ਼ਾਦਿਆਂ ਦੀ ਸਜ਼ਾ ਨਿਸ਼ਚਤ ਕਰਨ ਲਈ ਕਿਹਾ ਗਿਆ ਜਿਸ 'ਤੇ ਉਨ੍ਹਾਂ ਸਾਹਿਬਜ਼ਾਦਿਆਂ ਨੂੰ ਨੀਂਹਾਂ 'ਚ ਚਿਣ ਕੇ ਸ਼ਹੀਦ ਕਰਨ ਦਾ ਹੁਕਮ ਸੁਣਾਇਆ।

ਇੰਝ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਿਹ ਸਿੰਘ ਜੀ ਨੇ ਲਾਸਾਨੀ ਸ਼ਹਾਦਤ ਪ੍ਰਾਪਤ ਕਰ ਕੇ ਦੁਨੀਆ ਦੇ ਇਤਿਹਾਸ ਅੰਦਰ ਨਿਵੇਕਲਾ ਪੰਨਾ ਸਿਰਜਿਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਮਾਤਾ ਗੁਜਰੀ ਜੀ ਵੀ ਠੰਢੇ ਬੁਰਜ ਵਿੱਚ ਗੁਰਪੁਰੀ ਪਿਆਨਾ ਕਰ ਗਏ।

ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸਸਕਾਰ ਲਈ ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾਂ ਦੇ ਕੇ ਜ਼ਮੀਨ ਖ਼ਰੀਦੀ, ਜਿਸ ਸਥਾਨ 'ਤੇ ਗੁਰਦੁਆਰਾ ਜੋਤੀ ਸਰੂਪ ਸੁਭਾਇਮਾਨ ਹੈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਸਿੱਖ ਸੰਘਰਸ਼ ਵਿੱਚ ਨਵੀਂ ਰੂਹ ਫੂਕ ਦਿੱਤੀ। ਦਸਮੇਸ਼ ਪਿਤਾ ਜੀ ਦਾ ਥਾਪੜਾ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਅਜਿਹੀ ਉਥਲ-ਪੁਥਲ ਲਿਆਂਦੀ ਕਿ ਮੁਗ਼ਲ ਸਾਮਰਾਜ ਦੀਆਂ ਜੜ੍ਹਾਂ ਹਿੱਲ ਗਈਆਂ। ਸਿੱਖ ਯੋਧਿਆਂ ਨੇ ਸਮੇਂ ਦੇ ਹੈਂਕੜਬਾਜ਼ ਵਜ਼ੀਰ ਖਾਂ ਅਤੇ ਉਸ ਦੇ ਦਰਬਾਰੀਆਂ ਦੀ ਜੋ ਦਸ਼ਾ ਕੀਤੀ ਉਹ ਇਤਿਹਾਸ ਬਣ ਗਿਆ।

ਇਸ ਸਾਕੇ ਪਿੱਛੋਂ ਖ਼ਾਲਸੇ ਨੇ ਸਿੱਖ ਰਾਜ ਦੀ ਮੰਜ਼ਿਲ ਵੀ ਸਰ ਕੀਤੀ। ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਸਿੱਖ ਕੌਮ ਲਈ ਮਾਰਗ ਦਰਸ਼ਕ ਹੈ। ਇਹ ਸ਼ਹਾਦਤਾਂ ਸਾਨੂੰ ਸਿੱਖ ਧਰਮ ਦੀਆਂ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣ ਲਈ ਸਦਾ ਤਤਪਰ ਰਹਿਣ ਦੀ ਪ੍ਰੇਰਨਾ ਦਿੰਦੀਆਂ ਆ ਰਹੀਆਂ ਹਨ।

DIAMOND TRANSPORTATION
DIAMOND Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035






# ਵਾਤਾਵਰਣ ਵਿੱਚ ਮੌਜੂਦ ਹਨ ਕਈ ਤਰ੍ਹਾਂ ਦੇ ਪ੍ਰਦੂਸ਼ਣ

## ਮਨੁੱਖੀ ਸਿਹਤ ਲਈ ਖ਼ਤਰਨਾਕ ਹੈ ਹਵਾ ਪ੍ਰਦੂਸ਼ਣ



ਸ਼ਹਿਰੀਕਰਨ ਅਤੇ ਉਦਯੋਗੀਕਰਨ ਕਾਰਨ ਵਾਤਾਵਰਣ ਵਿੱਚ ਪ੍ਰਦੂਸ਼ਣ ਦੀ ਮਾਤਰਾ ਇੰਨੀ ਵੱਧ ਗਈ ਹੈ ਕਿ ਭਵਿੱਖ ਵਿੱਚ ਇਸ ਦੇ ਕਈ ਮਾੜੇ ਪ੍ਰਭਾਵ ਪੈ ਸਕਦੇ ਹਨ। ਤੁਸੀਂ ਸ਼ਾਇਦ ਹੁਣ ਇਸ ਨੂੰ ਗੰਭੀਰਤਾ ਨਾਲ ਨਾ ਲਓ ਪਰ ਜੇਕਰ ਅਸੀਂ ਲੋੜੀਂਦੇ ਕਦਮ ਨਾ ਚੁੱਕੇ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਦਾ ਨਤੀਜਾ ਭੁਗਤਣਾ ਪਵੇਗਾ।

ਪ੍ਰਦੂਸ਼ਣ ਮਿੱਟੀ, ਪਾਣੀ, ਹਵਾ ਜਾਂ ਵਾਤਾਵਰਣ ਵਿੱਚ ਕਿਸੇ ਅਣਚਾਹੇ ਬਦਲਾਅ ਨੂੰ ਦਰਸਾਉਂਦਾ ਹੈ। ਵਾਤਾਵਰਣ ਵਿੱਚ ਕਈ ਤਰ੍ਹਾਂ ਦੇ ਪ੍ਰਦੂਸ਼ਣ ਮੌਜੂਦ ਹਨ। ਹਵਾ ਪ੍ਰਦੂਸ਼ਣ ਹਾਨੀਕਾਰਕ ਗੈਸਾਂ ਅਤੇ ਰਸਾਇਣਾਂ ਦੀ ਮੌਜੂਦਗੀ ਕਾਰਨ ਹਵਾ ਦੇ ਦੂਸ਼ਿਤ ਹੋਣ ਨੂੰ ਦਰਸਾਉਂਦਾ ਹੈ। ਹਵਾ ਪ੍ਰਦੂਸ਼ਣ ਦੇ ਪ੍ਰਭਾਵ ਲਗਭਗ ਘਾਤਕ ਹਨ। ਇਸ ਲਈ ਹਵਾ ਪ੍ਰਦੂਸ਼ਣ ਲਈ ਵਿਸ਼ੇਸ਼ ਨਿਯੰਤਰਣ ਉਪਾਵਾਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਹਵਾ ਪ੍ਰਦੂਸ਼ਣ ਨਾਲ ਜੁੜੀਆਂ ਸਾਰੀਆਂ ਸਮੱਸਿਆਵਾਂ ਨਾਲ ਨਜਿੱਠਣ ਦਾ ਇਹ ਸਭ ਤੋਂ ਵਧੀਆ ਤਰੀਕਾ ਹੈ।

ਹਵਾ ਪ੍ਰਦੂਸ਼ਣ ਰਸਾਇਣਾਂ, ਹਾਨੀਕਾਰਕ ਗੈਸਾਂ ਅਤੇ ਹੋਰ ਖ਼ਤਰਨਾਕ ਤੱਤਾਂ ਦੀ ਮੌਜੂਦਗੀ ਕਾਰਨ ਪ੍ਰਦੂਸ਼ਿਤ ਹੋ ਰਹੀ ਹਵਾ ਨੂੰ ਦਰਸਾਉਂਦਾ ਹੈ। ਇਨ੍ਹਾਂ ਵਿੱਚ ਮੀਥੇਨ, ਅਮੋਨੀਆ, ਨਾਈਟ੍ਰੋਜਨ, ਕਾਰਬਨ ਮੋਨੋਆਕਸਾਈਡ, ਸਲਫਰ ਡਾਈਆਕਸਾਈਡ ਆਦਿ ਸ਼ਾਮਲ ਹਨ। ਹਵਾ ਦੇ ਭੌਤਿਕ, ਰਸਾਇਣਕ ਅਤੇ ਜੈਵਿਕ ਗੁਣ ਨਸ਼ਟ ਹੋ ਜਾਂਦੇ ਹਨ।

ਹਵਾ ਪ੍ਰਦੂਸ਼ਣ ਪੈਦਾ ਕਰਨ ਵਾਲੇ ਸਰੋਤ ਦੋ ਤਰ੍ਹਾਂ ਦੇ ਹੁੰਦੇ ਹਨ। ਇਹ ਕੁਦਰਤੀ ਸਰੋਤ ਅਤੇ ਮਨੁੱਖ ਦੁਆਰਾ ਬਣਾਏ ਸਰੋਤ ਹਨ। ਪ੍ਰਦੂਸ਼ਕਾਂ ਦੇ ਕੁਦਰਤੀ ਸਰੋਤਾਂ ਵਿੱਚ ਕੁਦਰਤੀ ਆਫ਼ਤਾਂ ਜਿਵੇਂ ਕਿ ਜਵਾਲਾਮੁਖੀ ਦੀਆਂ ਗਤੀਵਿਧੀਆਂ ਸ਼ਾਮਲ ਹਨ, ਜੋ ਵਾਤਾਵਰਣ ਵਿੱਚ ਬਹੁਤ ਸਾਰੀਆਂ ਹਾਨੀਕਾਰਕ ਗੈਸਾਂ ਛੱਡਦੀਆਂ ਹਨ। ਦੂਜੇ ਪਾਸੇ, ਪ੍ਰਦੂਸ਼ਕਾਂ ਦੇ ਮਨੁੱਖ ਦੁਆਰਾ ਬਣਾਏ ਸਰੋਤਾਂ ਵਿੱਚ ਜੈਵਿਕ ਇੰਧਨ, ਵਾਹਨ, ਉਦਯੋਗ ਅਤੇ ਹੋਰ ਪ੍ਰਦੂਸ਼ਕ ਸ਼ਾਮਲ ਹਨ ਜੋ ਮਨੁੱਖਾਂ ਦੁਆਰਾ ਬਣਾਏ ਗਏ ਹਨ।

ਹਵਾ ਪ੍ਰਦੂਸ਼ਣ ਵੱਖ-ਵੱਖ ਕਿਸਮਾਂ ਦੇ ਪ੍ਰਦੂਸ਼ਕਾਂ ਕਾਰਨ ਹੋ ਸਕਦਾ ਹੈ। ਉਦਯੋਗਾਂ ਕੋਲ ਵੱਡੀ ਮਸ਼ੀਨਰੀ ਹੈ ਜਿਸ ਨੂੰ ਬਾਲਣ ਵਜੋਂ ਕੋਲੇ ਦੀ ਲੋੜ ਹੁੰਦੀ ਹੈ। ਉਦਯੋਗਿਕ ਖੇਤਰਾਂ ਵਿੱਚ ਜੈਵਿਕ ਇੰਧਨ ਸਾੜਨ ਨਾਲ ਵਾਤਾਵਰਣ ਵਿੱਚ ਬਹੁਤ ਸਾਰੀਆਂ ਹਾਨੀਕਾਰਕ ਗੈਸਾਂ ਨਿਕਲ ਸਕਦੀਆਂ ਹਨ। ਇਹ ਹਵਾ ਵਿੱਚ ਰਲ ਜਾਂਦਾ ਹੈ ਅਤੇ ਹਵਾ ਪ੍ਰਦੂਸ਼ਣ ਦਾ ਕਾਰਨ ਬਣਦਾ ਹੈ।

ਜੰਗਲ ਦੀ ਅੱਗ ਅਚਾਨਕ ਸੁੱਟੀ ਗਈ ਸਿਗਰਟ ਜਾਂ ਸੂਰਜ ਦੀ ਬਹੁਤ ਜ਼ਿਆਦਾ ਗਰਮੀ ਕਾਰਨ ਹੋ ਸਕਦੀ ਹੈ। ਇਸ ਨਾਲ ਪੂਰੇ ਖੇਤਰ ਨੂੰ ਅੱਗ ਲੱਗ ਸਕਦੀ ਹੈ ਅਤੇ ਵੱਡੇ ਪੱਧਰ 'ਤੇ ਹਾਨੀਕਾਰਕ ਗੈਸਾਂ ਪੈਦਾ ਹੋ ਸਕਦੀਆਂ ਹਨ।

ਕਾਰਾਂ, ਟਰੱਕਾਂ, ਬੱਸਾਂ ਅਤੇ ਹੋਰ ਵਾਹਨ ਆਪਣੇ ਕੰਮ ਲਈ ਪੈਟਰੋਲ ਜਾਂ ਡੀਜ਼ਲ ਦੀ ਵਰਤੋਂ ਕਰਦੇ ਹਨ। ਇਹਨਾਂ ਈਂਧਨਾਂ ਦਾ ਬਲਨ ਵਾਹਨ ਨੂੰ ਚੱਲਣ ਵਿੱਚ ਮਦਦ ਕਰਦਾ ਹੈ। ਹਾਲਾਂਕਿ, ਇਹ ਬਚੀ ਹੋਈ ਕਾਰਬਨ ਮੋਨੋਆਕਸਾਈਡ ਨੂੰ ਪਿੱਛੇ ਛੱਡਦੀ ਹੈ, ਜੋ ਵਾਤਾਵਰਣ ਅਤੇ ਮਨੁੱਖਾਂ ਲਈ ਬਹੁਤ ਹਾਨੀਕਾਰਕ ਹੈ।

ਕਈ ਵਾਰ, ਲੋਕ ਤਿਉਹਾਰਾਂ ਅਤੇ ਵਿਸ਼ੇਸ਼ ਸਮਾਗਮਾਂ ਜਿਵੇਂ ਦੀਵਾਲੀ, ਵਿਆਹ ਜਾਂ ਨਵੇਂ ਸਾਲ ਦੀ ਸ਼ਾਮ ਨੂੰ ਮਨਾਉਣ ਲਈ ਪਟਾਕੇ ਫੂਕਦੇ ਹਨ। ਇਹ ਹਵਾ ਪ੍ਰਦੂਸ਼ਣ ਵਿੱਚ ਯੋਗਦਾਨ ਪਾ ਸਕਦਾ ਹੈ।

ਖੇਤੀਬਾੜੀ ਉਦਯੋਗ ਵੀ ਹਵਾ ਪ੍ਰਦੂਸ਼ਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇਹਨ। ਕਿਸਾਨ ਵੱਖ-ਵੱਖ ਕੀਟਨਾਸ਼ਕਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਕਰਦੇ ਹਨ। ਕੀਟਨਾਸ਼ਕਾਂ ਅਤੇ ਕੀਟਨਾਸ਼ਕਾਂ ਵਿੱਚ ਮੌਜੂਦ ਰਸਾਇਣ ਵਾਤਾਵਰਣ ਵਿੱਚ ਹਾਨੀਕਾਰਕ ਪ੍ਰਦੂਸ਼ਕਾਂ ਨੂੰ ਛੱਡਦੇ ਹਨ। ਇਨ੍ਹਾਂ ਦਾ ਮੁੱਖ ਹਿੱਸਾ ਅਮੋਨੀਆ ਹੈ, ਜੋ ਹਵਾ ਨੂੰ ਬਹੁਤ ਜ਼ਿਆਦਾ ਪ੍ਰਦੂਸ਼ਿਤ ਕਰਦਾ ਹੈ।

ਲਗਾਤਾਰ ਵਧ ਰਹੇ ਟ੍ਰੈਫਿਕ ਨਿਕਾਸ ਅਤੇ ਉਦਯੋਗਿਕ ਨਿਕਾਸ ਕਾਰਨ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਲਈ ਜ਼ਰੂਰੀ ਉਪਾਅ ਕਰਨਾ ਮਹੱਤਵਪੂਰਨ ਹੈ। ਜੇਕਰ ਹੁਣੇ ਹੀ ਹਵਾ ਪ੍ਰਦੂਸ਼ਣ ਦੀ ਸਮੱਸਿਆ ਨੂੰ ਕਾਬੂ ਵਿੱਚ ਨਾ ਰੱਖਿਆ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਸਥਿਤੀ ਨਾਲ ਨਜਿੱਠਣਾ ਮੁਸ਼ਕਲ ਹੋ ਜਾਵੇਗਾ। ਸਾਫ਼ ਹਵਾ ਦੀ ਉਪਲਬਧਤਾ ਸੀਮਤ ਹੋਵੇਗੀ। ਇਸ ਲਈ ਹਰੇਕ ਨੂੰ ਪ੍ਰਦੂਸ਼ਣ ਦੀ ਰੋਕਥਾਮ ਦੇ ਵੱਖ-ਵੱਖ ਪਹਿਲੂਆਂ 'ਤੇ ਕੰਮ ਕਰਨ ਦੀ ਲੋੜ ਹੈ। ਜੇ ਨਹੀਂ ਤਾਂ ਸਾਫ਼ ਹਵਾ ਵੀ ਮੁਫ਼ਤ ਵਿੱਚ ਨਹੀਂ ਮਿਲੇਗੀ।



# ਇੱਕ ਵੱਡੀ ਸਮੱਸਿਆ ਹੈ ਵਾਤਾਵਰਣ ਦਾ ਵਿਗਾੜ

## ਜਲ, ਜੰਗਲ ਅਤੇ ਜ਼ਮੀਨ ਨੂੰ ਪ੍ਰਦੂਸ਼ਣ ਨੇ ਲਿਆ ਆਪਣੇ ਕਬਜ਼ੇ 'ਚ

## ਵਾਤਾਵਰਣ ਨੂੰ ਬਚਾਉਣ ਲਈ ਰੁੱਖ ਲਗਾਉਣੇ ਜ਼ਰੂਰੀ



ਜੀਵਨ ਦੇ ਦ੍ਰਿਸ਼ਟੀਕੋਣ ਤੋਂ ਵਾਤਾਵਰਣ ਮਨੁੱਖ ਲਈ ਸਭ ਤੋਂ ਵੱਡੀ ਲੋੜ ਹੈ। ਜਲ, ਜੰਗਲ ਅਤੇ ਜ਼ਮੀਨ ਇਸ ਦੇ ਮੁੱਖ ਆਧਾਰ ਹਨ। ਵਿਕਾਸ ਦੇ ਮੌਜੂਦਾ ਮਾਡਲ ਦੀ ਅਸਫਲਤਾ ਇਹ ਹੈ ਕਿ ਜੀਵਨ ਦੇ ਇਨ੍ਹਾਂ ਤਿੰਨਾਂ ਅਧਾਰਾਂ ਨੂੰ ਪ੍ਰਦੂਸ਼ਣ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ।

ਇਹੀ ਕਾਰਨ ਹੈ ਕਿ ਅੱਜ ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਸਾਫ਼ ਅਤੇ ਸੁਰੱਖਿਅਤ ਪਾਣੀ, ਪਖਾਨੇ ਅਤੇ ਸ਼ੁੱਧ ਹਵਾ ਵਰਗੀਆਂ ਬੁਨਿਆਦੀ ਲੋੜਾਂ ਤੋਂ ਵੀ ਵਾਂਝਾ ਹੈ। ਵਾਤਾਵਰਨ ਪੂਰੀ ਤਰ੍ਹਾਂ ਪਲੀਤ ਹੋ ਗਿਆ ਹੈ। ਇਸ ਦਿਸ਼ਾ ਵਿੱਚ ਸਮਾਜ ਅਤੇ ਸਰਕਾਰ ਨੂੰ ਸਵੱਛਤਾ ਅਤੇ ਰੁੱਖ ਲਗਾਉਣ ਨੂੰ ਇੱਕ ਲੋਕ ਲਹਿਰ ਬਣਾਉਣ ਬਾਰੇ ਸੋਚਣਾ ਹੋਵੇਗਾ, ਜਿਸ ਲਈ ਸਮਾਜ ਦੀ ਭਾਗੀਦਾਰੀ ਪਹਿਲੀ ਅਤੇ ਜ਼ਰੂਰੀ ਸ਼ਰਤ ਹੈ। ਭਾਈਚਾਰਕ ਸ਼ਮੂਲੀਅਤ ਰਾਹੀਂ ਸਵੱਛਤਾ ਦਾ ਸੱਭਿਆਚਾਰ ਵਿਕਸਤ ਕਰਨ ਦੀ ਲੋੜ ਹੈ, ਜਿਸ ਲਈ ਕੂੜੇ ਦੀ ਮੁੜ ਵਰਤੋਂ ਲਈ ਠੋਸ ਯੋਜਨਾ ਬਣਾਉਣੀ ਜ਼ਰੂਰੀ ਹੈ।

ਇਸ ਨਾਲ ਨਾ ਸਿਰਫ਼ ਵੱਡੀ ਗਿਣਤੀ ਵਿੱਚ ਰੁਜ਼ਗਾਰ ਪੈਦਾ ਹੋਵੇਗਾ, ਸਾਡੇ ਪਿੰਡ, ਸ਼ਹਿਰ ਅਤੇ ਕਸਬੇ ਵੀ ਰਹਿਣ ਯੋਗ ਬਣ ਜਾਣਗੇ। ਇਸੇ ਤਰ੍ਹਾਂ ਸਵੱਛਤਾ ਨੂੰ ਜਲ ਪ੍ਰਬੰਧਨ ਨਾਲ ਜੋੜਨਾ ਜ਼ਰੂਰੀ ਹੈ, ਜਿਸ ਵਿੱਚ ਸੀਵਰੇਜ ਦੀ ਸਫ਼ਾਈ ਅਤੇ ਪਾਣੀ ਦੀ ਰੀਸਾਈਕਲਿੰਗ ਰਾਹੀਂ ਪਾਣੀ ਦੇ ਸਰੋਤਾਂ ਦੀ ਸਫ਼ਾਈ ਅਤੇ ਇਸ ਦੀ ਉਦਯੋਗਿਕ ਅਤੇ ਖੇਤੀਬਾੜੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

ਸਵੱਛਤਾ ਇੱਕ ਸਥਾਨਕ ਮੁੱਦਾ ਹੈ। ਇਸ ਲਈ ਟਾਪ ਡਾਊਨ ਸਿਸਟਮ ਇਸ ਲਈ ਠੀਕ ਨਹੀਂ ਹੈ। ਲੋੜ ਹੈ ਸਮਾਜ ਨੂੰ ਲੋੜੀਂਦੇ ਅਧਿਕਾਰਾਂ ਅਤੇ ਸਾਧਨਾਂ ਨਾਲ ਲੈਸ ਕਰਨ ਦੀ। ਕੋਈ ਵੀ ਨੀਤੀ ਜਾਂ ਨਿਯਮ ਉਦੋਂ ਹੀ ਪ੍ਰਭਾਵੀ ਨਤੀਜੇ ਦਿੰਦਾ ਹੈ ਜਦੋਂ ਸਮਾਜ ਉਸ ਵਿੱਚ ਹਿੱਸਾ ਲੈਂਦਾ ਹੈ। ਵਾਤਾਵਰਣ ਇੱਕ ਅਜਿਹਾ ਵਿਸ਼ਾ ਹੈ ਜਿਸ ਨਾਲ ਜੀਵਨ ਸਿੱਧਾ ਜੁੜਿਆ ਹੋਇਆ ਹੈ।

ਵਾਤਾਵਰਨ ਦੀ ਤੰਦਰੁਸਤੀ ਲਈ ਦੋ ਕੰਮ ਜਾਰੀ ਰੱਖਣਾ ਬਹੁਤ ਜ਼ਰੂਰੀ ਹੈ, ਪਹਿਲਾ ਹੈ ਸਫ਼ਾਈ ਅਤੇ ਦੂਜਾ ਰੁੱਖ ਲਗਾਉਣਾ। ਸਫ਼ਾਈ ਨਾ ਹੋਣ ਕਾਰਨ ਸਾਨੂੰ ਸਿਹਤ ਲਈ ਖ਼ਤਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਕਿਸੇ ਇੱਕ ਖੇਤਰ ਤੱਕ ਸੀਮਤ ਨਹੀਂ ਹਨ। ਵਿਸ਼ਵੀਕਰਨ ਦੇ ਯੁੱਗ ਵਿੱਚ ਸੰਸਾਰ ਬਹੁਤ ਹੀ ਆਪਸ ਵਿੱਚ ਜੁੜ ਗਿਆ ਹੈ। ਅਸੀਂ ਸਾਰੇ ਪਰਸਪਰ ਨਿਰਭਰ ਸਥਾਨਾਂ ਵਿੱਚ ਰਹਿੰਦੇ ਹਾਂ। ਵਾਤਾਵਰਣ ਦਾ ਵਿਗਾੜ ਇੱਕ ਵੱਡੀ ਸਮੱਸਿਆ ਹੈ। ਇਸ ਚੁਣੌਤੀ ਦਾ ਸਾਹਮਣਾ ਸਿਰਫ਼ ਭਾਈਚਾਰਕ ਸ਼ਮੂਲੀਅਤ ਰਾਹੀਂ ਹੀ ਸੰਭਵ ਹੈ।

ਰੁੱਖ ਲਗਾਉਣਾ ਵਾਤਾਵਰਣ ਦੀ ਸੁਰੱਖਿਆ ਲਈ ਇੱਕ ਮਹੱਤਵਪੂਰਨ ਉਪਰਾਲਾ ਹੈ, ਕਿਉਂਕਿ ਰੁੱਖ ਹੀ ਜੀਵਨ ਦੇਣ ਵਾਲੀ ਆਕਸੀਜਨ ਦਾ ਇੱਕੋ ਇੱਕ ਸਰੋਤ ਹਨ। ਮਨੁੱਖ ਦਾ ਜੀਵਨ ਰੁੱਖਾਂ 'ਤੇ ਹੀ ਨਿਰਭਰ ਹੈ। ਜੇਕਰ ਰੁੱਖ ਨਾ ਹੋਣ ਤਾਂ ਧਰਤੀ 'ਤੇ ਜੀਵਨ ਖ਼ਤਰੇ ਵਿੱਚ ਪੈ ਜਾਵੇਗਾ।

ਕਿਸੇ ਵੀ ਰਾਸ਼ਟਰ ਜਾਂ ਸਮਾਜ ਜਾਂ ਸੱਭਿਆਚਾਰ ਦੀ ਖੁਸ਼ਹਾਲੀ ਉਸ ਦੇ ਵਸਨੀਕਾਂ ਦੀ ਭੌਤਿਕ ਖੁਸ਼ਹਾਲੀ ਵਿੱਚ ਨਹੀਂ ਹੁੰਦੀ ਸਗੋਂ ਉਸ ਦੀ ਜੈਵ ਵਿਭਿੰਨਤਾ 'ਤੇ ਨਿਰਭਰ ਕਰਦੀ ਹੈ। ਭਾਰਤੀ ਜੰਗਲਾਂ ਦੀ ਦੌਲਤ ਵਿਸ਼ਵ ਵਿੱਚ ਵਿਲੱਖਣ ਅਤੇ ਵਿਸ਼ੇਸ਼ ਹੈ। ਸਾਡੀ ਸੰਸਕ੍ਰਿਤੀ, ਰੀਤੀ-ਰਿਵਾਜ, ਧਰਮ, ਤਿਉਹਾਰ ਸਭ ਕੁਦਰਤ ਦੁਆਰਾ ਪਾਲਿਆ ਗਿਆ ਹੈ।

ਅਸਲ ਸੰਕਟ ਇਹ ਹੈ ਕਿ ਵਿਕਾਸ ਦੇ ਆਧੁਨਿਕ ਮਾਡਲ ਨੇ ਸਭ ਕੁਝ ਤਬਾਹ ਕਰ ਦਿੱਤਾ ਹੈ। ਇਹ ਜੰਗਲ ਹੀ ਹਨ ਜੋ ਜਲਵਾਯੂ ਪਰਿਵਰਤਨ ਦੇ ਮਾੜੇ ਪ੍ਰਭਾਵਾਂ ਨੂੰ ਘਟਾਉਣ ਦੀ ਸਮਰੱਥਾ ਰੱਖਦੇ ਹਨ, ਜਿਸ ਲਈ ਰੁੱਖ ਲਗਾਉਣ ਦੀ ਮੁਹਿੰਮ ਨੂੰ ਜਾਰੀ ਰੱਖਣਾ ਜ਼ਰੂਰੀ ਹੈ। ਇਸ ਰਾਹੀਂ ਜਲਵਾਯੂ ਵਿੱਚ ਸੁਧਾਰ ਸੰਭਵ ਹੈ। (**ਬਾਕੀ ਸਫ਼ਾ 31 'ਤੇ**)

ਉਰਦੂ ਕਹਾਣੀ

ਉਮਰਾਓ ਤਾਰਿਕ

# ਆਖ਼ਰੀ ਮੌਤ



ਉਹਦੀ ਕਬਰ ਜਿੱਥੇ ਪੁੱਟੀ ਜਾ ਰਹੀ ਸੀ ਉਹ ਥਾਂ ਬਹੁਤ ਈ ਉਚੀ ਨੀਵੀਂ ਸੀ ਤੇ ਇਕ ਹਫਤੇ ਤੋਂ ਲਗਾਤਾਰ ਮੀਂਹ ਪਈ ਜਾ ਰਿਹਾ ਸੀ। ਜਿਹੜੀ ਥਾਂ 'ਤੇ ਉਹਦੀ ਕਬਰ ਪੁੱਟੀ ਜਾ ਰਹੀ ਸੀ ਉਹ ਕਬਰਿਸਤਾਨ ਦੀ ਪੱਕੀ ਚਾਰਦੀਵਾਰੀ ਦੇ ਕੋਲ ਪਿੱਛੇ ਜਾ ਕੇ ਸੀ। ਪੁੱਟੀ ਜਾਣ ਵਾਲੀ ਕਬਰ ਦੇ ਤਿੰਨ ਪਾਸੇ ਮੀਂਹ ਦਾ ਪਾਣੀ ਖਲੋਤਾ ਹੋਇਆ ਸੀ ਅਤੇ ਚੌਥੇ ਪਾਸੇ ਕਿੱਕਰ ਦੀਆਂ ਝਾੜੀਆਂ ਸਨ। ਉਤਲੇ ਪਾਸੇ ਨਿੱਕੀਆਂ ਵੱਡੀਆਂ ਕਬਰਾਂ ਸਨ ਜਿਨ੍ਹਾਂ ਦੀ ਕੋਈ ਤਰਤੀਬ ਨਹੀਂ ਸੀ। ਇੱਕ ਕਬਰ ਤੋਂ ਦੂਜੀ ਤੱਕ ਜਾਣ ਲਈ ਕੋਈ ਰਾਹ ਵੀ ਨਹੀਂ ਸੀ। ਲੋਕਾਂ ਵੱਲੋਂ ਕਬਰਾਂ ਉਤੇ ਪੈਰ ਰੱਖ ਕੇ ਲੰਘਣ ਨਾਲ ਰਾਹ ਜਿਹਾ ਬਣ ਗਿਆ ਸੀ। ਕੁਝ ਕਬਰਾਂ ਤੇ ਡੰਡੀ ਜਿਹੀ ਬਣੀ ਹੋਈ ਸੀ। ਕਿਧਰੇ-ਕਿਧਰੇ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਇੱਕ ਕਬਰ ਦੂਜੇ ਦੇ ਉਤੇ ਚੜ੍ਹੀ ਹੋਈ ਏ। ਇਨ੍ਹਾਂ ਪੁਰਾਣੀਆਂ ਤੇ ਸੰਘਣੀਆਂ ਕਬਰਾਂ ਦੇ ਵਿਚਕਾਰ ਈ ਨਵੀਆਂ ਕਬਰਾਂ ਵੀ ਸਨ ਜਿਨ੍ਹਾਂ ਦੇ ਉਪਰ ਨਵੇਂ ਕਤਬੇ (ਲਿਖੀਆਂ ਹੋਈਆਂ ਸਿਲਾਂ) ਵੀ ਲੱਗੇ ਹੋਏ ਸਨ। ਪੁਰਾਣੀਆਂ ਕਬਰਾਂ ਦੇ ਕਤਬੇ ਡਿੱਗ ਪਏ ਹੋਣਗੇ ਜਾਂ ਉਹਨਾਂ ਕਬਰਾਂ 'ਤੇ ਕਦੀ ਕੋਈ ਆਇਆ ਈ ਨਹੀਂ ਹੋਣਾ। ਗੋਰਕਨ (ਕਬਰ ਪੁੱਟਣ ਵਾਲੇ) ਨੂੰ ਇਹਦਾ ਪਤਾ ਹੋਵੇਗਾ ਤੇ ਉਹ ਥਾਂ ਬਹੁਤਿਆਂ ਪੈਸਿਆਂ 'ਚ ਵਿਕ ਗਈ ਹੋਵੇਗੀ। ਗੋਰਕਨ ਦੇ ਘੜੀ ਮੁੜੀ ਪਾਣੀ 'ਚੋਂ ਲੰਘਣ ਕਰਕੇ ਪੁੱਟੀ ਜਾਣ ਵਾਲੀ ਕਬਰ ਦੇ ਤਿੰਨ ਪਾਸੇ ਖਲੋਤਾ ਪਾਣੀ ਹੁਣ ਚਿੱਕੜ ਬਣ ਗਿਆ ਸੀ। ਗੋਰਕਨ ਦੇ ਪੈਰ ਚਿੱਕੜ ਨਾਲ ਇਸ ਤਰ੍ਹਾਂ ਭਰੇ ਹੋਏ ਸਨ ਜਿਵੇਂ ਉਹਨੇ ਚਿੱਕੜ ਦੀਆਂ ਜੁਰਾਬਾਂ ਪਾਈਆਂ ਹੋਣ। ਕਬਰ ਵਿਚੋਂ ਅਜੇ ਤਾਈਂ ਗਿੱਲੀ ਮਿੱਟੀ ਨਿਕਲ ਰਹੀ ਸੀ ਤੇ ਕਬਰ ਦੇ ਅੰਦਰੋਂ ਸੁੱਕੀ ਮਿੱਟੀ ਨਿਕਲਣ ਦੀ ਆਸ ਘਟਦੀ ਜਾ ਰਹੀ ਸੀ।

ਯਾ ਅੱਲ੍ਹਾ! ਮੱਯਤ (ਲਾਸ਼) ਗਿੱਲੀ ਕਬਰ ਵਿੱਚ ਦੱਬੀ ਜਾਏਗੀ। ਉਹਦੇ ਸਾਰੇ ਨਾਂਅ, ਸਾਰੇ ਰਿਸ਼ਤੇ ਖਤਮ ਹੋ ਗਏ ਸਨ ਤੇ ਹੁਣ ਉਹ ਸਿਰਫ ਮੱਯਤ ਰਹਿ ਗਈ ਸੀ।

ਉਹਨੇ ਆਪਣੇ ਅੰਦਰ ਇੱਕ ਡੂੰਘੀ ਜਿਹੀ ਪੀੜ ਉਠਦੀ ਮਹਿਸੂਸ ਕੀਤੀ। ਉਹਨੇ ਉਥੇ ਕਬਰਾਂ ਵਿੱਚ ਬਹਿ ਕੇ ਮ੍ਰਿਤਕ ਦੀ ਜ਼ਿੰਦਗੀ ਦਾ ਜਾਇਜ਼ਾ ਲਿਆ ਤਾਂ ਉਹਦੇ ਸਾਰੇ ਦੁੱਖ ਕਰਜ਼ਾ ਵਾਪਸ ਮੰਗਣ ਵਾਲਿਆਂ ਵਾਂਗ ਉਹਦੇ ਸਾਹਮਣੇ ਆ ਖਲੋਤੇ।

ਇਸ ਵਾਰੀ ਉਹ ਆਖਰੀ ਵਾਰ ਮੋਈ ਸੀ। ਪਹਿਲੀ ਵਾਰੀ ਉਹ ਉਦੋਂ ਮੋਈ ਸੀ ਜਦੋਂ ਉਹਨੂੰ ਅੱਠਵੀਂ ਜਮਾਤ 'ਚ ਪੜ੍ਹਦੀ ਨੂੰ ਸਕੂਲੋਂ ਉਠਾ ਕੇ ਮਾਂ ਦੇ ਨਾਲ ਸ਼ਹਿਰੋਂ ਲਿਆ ਕੇ ਪਿੰਡ ਦੇ ਇਕ ਉਚੀਆਂ -ਉਚੀਆਂ ਕੰਧਾਂ ਵਾਲੇ ਮਕਾਨ ਵਿੱਚ ਰੱਖਿਆ ਗਿਆ ਸੀ। ਉਹ ਇਹ ਵੀ ਨਹੀਂ ਸਮਝ ਸਕੀ ਕਿ ਅਚਨਚੇਤ ਅਜਿਹਾ ਕਿਉਂ ਹੁੰਦਾ ਏ। ਉਹਨੂੰ ਇਹ ਵੀ ਪਤਾ ਨਹੀਂ ਸੀ ਕਿ ਉਹ ਇੱਥੇ ਪੱਕੇ ਤੌਰ 'ਤੇ ਆਈ ਏ ਜਾਂ ਕੁੱਝ ਚਿਰਾਂ ਲਈ। ਜਦੋਂ ਕੁਝ ਦਿਨਾਂ ਮਗਰੋਂ ਉਹਨੂੰ ਇਹ ਪਤਾ ਲੱਗਾ ਕਿ ਉਸ ਹੁਣ ਇਥੇ ਹੀ ਰਹਿਣਾ ਏ ਤਾਂ ਸ਼ਹਿਰੋਂ ਉਹਦੇ ਨਾਲ ਆਏ ਸਾਰੇ ਸੁਫ਼ਨੇ ਟੁੱਟ ਗਏ।

ਪਿੰਡ ਵਿੱਚ ਮੁੰਡਿਆਂ ਦਾ ਇਕੋ ਈ ਪ੍ਰਾਈਮਰੀ ਸਕੂਲ ਸੀ ਜਿਸ ਵਿੱਚ ਸਿਰਫ ਅਮੀਰਾਂ ਦੇ ਪੁੱਤਰ ਪੜ੍ਹਦੇ ਸਨ ਤੇ ਬਾਕੀ ਆਪਣੇ ਮਾਂ-ਪਿਓ ਦਾ ਖੇਤੀ ਦੇ ਕੰਮਾਂ ਵਿੱਚ ਹੱਥ ਵਟਾਉਂਦੇ ਸਨ।

ਕਬਰ ਵਿਚੋਂ ਅਜੇ ਤਾਈਂ ਗਿੱਲੀ ਮਿੱਟੀ ਨਿਕਲ ਰਹੀ ਸੀ।

ਪਿੰਡ ਵਿੱਚ ਆ ਕੇ ਉਹਦੇ ਜੀਵਨ ਵਿਚੋਂ ਸੰਤੁਲਨ ਨਿਕਲ ਗਿਆ ਸੀ। ਮਾਂ ਉਹਨੂੰ ਨਿੱਕੀ ਨਿੱਕੀ ਗੱਲ ਤੋਂ ਟੋਕਦੀ ਸੀ, ਨੀ ਕੁੜੀਏ ਸਿਰ ਤੇ ਚੁੰਨੀ ਲੈ।

ਕੀ ਸਾਰਾ ਦਿਨ ਮੁੰਡਿਆਂ 'ਚ ਬੈਠੀ ਠਹਾਕੇ ਮਾਰਦੀ ਰਹਿੰਨੀ ਏਂ, ਚੱਲ ਘਰ ਦਾ ਕੋਈ ਕੰਮ ਸਵਾਰ।

ਤੇ ਉਹ ਗੁੱਸੇ ਨਾਲ ਉਠ ਕੇ ਟੁਰ ਪੈਂਦੀ। ਉਹਦੇ ਚਾਚੇ ਤੇ ਮਾਮੇ ਦੇ ਪੁੱਤਰ ਜਿਹੜੇ ਉਹਦੇ ਕੋਲ ਬੈਠੇ ਹੁੰਦੇ ਸਨ ਸ਼ਰਮਿੰਦੇ ਜਿਹੇ ਹੋ ਕੇ ਸੋਚਣ ਲੱਗ ਪੈਂਦੇ। ਉਹ ਵੀ ਉਹਨਾਂ ਵਿਚੋਂ ਇਕ ਸੀ।

ਉਹਨੀਂ ਦਿਨੀਂ ਉਹ ਨੰਗੇ ਪੈਰੀਂ, ਢਿੱਲੀ ਜਿਹੀ ਨਿੱਕਰ ਤੇ ਟੁੱਟੇ ਹੋਏ ਬਟਨਾਂ ਵਾਲੀ ਕਮੀਜ਼ ਪਾਈ ਹੱਥ 'ਚ ਗੁਲੇਲ ਫੜ੍ਹੀ ਸਾਰਾ ਦਿਨ ਅੰਬਾਂ ਦੇ ਬਾਗਾਂ ਵਿੱਚ ਭੱਜਾ ਫਿਰਦਾ ਹੁੰਦਾ ਸੀ। ਦੂਜਿਆਂ ਮੁੰਡਿਆਂ ਨਾਲ ਰਲ ਕੇ ਰੁੱਖਾਂ ਤੇ ਚੜ੍ਹ ਕੇ ਤਰ੍ਹਾਂ-ਤਰ੍ਹਾਂ ਦੀਆਂ ਖੇਡਾਂ ਖੇਡਦਾ ਰਹਿੰਦਾ। ਰੋਟੀ ਖਾਣ ਤੇ ਸੌਣ ਲਈ ਘਰ ਆਉਂਦਾ ਸੀ। ਗਰਮੀਆਂ ਦੀਆਂ ਛੁੱਟੀਆਂ ਖਤਮ ਹੁੰਦੀਆਂ ਹੀ ਸ਼ਹਿਰ ਪਰਤ ਜਾਂਦਾ ਹੁੰਦਾ ਸੀ। ਇਸੇ ਅਵਾਰਾਗਰਦੀ ਦੀ ਉਮਰ ਵਿੱਚ ਉਹ ਉਹਨੂੰ ਚੰਗੀ ਲੱਗਣ ਲੱਗੀ। ਉਹ ਪਿੰਡ ਦੀਆਂ ਸਾਰੀਆਂ ਕੁੜੀਆਂ ਨਾਲੋਂ ਵੱਖਰੀ। ਸਭ ਕੁਝ ਉਸੇ ਤਰ੍ਹਾਂ ਕਹਿ ਦੇਣ ਵਾਲੀ ਜਿਸ ਤਰ੍ਹਾਂ ਉਹਨੂੰ ਮਹਿਸੂਸ ਹੁੰਦਾ ਸੀ। ਸ਼ਹਿਰ ਤੇ ਸਕੂਲ ਦੋਹਾਂ ਵਿੱਚ ਸਾਂਝਾਂ ਸੀ। ਉਹ ਸ਼ਹਿਰ ਤੇ ਸਕੂਲ ਤੋਂ ਵਾਂਝੀ ਹੋ ਚੁੱਕੀ ਸੀ ਅਤੇ ਉਹ ਹੁਣ ਵੀ ਸ਼ਹਿਰ ਤੇ ਸਕੂਲ ਵਿਚ ਸੀ। ਇਸੇ ਲਈ ਦੋਹਾਂ ਨੂੰ ਇਕ ਦੂਜੇ ਉਤੇ ਵਿਸ਼ਵਾਸ ਸੀ।

ਉਹ ਕਿਹਾ ਕਰਦੀ ਸੀ, ਮੈਨੂੰ ਹਨ੍ਹੇਰੇ 'ਚੋਂ ਡਰ ਆਉਂਦਾ ਏ ਜਿਵੇਂ ਕਿਧਰੇ ਕੋਈ ਲੁਕਿਆ ਹੋਇਆ ਏ ਤੇ ਮੈਨੂੰ ਫੜ ਕੇ ਮਾਰ ਦਏਗਾ। ਮੈਂ ਕਦੀ ਵੀ ਮਰਨਾ ਨਹੀਂ ਚਾਹੁੰਦੀ। ਮਰਨ ਤੋਂ ਪਿਛੋਂ ਲੋਕ ਕਬਰ 'ਚ ਪਾ ਕੇ ਇਕੱਲਾ ਛੱਡ ਕੇ ਟੁਰ ਜਾਂਦੇ ਨੇ ਤੇ ਫੇਰ ਪਰਤ ਕੇ ਵੇਖਦੇ ਵੀ ਨਹੀਂ। ਕਬਰ ਵਿੱਚ ਚਿੱਕੜ ਹੁੰਦਾ ਏ ਤੇ ਸੱਪ ਆ ਜਾਂਦੇ ਨੇ। ਰਾਤ ਨੂੰ ਹਨੇਰਾ ਹੋਵੇ, ਹੇਠਾਂ ਚਿੱਕੜ ਹੋਵੇ ਤੇ ਵਿੱਚ ਸੱਪ ਟੁਰਦੇ ਹੋਣ ਤਾਂ.... ਤੂੰ ਮੈਨੂੰ ਦਫਨ ਨਾ ਹੋਣ ਦਈਂ।

ਉਹ ਅਜਿਹੀਆਂ ਊਟ ਪਟਾਂਗ ਗੱਲਾਂ ਤੋਂ ਦੁਖੀ ਹੁੰਦੀ ਰਹਿੰਦੀ।

ਦੂਜੀ ਵਾਰ ਉਹ ਉਦੋਂ ਮੋਈ ਜਦੋਂ ਉਹਦਾ ਵਿਆਹ ਹੋਇਆ ਸੀ। ਉਹਦੇ ਤੋਂ ਕਿਸੇ ਪੁੱਛਿਆ ਵੀ ਨਹੀਂ ਸੀ। ਪਿੰਡ ਦੀਆਂ ਕੁੜੀਆਂ ਨੇ ਉਹਨੂੰ ਘੇਰ ਕੇ ਵਟਣਾ ਲਾ ਦਿੱਤਾ ਤੇ ਢੋਲਕੀ ਤੇ ਗੀਤ ਗੌਣ ਲੱਗੀਆਂ।

ਉਹਨੇ ਆਪਣੇ ਆਪ ਨੂੰ ਕਿਹਾ, ਸਾਰੀਆਂ ਕੁੜੀਆਂ ਤੇ ਜਨਾਨੀਆਂ ਖੁਸ਼ ਹੋ ਰਹੀਆਂ ਨੇ। ਉਸਦਾ ਵਿਆਹ ਹੋ ਰਿਹਾ ਏ ਤੇ ਉਹਦੇ ਤੋਂ ਪੁੱਛਿਆ ਵੀ ਨਹੀਂ। ਕੀ ਉਹ ਹੱਡ-ਮਾਸ ਦੀ ਬਣੀ ਹੋਈ ਨਹੀਂ। ਕੋਈ ਲਾਸ਼ ਏ। ਮੱਯਤ ਏ ਜਾਂ ਪੱਥਰ ਦਾ ਬੁੱਤ ਏ!

ਉਹ ਸੋਚਦੀ ਰਹੀ ਤੇ ਉਹਦਾ ਵਿਆਹ ਹੋ ਗਿਆ।

ਤੀਜੀ ਵਾਰੀ ਉਹ ਉਦੋਂ ਮੋਈ ਸੀ ਜਦੋਂ ਕੌਮੀ ਝੰਡੇ ਵਿੱਚ ਵਲ੍ਹੇਟੀ ਹੋਈ ਉਹਦੇ ਪੁੱਤਰ ਦੀ ਲਾਸ਼ ਆਈ ਸੀ। ਉਹ ਕੈਪਟਨ ਸੀ ਤੇ ਦੁਸ਼ਮਣ ਦੀ ਗੋਲੀ ਦਾ ਸ਼ਿਕਾਰ ਹੋ ਗਿਆ ਸੀ।

ਕਬਰ ਹੁਣ ਪੁੱਟੀ ਜਾ ਚੁੱਕੀ ਸੀ ਅਤੇ ਉਹ ਥਾਂ ਜਿੱਥੇ ਉਹਨੂੰ ਕਬਰ ਵਿੱਚ ਉਤਾਰਿਆ ਜਾਣਾ ਸੀ ਸਾਫ ਕਰ ਦਿੱਤੀ ਗਈ ਸੀ। ਕਬਰ ਦੇ ਉਤੇ ਚਾਦਰ ਤਾਣ ਦਿੱਤੀ ਗਈ।

ਮਹਿਰਮ (ਨੇੜੇ ਦੀ ਰਿਸ਼ਤੇਦਾਰ) ਕਬਰ ਵਿੱਚ ਉਤਰ ਕੇ ਮੱਯਤ ਨੂੰ ਕਬਰ ਵਿੱਚ ਉਤਾਰਨ 'ਚ ਮਦਦ ਕਰਨ। ਕਿਸੇ ਨੇ ਆਵਾਜ਼ ਦਿੱਤੀ। ਉਡੀਕ ਕੀਤੀ ਗਈ ਪਰ ਕੋਈ ਮਹਿਰਮ ਅੱਗੇ ਨਾ ਆਇਆ।

ਫੇਰ ਆਵਾਜ਼ ਦਿੱਤੀ ਗਈ ਇਹ ਕਿਹਦੀ ਮੱਯਤ ਏ? ਕੋਈ ਮਹਿਰਮ ਕਿਉਂ ਨਹੀਂ?

ਨਹੀਂ, ਜੀ ਕੋਈ ਨਹੀਂ, ਕੋਈ ਮਹਿਰਮ ਨਹੀਂ। ਮਹਿਰਮ ਕਿਥੋਂ ਆਉਂਦਾ। ਮਰਨ ਵਾਲੀ ਦਾ ਸਾਰਾ ਮਹੱਲਾ ਸੀਲਬੰਦ ਏ। ਨਾ ਕੋਈ ਮਹੱਲੇ ਦੇ ਅੰਦਰ ਜਾ ਸਕਦਾ ਏ ਅਤੇ ਨਾ ਕੋਈ ਬਾਹਰ ਆ ਸਕਦਾ ਏ। ਅੱਜ ਤੀਜਾ ਦਿਨ ਏ ਘਰਾਂ ਦੀ ਤਲਾਸ਼ੀ ਹੋ ਰਹੀ ਏ। ਅਸਲਾ ਲੱਭਿਆ ਜਾ ਰਿਹਾ ਏ। ਗ੍ਰਿਫਤਾਰੀਆਂ ਹੋ ਰਹੀਆਂ ਨੇ। ਮਰਨ ਵਾਲੀ ਹਸਪਤਾਲ 'ਚ ਸੀ। ਤਿੰਨ ਦਿਨਾਂ ਤੋਂ ਨਾ ਕੋਈ ਮਿਲਣ ਆ ਸਕਿਆ ਅਤੇ ਨਾ ਈ ਦਵਾ ਆਦਿ ਪਹੁੰਚ ਸਕੀ। ਮਰਨ ਵਾਲੀ ਨੂੰ ਦਫ਼ਨ ਕਰਨ ਲਈ ਹਸਪਤਾਲ 'ਚੋਂ ਇੱਥੇ ਲੈ ਆਏ ਹਨ।

ਵੇਖੋ ਕਬਰ ਵਿੱਚ ਅਜੇ ਤਾਈਂ ਗਿੱਲੀ ਮਿੱਟੀ ਨਜ਼ਰ ਆ ਰਹੀ ਏ। ਕਿਸੇ ਨੇ ਕਿਹਾ ਤਾਂ ਉਹਨੇ ਅੱਗੇ ਹੋ ਕੇ ਕਬਰ ਵਿੱਚ ਵੇਖਿਆ ਉਥੇ ਚਿੱਕੜ ਸੀ ਜਿਸ ਵਿੱਚ ਪਾਣੀ ਘੱਟ ਸੀ।

ਚਾਦਰਾਂ ਦੀ ਸਹਾਇਤਾ ਨਾਲ ਮੱਯਤ ਨੂੰ ਕਬਰ 'ਚ ਉਤਾਰ ਦਿੱਤਾ ਗਿਆ।

ਅਰਕ ਗੁਲਾਬ

ਕਈ ਬੋਤਲਾਂ ਅੱਗੇ ਕਰ ਦਿੱਤੀਆਂ ਗਈਆਂ। ਮੱਯਤ ਉਤੇ ਗੁਲਾਬ ਜਲ ਛਿੜਕਿਆ ਗਿਆ।

ਮਲਕਾ ਸ਼ੀਬਾ ਨੇ ਕਿਹਾ ਸੀ ਜਦੋਂ ਫੌਜਾਂ ਸ਼ਹਿਰ ਵਿੱਚ ਦਾਖਲ ਹੁੰਦੀਆਂ ਨੇ ਤਾਂ ਸ਼ਹਿਰ ਦਾ ਸੁਹਾਗ ਉਜੜ ਜਾਂਦਾ ਏ। ਪਵਿੱਤਰਤਾ ਬਰਬਾਦ ਹੋ ਜਾਂਦੀ ਏ।

ਕਿਸੇ ਨੇ ਆਪਣੇ ਕੋਲ ਖਲੋਤੇ ਲੋਕਾਂ ਨੂੰ ਸੰਬੋਧਨ ਕਰਕੇ ਆਪਣੀ ਜਾਣਕਾਰੀ ਦਾ ਰੋਅਬ ਪਾਇਆ। ਆਪਣੀਆਂ ਫੌਜਾਂ ਈ ਜੇਕਰ ਆਪਣੇ ਸ਼ਹਿਰ ਵਿਚ ਦਾਖਲ ਹੋਣ?

ਕਿਸੇ ਨੇ ਜਵਾਬ ਦਿੱਤਾ ਪਰ ਆਪਣੀ ਜਾਣਕਾਰੀ ਦਾ ਪ੍ਰਗਟਾਵਾ ਕਰਨ ਵਾਲੇ ਬੰਦੇ ਨੇ ਉਹਦੀ ਗੱਲ ਨਾ ਗੌਲੀ।

ਪੱਥਰ ਦੀਆਂ ਚੌਰਸ ਸਿਲਾਂ ਜੋੜ ਕੇ ਉਤੇ ਰੱਖ ਦਿੱਤੀਆਂ ਗਈਆਂ ਅਤੇ ਵਿਰਲਾਂ ਨੂੰ ਗਿੱਲੀ ਮਿੱਟੀ ਨਾਲ ਬੰਦ ਕਰ ਦਿੱਤਾ ਗਿਆ। ਗੌਰਕਨ ਇੱਕ ਪਾਸੇ ਜਾ ਖਲੋਤਾ ਤੇ ਲੋਕਾਂ ਨੇ ਕਬਰ ਉਤੇ ਮਿੱਟੀ ਪਾ ਦਿੱਤੀ। ਕਿਸੇ ਨੇ ਅਗਰਬੱਤੀ ਬਾਲ ਕੇ ਕਬਰ ਦੇ ਸਾਹਮਣੇ ਪੂਰਾ ਮੱਠਾ ਈ ਗੱਡ ਦਿੱਤਾ। ਕਿਸੇ ਨੇ ਫੁੱਲਾਂ ਦੀ ਚਾਦਰ ਕੱਢ ਕੇ ਕਬਰ ਉਤੇ ਪਾ ਦਿੱਤੀ।

ਜਦੋਂ ਦੁਆ ਪੜ੍ਹੀ ਜਾਣ ਲੱਗੀ ਤਾਂ ਸਾਰੇ ਗੱਲਾਂ ਕਰਦੇ ਚੁੱਪ ਹੋ ਗਏ। ਉਹਨੇ ਇਹ ਦੁਆ ਪਤਾ ਨਹੀਂ ਕਿੰਨੀ ਵਾਰੀ ਇਸੇ ਤਰ੍ਹਾਂ ਸੁਣੀ ਸੀ। ਉਹ ਉਥੋਂ ਭਾਰੇ ਕਦਮਾਂ ਨਾਲ ਇਸ ਤਰ੍ਹਾਂ ਟੁਰਨ ਲੱਗਾ ਜਿਵੇਂ ਉਹਨੇ ਉਹਦੇ ਨਾਲ ਵਾਅਦਾ ਖਿਲਾਫੀ ਕੀਤੀ ਹੋਵੇ। ਉਸ ਨੇ ਆਪਣੇ ਆਪ ਨੂੰ ਕਿਹਾ, ਉਹ ਚਿੱਕੜ ਤੋਂ ਡਰਦੀ ਸੀ, ਪਰ ਇਸ ਵੇਲੇ ਚਿੱਕੜ ਦੇ ਬਿਸਤਰੇ ਉਤੇ ਲਿਟਾ ਦਿੱਤੀ ਗਈ ਸੀ, ਉਹ ਹਨੇਰੇ ਤੋਂ ਡਰਦੀ ਸੀ ਅਤੇ ਹੁਣ ਕਬਰਿਸਤਾਨ 'ਚ ਹਨੇਰਾ ਹੁੰਦਾ ਜਾ ਰਿਹਾ ਸੀ।

ਉਹ ਸੱਪ ਤੋਂ ਡਰਦੀ ਸੀ।

ਸੱਪ ਇਥੇ ਨਹੀਂ ਹਨ, ਉਹਨੇ ਆਪਣੇ ਆਪ ਨੂੰ ਕਿਹਾ।

ਆਪਣੇ ਆਸੇ ਪਾਸੇ ਵੇਖੋ, ਆਪਣੀਆਂ ਆਸਤੀਨਾਂ 'ਚ ਵੇਖੋ!

ਇੱਕ ਪਾਗਲ ਜਿਹਾ ਬੰਦਾ ਉਹਦੇ ਪਿੱਛੇ ਇਹ ਕਹਿੰਦਾ ਸਾਮ੍ਹਣੇ ਆਇਆ ਤੇ ਰੁੱਖਾਂ ਦੇ ਉਹਲੇ ਹੋ ਗਿਆ।

## ਕੀੜੀ, ਜੰਗਲ ਅਤੇ ਅਦਾਰੇ

ਇੱਕ ਵਾਰ ਦੀ ਗੱਲ ਹੈ ਕਿ ਇੱਕ ਸਦਾਬਹਾਰ ਜੰਗਲ ਵਿੱਚ ਘੁੰਮਦੇ ਹੋਏ ਰਾਜੇ ਸ਼ੇਰ ਨੇ ਦੇਖਿਆ ਕਿ ਇੱਕ ਕੀੜੀ ਚੌਲ ਦੇ ਦਾਣੇ ਹੌਲੀ ਹੌਲੀ ਚੁੱਕ ਕੇ ਆਪਣੇ ਭੌਂਣ ਤੱਕ ਲੈ ਕੇ ਜਾ ਰਹੀ ਹੈ।

ਸ਼ੇਰ ਨੇ ਸੋਚਿਆ ਕਿ ਇਸ ਕੀੜੀ ਦੇ ਕੰਮ ਨੂੰ ਹੋਰ ਸੌਖਾਲਾ ਬਣਾਵਾਂ ਤਾਂ ਜੋ ਇਹ ਜਲਦੀ ਨਾਲ ਜਿਆਦਾ ਖੁਰਾਕ ਇਕੱਠੀ ਕਰ ਲਏ। ਇਸ ਕੰਮ ਲਈ ਉਸਨੇ ਲੂੰਬੜੀ ਰੱਖ ਲਈ ਕਿ ਉਹ ਕੀੜੀ ਦੀ ਮਦਦ ਕਰੇ।

ਪਰ ਚਲਾਕ ਲੂੰਬੜੀ ਨੇ ਲੂੰਬੜ ਚਾਲਾਂ ਚੱਲ ਕੇ ਕੀੜੀ ਨੂੰ ਰਾਜੇ ਸ਼ੇਰ ਅੱਗੇ ਕੰਮਚੋਰ ਦਿਖਾ ਆਪਣੀ ਸੌਖ ਲਈ ਸੈਂਕੜੇ ਹੋਰ ਚਾਪਲੂਸ ਜਾਨਵਰ ਰੱਖ ਲਏ। ਅਖੀਰ 'ਚ ਚਲਾਕ ਲੂੰਬੜੀ ਨੇ ਉਸ ਕੀੜੀ ਸੰਗ ਸਭ ਕੀੜੇ-ਕੀੜੀਆਂ ਨੂੰ ਕੰਮਚੋਰ, ਫਾਲਤੂ ਦਰਸਾ ਕੇ ਜੰਗਲ ਵਿੱਚੋਂ ਬਾਹਰ ਕਢਾ ਦਿੱਤਾ। ਪਰ ਬਾਕੀ ਜੀਵਾਂ ਨੇ ਵੀ ਇਸਨੂੰ ਸੱਚ ਮੰਨ ਕੇ ਚੁੱਪ ਕਰਕੇ ਬੈਠੇ ਰਹੇ।

ਜਦੋਂ ਉਸ ਚਲਾਕ ਲੂੰਬੜੀ ਨੇ ਸਾਰੇ ਜਾਨਵਰਾਂ ਨੂੰ ਇੱਕ ਇੱਕ ਕਰਕੇ ਰਾਜੇ ਸ਼ੇਰ ਦੀ ਖੁਰਾਕ ਬਣਾਉਣ ਵਾਲੀ ਨੀਤੀ ਜਨਤਕ ਕੀਤੀ ਤਾਂ ਸਭ ਜਾਨਵਰਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਸਾਰਾ ਜੰਗਲ ਉਦਾਸ ਤੇ ਸਹਿਮਿਆ ਰਹਿਣ ਲੱਗਾ। ਹੁਣ ਉਹ ਪਛਤਾ ਰਹੇ ਸਨ ਕਿ ਜੇ ਅਸੀਂ ਕੀੜੀ ਨਾਲ ਹੋਏ ਅਨਿਆਂ ਦੇ ਵਿਰੁੱਧ ਆਵਾਜ਼ ਉਠਾਈ ਹੁੰਦੀ, ਰਾਜੇ ਸ਼ੇਰ ਨੂੰ ਸੱਚ ਦਿਖਾਇਆ ਹੁੰਦਾ ਅਤੇ ਚਲਾਕ ਲੂੰਬੜੀ ਅਤੇ ਉਸਦੇ ਚਾਪਲੂਸਾਂ ਨੂੰ ਸਬਕ ਸਿਖਾ ਇੱਥੋਂ ਭਜਾਇਆ ਹੁੰਦਾ ਤਾਂ ਸਾਰਾ ਜੰਗਲ ਪਹਿਲਾਂ ਵਾਂਗ ਹੀ ਆਬਾਦ ਰਹਿੰਦਾ। ਪਰ ਹੁਣ ਤਾਂ ਬਹੁਤ ਦੇਰ ਹੋ ਗਈ ਸੀ।

ਕਿਤੇ ਤੁਸੀਂ ਵੀ ਉਸ ਜੰਗਲ ਵਾਂਗ ਜਨਤਕ ਅਦਾਰਿਆਂ ਦੇ ਖਤਮ ਹੋਣ ਦੀ ਉਡੀਕ ਵਿੱਚ ਤਾਂ ਨਹੀਂ ਹੋ?

***

# ਮਿੰਨੀ ਕਹਾਣੀਆਂ

ਅਮਰਪ੍ਰੀਤ ਸਿੰਘ ਝੀਤਾ

## ਕਦੋਂ ਸਕੂਲੇ ਆਉਣਾ...

ਹੈਲੋ! ਅਮਰ ਸਰ ਜੀ ਬੋਲ ਰਹੇ ਜੀ, ਇੱਕ ਬੱਚੇ ਦੀ ਆਵਾਜ਼ ਮੋਬਾਈਲ 'ਚੋਂ ਸੁਣਾਈ ਦਿੱਤੀ।

ਹੈਲੋ! ਹਾਂ ਜੀ, ਤੁਸੀਂ ਕੌਣ ਬੋਲ ਰਹੇ ਹੋ ਜੀ?, ਅਮਰ ਸਰ ਜੀ ਬੋਲੇ।

ਸਰ ਜੀ! ਮੈਂ ਸੱਤਵੀਂ ਜਮਾਤ ਦੀ ਕੋਮਲ ਬੋਲਦੀ ਹਾਂ ਜੀ, ਸਰ ਜੀ ਤੁਸੀਂ ਸਕੂਲ ਕਿਉਂ ਨਹੀਂ ਆ ਰਹੇ। ਸਾਡਾ ਗਣਿਤ ਦਾ ਸਿਲੇਬਸ ਬਹੁਤ ਪਿੱਛੇ ਪੈ ਗਿਆ। ਸਾਰੇ ਬੱਚੇ ਪੁੱਛਦੇ ਨੇ ਤੁਸੀਂ ਕਦੋਂ ਸਕੂਲੇ ਆਉਣਾ ਜੀ?, ਇੱਕੋ ਸਾਹ ਉਹ ਕਿੰਨੀਆਂ ਗੱਲਾਂ ਕਰ ਗਈ।

ਅੱਛਾ! ਕੋਮਲ ਬੱਚੇ, ਮੇਰੀ ਚੋਣ ਡਿਊਟੀ ਐਸ.ਡੀ.ਐੱਮ ਦਫਤਰ ਲੱਗਣ ਕਰਕੇ ਸਕੂਲ ਨਹੀਂ ਆ ਰਿਹਾ। ਹੁਣ ਚੋਣਾਂ ਖਤਮ ਹੋਣ ਬਾਅਦ ਈ ਆ ਹੋਣਾ। ਤੁਹਾਨੂੰ ਜਿਹੜੇ ਮੈਂ ਵਿੱਚ ਵਿੱਚ ਸਮਾਂ ਕੱਢ ਕੇ ਦੋ ਪਾਠ ਕਰਵਾਏ ਹਨ, ਉਹਨਾਂ ਦੀ ਵਾਰ ਵਾਰ ਦੁਹਰਾਈ ਕਰੋ। ਜਦੋਂ ਆਇਆ ਤਾਂ ਸਿਲੇਬਸ ਪੂਰਾ ਕਰਵਾ ਦੇਵਾਂਗਾ।, ਉਸਨੂੰ ਧਰਵਾਸ ਦਿੰਦਿਆਂ ਆਖਿਆ। ਪਰ ਸਰ ਜੀ ਤੁਸੀਂ ਤਾਂ ਮਾਰਚ ਮਹੀਨੇ ਦੇ ਇਸ ਡਿਊਟੀ ਤੇ ਹੋ ਤੇ ਚੋਣਾਂ ਮਈ ਮਹੀਨੇ ਹੋਣੀਆਂ। ਏਨੀ ਲੰਬੀ ਡਿਊਟੀ ਕਿਸਨੇ ਕਿਉਂ ਲਾਈ ਜੀ? ਪਹਿਲਾਂ ਵੀ ਚੋਣਾਂ ਹੁੰਦੀਆਂ ਸੀ, ਤੁਸੀਂ ਦੋ ਤਿੰਨ ਦਿਨ ਚੋਣਾਂ ਕਰਵਾ ਸਕੂਲ ਆ ਜਾਂਦੇ ਸੀ। ਸਾਡੀ ਪੜ੍ਹਾਈ ਦਾ ਹੋ ਰਿਹਾ ਨੁਕਸਾਨ ਇਹਨਾਂ ਚੋਣਾਂ ਵਾਲਿਆਂ ਨੂੰ ਨਹੀਂ ਦਿਸਦਾ।, ਥੋੜਾ ਹਿਰਖ ਨਾਲ ਹੁਣ ਉਹ ਬੋਲੀ।

ਬੇਟਾ ਤੇਰੇ ਇਹਨਾਂ ਸਵਾਲਾਂ ਦਾ ਜਵਾਬ ਕੀ ਦੇਵਾਂ।




ਤੁਸੀਂ ਸਾਰੇ ਬੱਚੇ ਸਬਰ ਰੱਖੋ, ਮੈਂ ਜਲਦੀ ਸਕੂਲ ਆ ਰਿਹਾ ਹਾਂ। ਤਦ ਤੱਕ ਕਰਵਾਏ ਕੰਮ ਨੂੰ ਪੂਰਾ ਕਰਕੇ ਯਾਦ ਕਰ ਰੱਖੋ। ਚੰਗਾ ਬਾਏ!, ਮੈਂ ਆਖ ਕੇ ਮੋਬਾਈਲ ਕਾਲ ਕੱਟ ਦਿੱਤੀ। ਮਨ ਵਿੱਚ ਖਿਆਲ ਆਇਆ ਕਿ ਮੇਰਾ ਦੇਸ ਕਿਹੜੇ ਪਾਸੇ ਵੱਲ ਜਾ ਰਿਹਾ? ਕਿਹੜੇ ਵਿਕਾਸ ਦੇ ਰਾਹ ਪਿਆ? ਜਿੱਥੇ ਬੱਚਿਆਂ ਦੀ ਪੜ੍ਹਾਈ, ਸਿਹਤ, ਸੁਰੱਖਿਆ ਲਈ ਕਿਸੇ ਸਰਕਾਰ, ਵਿਭਾਗ, ਪਾਰਟੀ ਕੋਲ ਸਮਾਂ ਤੇ ਰੁਪਿਆ ਨਹੀਂ। ਪਰ ਆਵਦੀਆਂ ਰੈਲੀਆਂ ਲਈ ਕਰੋੜਾਂ ਖਰਚੀ ਜਾਂਦੇ ਨੇ।

***

## ਆਪਸੀ ਸਾਂਝ

ਇਕਬਾਲ ਅਤੇ ਹਮੀਦਾ ਦੋਵਾਂ ਦਾ ਬਚਪਨ 'ਚ ਦੇਖਿਆ ਸੁਪਨਾ ਪੂਰਾ ਵੀ ਹੋ ਗਿਆ, ਪਰ ਉਹਨਾਂ ਨੂੰ ਇਹਦਾ ਅੱਜ ਵੀ ਕੋਈ ਚਾਅ ਨਹੀਂ ਸੀ। ਉਹਨਾਂ ਦੀ ਤਾਂਘ ਸੀ ਕਿ ਹਿੰਦੁਸਤਾਨ ਦੀ ਆਜ਼ਾਦੀ ਲਈ ਆਜ਼ਾਦ ਹਿੰਦ ਫ਼ੌਜ ਦੇ ਫ਼ੌਜੀ ਬਣਨ। ਸੰਤਾਲੀ ਦੀ ਵੰਡ ਨੇ ਦੇਸ ਈ ਨਹੀਂ ਵੰਡਿਆ, ਸਗੋਂ ਕਈ ਰਿਸ਼ਤੇ ਵੀ ਵੰਡੇ ਗਏ, ਲੋਕ ਕੱਖੋਂ ਹੌਲੇ ਹੋ ਕੇ ਰਹਿ ਗਏ। ਵੰਡ ਵੇਲੇ ਦੇ ਦੰਗਿਆਂ 'ਚ ਦੋਵਾਂ ਦੇ ਟੱਬਰ ਦਾ ਕੋਈ ਹੋਰ ਜੀਅ ਤੱਕ ਨਹੀਂ ਬਚਿਆ। ਇਹ ਵੀ ਵੱਖ ਹੋ ਗਏ ਪਰ ਇਹਨਾਂ ਦੀ ਆਪਸੀ ਸਾਂਝ ਹੁਣ ਤੱਕ ਕਾਇਮ ਰਹੀ।

ਸਮਾਂ ਬੀਤਿਆ ਤਾਂ ਜਦੋਂ ਦੋਵੇਂ ਜਵਾਨ ਹੋਏ ਤਾਂ ਫ਼ੌਜੀ ਬਣੇ ਦੇਸ ਲਈ ਪਰ ਬੰਦੂਕਾਂ ਤਾਣ ਖੜ੍ਹੇ ਹੋਏ ਤਾਂ ਇੱਕ ਦੂਜੇ ਵੱਲ ਈ।

ਪਰ ਬਚਪਨ ਦੀ ਗੂੜ੍ਹੀ ਸਾਂਝ ਨੇ ਬੰਦੂਕ ਦਾ ਘੋੜਾ ਦੱਬਣ ਨਹੀਂ ਦਿੱਤਾ।

ਦੋਵੇਂ ਹੁਣ ਫ਼ੌਜ ਤੋਂ ਸੇਵਾ ਮੁਕਤ ਹੋ ਕੇ ਆਪਣੀ ਕਬੀਲਦਾਰੀ ਨਜਿੱਠ ਰਹੇ ਹਨ।

ਜਦੋਂ ਫਿਰ ਤੋਂ ਜੰਗ ਲੱਗਣ ਦੀਆਂ ਅਫਵਾਹਾਂ ਉੱਡਣ ਲੱਗੀਆਂ ਤਾਂ ਇਕਬਾਲ ਸਿੰਘ ਨੇ ਪਾਕਿਸਤਾਨ 'ਚ ਰਹਿੰਦੇ ਬੇਲੀ ਹਮੀਦ ਨੂੰ ਫੋਨ ਲਾਇਆ, ਹਮੀਦਿਆ ਭਰਾ! ਇਹ ਕੀ ਰੌਲਾ ਜੰਗ ਦਾ ਪਇਆ ਆ, ਮਰਨੇ ਤਾਂ ਮਾਵਾਂ ਦੇ ਪੁੱਤ ਨੇ, ਇਹਨਾਂ ਲੀਡਰਾਂ ਦਾ ਕੀ ਜਾਣਾ। ਤੁਹਾਡੇ ਵੱਲ ਕੀ ਹਾਲਾਤ ਨੇ?

ਇਕਬਾਲ ਸਿਆਂ! ਪਹਿਲਾਂ ਵੀ ਕੁਰਸੀ ਦੀ ਭੁੱਖ ਨੇ ਵੰਡ ਕਰਾ ਆਪਾਂ ਨੂੰ ਵੱਖ ਕੀਤਾ, ਲੋਕਾਈ ਮਰਵਾਈ। ਹੁਣ ਫਿਰ ਰੌਲਾ ਤਾਂ ਕੁਰਸੀ ਦਾ ਈ ਆ। ਅਸੀਂ ਜੰਗ ਨਹੀਂ, ਅਮਨ ਸ਼ਾਂਤੀ ਚਾਹੁੰਦੇ ਹਾਂ। ਅੱਲਾ ਤਾਲਾ ਮੁੜ ਕਦੀ ਜੰਗ ਨਾ ਲਗਾਏ। ਜੰਗ ਬਾਰੇ ਸੋਚਣਾ ਵੀ ਮਾੜਾ ਆ, ਹਮੀਦ ਨੇ ਜਵਾਬ ਦਿੱਤਾ।

ਬਿਲਕੁਲ ਸਹੀ ਹਮੀਦਿਆ, ਜੰਗ ਨਾਲੋਂ ਸ਼ਾਂਤੀ ਈ ਭਲੀ। ਆਪਣਾ ਧਿਆਨ ਰੱਖੀ ਤੇ ਬੱਚਿਆਂ ਨੂੰ ਪਿਆਰ। ਚੰਗਾ ਸਤਿ ਸ੍ਰੀ ਅਕਾਲ।, ਇੰਨਾ ਆਖ ਇਕਬਾਲ ਨੇ ਫੋਨ ਰੱਖ ਦਿੱਤਾ। ਉਹਦੇ ਚਿਹਰੇ 'ਤੇ ਸਕੂਨ ਸੀ, ਜਿਵੇਂ ਉਹਨਾਂ ਦੀ ਆਪਸੀ ਸਾਂਝ ਨੇ ਜੰਗ ਜਿੱਤ ਲਈ ਹੋਵੇ।

# ਮੇਰੀ ਕਲਮ



## ਚਾਨਣ ਦੀ ਫੁਲਕਾਰੀ

ਅੰਮ੍ਰਿਤਾ ਪ੍ਰੀਤਮ

ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ
ਅੰਬਰ ਦਾ ਇੱਕ ਆਲਾ
ਸੂਰਜ ਬਾਲ ਦਿਆਂ
ਮਨ ਦੀ ਉੱਚੀ ਮੰਮਟੀ ਦੀਵਾ ਕੌਣ ਧਰੇ

ਅੰਬਰ ਗੰਗਾ ਹੁੰਦੀ
ਗਾਗਰ ਭਰ ਦੇਂਦੀ
ਦਰਦਾਂ ਦਾ ਦਰਿਆਓ ਕਿਹੜਾ ਘੁੱਟ ਭਰੇ

ਇਹ ਜੁ ਸਾਨੂੰ ਅੱਗ
ਰਾਖਵੀਂ ਦੇ ਚਲਿਓਂ
ਦਿਲ ਦੇ ਬੁੱਕਲ ਬਲਦੀ ਚਿਣਗਾਂ ਕੌਣ ਜਰੇ

ਆਪਣੇ ਵੱਲੋਂ
ਸਾਰੀ ਬਾਤ ਮੁਕਾ ਬੈਠੇ
ਹਾਲੇ ਵੀ ਇੱਕ ਹੌਕਾ ਤੇਰੀ ਗੱਲ ਕਰੇ
ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ

## ਉਜਲੇ ਸ਼ੀਸ਼ੇ ਸਨਮੁਖ ਮੈਨੂੰ ਚਿਰ ਤਕ ਨਾ ਖਲ੍ਹਿਆਰ

ਸੁਰਜੀਤ ਪਾਤਰ

ਉਜਲੇ ਸ਼ੀਸ਼ੇ ਸਨਮੁਖ ਮੈਨੂੰ ਚਿਰ ਤਕ ਨਾ ਖਲ੍ਹਿਆਰ
ਮੈਲੇ ਮਨ ਵਾਲੇ ਮੁਜਰਿਮ ਨੂੰ ਇਸ ਮੌਤੇ ਨਾ ਮਾਰ
ਚੰਨ ਏਕਮ ਦਾ, ਫੁੱਲ ਗੁਲਾਬ ਦਾ, ਸਾਜ਼ ਦੇ ਕੰਬਦੇ ਤਾਰ
ਕਿੰਨੇ ਖ਼ੰਜਰ ਅੱਖਾਂ ਸਾਂਹਵੇਂ ਲਿਸ਼ਕਣ ਵਾਰੋ ਵਾਰ
ਦਿਲ ਨੂੰ ਬੋਝਲ ਜਿਹੀਆਂ ਲੱਗਣ ਤੇਰੀਆਂ ਕੋਮਲ ਯਾਦਾਂ
ਪੱਥਰਾਂ ਕੋਲੋਂ ਚੁੱਕ ਨਾ ਹੁੰਦਾ ਹੁਣ ਫੁੱਲਾਂ ਦਾ ਭਾਰ
ਲੱਖਾਂ ਗੀਤਾਂ ਦੇ ਲਈ ਖੁੱਲ੍ਹੇ ਮੁਕਤੀ ਦਾ ਦਰਵਾਜ਼ਾ
ਦਿਲ ਵਿੱਚ ਕੋਈ ਐਸੀ ਖੁੱਭੇ ਚਾਨਣ ਦੀ ਤਲਵਾਰ
ਪੱਥਰ ਹੇਠਾਂ ਅੰਕੁਰ ਤੜਪੇ, ਹਰ ਅੰਕੁਰ ਵਿੱਚ ਫੁੱਲ
ਪੱਥਰ ਵਿੱਚ ਤਰੇੜਾਂ ਪਾ ਗਈ ਹਿੰਸਕ ਰੁੱਤ ਬਹਾਰ
ਮਿੱਟੀ ਉੱਤੇ, ਫੁੱਲ ਦੇ ਉੱਤੇ, ਤੇ ਸ਼ਾਇਰ ਦੇ ਦਿਲ 'ਤੇ
ਇੱਕ ਮੋਈ ਤਿਤਲੀ ਦਾ ਹੁੰਦਾ ਵੱਖੋ ਵੱਖਰਾ ਭਾਰ
ਚੜ੍ਹਦਾ ਚੰਦ, ਸਮੁੰਦਰ, ਵਜਦਾ ਸਾਜ਼ ਤੇ ਤੇਰੀ ਯਾਦ
ਮੈਂ ਵੀ ਸ਼ਾਮਲ ਹੋ ਜਾਵਾਂ ਤਾਂ ਚੀਜ਼ਾਂ ਹੋਵਣ ਚਾਰ
ਲੇਟੇ ਲੇਟੇ ਪੜ੍ਹਦੇ ਪੜ੍ਹਦੇ ਸੌਂ ਜਾਂਦੇ ਨੇ ਲੋਕ
ਰੋਜ਼ ਤਕਾਲੀਂ ਛਪ ਜਾਂਦਾ ਹੈ ਇੱਕ ਨੀਲਾ ਅਖ਼ਬਾਰ

## ਜਦ ਬੰਦੇ ਦੀ ਹਿੰਮਤ ਅੱਗੇ

ਇਕਬਾਲ ਸ਼ੈਦਾ

ਜਦ ਬੰਦੇ ਦੀ ਹਿੰਮਤ ਅੱਗੇ, ਹਰ ਜਾਂਦਾ ਏ ਪਾਣੀ।
ਰੇਤ ਦੇ ਟਿੱਬਿਆਂ ਨੂੰ ਵੀ ਗੁਲਸ਼ਨ, ਕਰ ਜਾਂਦਾ ਏ ਪਾਣੀ।
ਇਸ ਤੋਂ ਵੱਧ ਹਸਾਸ ਕੋਈ ਸ਼ੈ, ਦੁਨੀਆਂ ਵਿੱਚ ਨਹੀਂ ਵੇਖੀ,
ਧੁੱਪੇ ਤਪ ਜਾਂਦਾ ਏ ਛਾਵੇਂ, ਠਰ ਜਾਂਦਾ ਏ ਪਾਣੀ।
ਐਨਾ ਕੀ, ਸਭ ਕੌਮ ਦੀ ਗ਼ੈਰਤ, ਦਾਅ ਉੱਤੇ ਲਾ ਦੇਵੇ,
ਜਿਸ ਬੇਗ਼ੈਰਤ ਦੀ ਅੱਖ ਵਿਚੋਂ ਮਰ ਜਾਂਦਾ ਏ ਪਾਣੀ।
ਧਰਤੀ ਦਾ ਦਿਲ ਡੋਲੇ ਖਾਂਦਾ ਅਰਸ਼ ਅਜ਼ੀਮ ਵੀ ਹਿੱਲਦਾ,
ਜਦ ਮਜ਼ਲੂਮਾਂ ਦੀ ਅੱਖ ਅੰਦਰ ਤਰ ਜਾਂਦਾ ਏ ਪਾਣੀ।
ਆਪਣੀ ਫ਼ਿਤਰਤ ਕਦੇ ਨਾ ਬਦਲੇ ਇਹ ਖ਼ਾਸੀਅਤ ਇਹਦੀ,
ਭਾਵੇਂ ਪੱਥਰ ਕਰ ਲਉ ਓੜਕ ਖਰ ਜਾਂਦਾ ਏ ਪਾਣੀ।
ਗੁੱਸੇ ਦੇ ਵਿੱਚ ਆਵੇ ਤੇ ਇਹ ਵਸਦੇ ਸ਼ਹਿਰ ਉਜਾੜੇ,
ਨਹੀਂ ਤੇ ਰੋਜ਼ ਵਸਾ ਕੇ ਲੱਖਾਂ ਘਰ ਜਾਂਦਾ ਏ ਪਾਣੀ।
ਕਤਰੇ ਕਤਰੇ ਅੰਦਰ ਸ਼ੈਦਾ ਚਾਨਣ ਤੇ ਹਰਿਆਲੀ,
ਜ਼ੱਰੇ-ਜ਼ੱਰੇ ਦੇ ਵਿੱਚ ਅੰਮ੍ਰਿਤ ਭਰ ਜਾਂਦਾ ਏ ਪਾਣੀ।

## ਬੱਸ ਦੇ ਸਫ਼ਰ 'ਚ

ਡਾ. ਅਮਰਜੀਤ ਕੌਂਕੇ



ਬੱਸ ਦੇ ਸਫ਼ਰ 'ਚ
ਮੇਰੇ ਤੋਂ ਅਗਲੀ ਸੀਟ 'ਤੇ
ਬੈਠੀ ਹੋਈ ਸੀ ਔਰਤ ਇੱਕ
ਨਾਲ ਪਤੀ ਓਸਦਾ
ਗੋਦ 'ਚ ਬੱਚਾ ਖੇਡਦਾ
ਛੋਟਾ ਜਿਹਾ

ਮਮਤਾ ਦੇ ਨਾਲ ਭਰੀ ਉਹ ਔਰਤ
ਉਸ ਨਿੱਕੇ ਜਿਹੇ ਬੱਚੇ ਨੂੰ
ਚੁੰਮ ਰਹੀ ਸੀ ਵਾਰ ਵਾਰ
ਮਾਸੂਮ ਉਸਦੇ ਚਿਹਰੇ ਨਾਲ
ਛੁਹਾ ਰਹੀ ਠੋਡੀ ਸੀ ਆਪਣੀ
ਉਸ ਦੇ ਅੰਦਰੋਂ ਡੁੱਲ੍ਹ ਰਹੀ ਸੀ
ਭਰ ਭਰ ਮਮਤਾ

ਡੁੱਲ੍ਹ ਰਿਹਾ ਸੀ ਉਸ ਦੇ ਅੰਦਰੋਂ
ਮਮਤਾ ਦਾ ਪਿਆਰ

ਮੇਰੇ ਮਨ ਵਿੱਚ
ਜੁਗਾਂ ਜੁਗਾਂ ਤੋਂ ਦੱਬੀ ਹੋਈ
ਜਾਗੀ ਹਸਰਤ
ਮੇਰੇ ਮਨ ਵਿੱਚ ਸਦੀਆਂ ਤੋਂ ਸੁੱਤਾ
ਆਇਆ ਖ਼ਿਆਲ

ਕਾਸ਼ ਕਿ ਇਸ ਔਰਤ ਦੀ
ਗੋਦ 'ਚ ਲੇਟਿਆ
ਨਿੱਕਾ ਜਿਹਾ ਬੱਚਾ ਮੈਂ ਹੁੰਦਾ
ਕਾਸ਼ ਕਿ ਇਹ ਔਰਤ
ਮੇਰੀ ਮਾਂ ਹੁੰਦੀ।

## ਕਵਿਤਾ

ਗੁਰਵਿੰਦਰ ਸਿੰਘ ਹਸਨਪੁਰ

ਮਹਿੰਦੀ ਫਿੱਕੀ ਪੈ ਗਈ ਚਾਵਾਂ ਦੀ ਜੀਹਦੇ ਹੱਥਾਂ ਤੋਂ
ਗੋਹਾ ਸੁੱਟਦੀ ਕੁੜੀ ਮਜ਼ਦੂਰ ਘਰੇ ਸਾਹੂਕਾਰਾਂ ਦੇ
ਉਹਦੀ ਚੁੰਨੀ ਉੱਤੇ ਫਿਕਰ ਦੀਆਂ ਸੋ ਟਾਕੀਆਂ ਨੇ।
ਓਦੀ ਕੁੜਤੀ ਨਾਲ ਰੰਗ ਮਿਲਦੇ ਨਈ ਸਲਵਾਰਾਂ ਦੇ
ਉਹਨੂੰ ਚਿੰਤਾ ਖਾਵੇ ਆਪਣੀ ਮਾਂ ਦੀਆਂ ਐਨਕਾਂ ਦੀ
ਉਹਦੀ ਜੇਬ ਨਾ ਝਲਦੀ ਭਾਰੀ ਮੁੱਲ ਬਾਜ਼ਾਰਾਂ ਦੇ
ਉਹਦੀ ਵੀਣੀ ਪਾਈਆਂ ਨੇ ਬੱਸ ਕੱਚ ਦੀਆਂ ਚੂੜੀਆਂ
ਉਹਨੇ ਸ਼ੌਕ ਨਾ ਪਾਲੇ ਕਦੇ ਕੋਈ ਰਾਣੀ ਹਾਰਾਂ ਦੇ
ਉਹਦਾ ਵੇਲੜ੍ਹ ਭਾਈ ਸਾਰਾ ਦਿਨ ਘਰੇ ਵੜਦਾ ਨੀ
ਫਿਰੇ ਧੱਕੇ ਚੜ੍ਹਿਆ ਵੈਲੀਆਂ ਬੇਰੁਜ਼ਗਾਰਾਂ ਦੇ
ਸ਼ਰਾਬੀ ਪਿਓ ਨੇ ਸਭ ਕੁਝ ਦਾਰੂ ਵਿੱਚ ਰੋੜ ਦਿੱਤਾ
ਉਹਦੇ ਦਾਜ ਦੀਆਂ ਟੂੰਮਾਂ ਗਹਿਣੇ ਪਈਆਂ ਸੁਨਿਆਰਾਂ ਦੇ
ਮਨ ਵਿੱਚ ਲੋਚੇ ਆਪਣੇ ਸੁਪਨਿਆਂ ਦੇ ਸਹਿਜ਼ਾਦੇ ਨੂੰ
ਕੰਨ ਤਰਸਦੇ ਰਹਿੰਦੇ ਸੁਣਨ ਨੂੰ ਬੋਲ ਪਿਆਰ ਦੇ
ਇੱਕ ਦਿਨ ਡੋਲੀ ਬਹਿ ਕੇ ਤੁਰ ਜਾਣਾ ਸੋਹਰਿਆਂ ਨੂੰ
ਫਿਰ ਫਰਜ਼ ਹੋ ਜਾਣਗੇ ਦੁੱਗਣੇ ਦੋ ਪਰਿਵਾਰਾਂ ਦੇ
ਸਾਰੀ ਉਮਰ ਦੋ ਪੈਰ ਸਵਾਰ ਰਹਿਣੇ ਦੋ ਬੇੜੀਆਂ ਦੇ
ਗੁਰਵਿੰਦਰ ਸਿੰਘਾਂ ਸਦਕੇ ਜਿਗਰੇ ਮੁਟਿਆਰਾਂ ਦੇ।

## ਪੈਣ ਭੁਲੇਖੇ ਸਰਘੀ ਦੇ ਪਰ ਦੂਰ ਅਜੇ ਪ੍ਰਭਾਤ ਕਿਤੇ

ਸੁਰਜੀਤ ਸਖੀ

ਪੈਣ ਭੁਲੇਖੇ ਸਰਘੀ ਦੇ ਪਰ ਦੂਰ ਅਜੇ ਪ੍ਰਭਾਤ ਕਿਤੇ।
ਚਲੋ ਦੀਵਿਉ ਰਲ਼ ਕੇ ਬਲ਼ੀਏ, ਬੜੀ ਹਨ੍ਹੇਰੀ ਰਾਤ ਅਜੇ।
ਖ਼ਬਰਾਂ ਦੀ ਇੱਕ ਸੁਰਖ਼ੀ ਪੜ੍ਹ ਕੇ, ਕਿਉਂ ਏਨਾ ਘਬਰਾਉਂਦੇ ਹੋ,
ਜ਼ਹਿਰ ਬਥੇਰਾ, ਸ਼ਹਿਰ ਮਿਰੇ ਵਿੱਚ, ਘਰ ਘਰ ਨੇ ਸੁਕਰਾਤ ਅਜੇ।
ਡਰ ਡਰ ਕੇ ਕੀ ਜੀਣਾ ਹੋਇਆ,ਐਨੀ ਵੀ ਤੇ ਦੂਰੀ ਨਹੀਂ,
ਹੋਠਾਂ ਉੱਤੇ ਕਿਉਂ ਨਹੀਂ ਔਂਦੀ,ਅੱਖਾਂ ਵਿਚਲੀ ਬਾਤ ਅਜੇ।
ਰੁੱਤਾਂ ਸੰਗ ਯਾਰਾਨਾ ਹੈ ਤਾਂ, ਕਮਰੇ ਦੀ ਪਾਬੰਦੀ ਕਿਉਂ,
ਕੀ ਹੋਇਆ ਜੇ ਨਹੀਂ ਸੁਖਾਵੇਂ , ਬਾਹਰ ਦੇ ਹਾਲਾਤ ਅਜੇ।
ਹੰਝੂਆਂ ਦੀ ਇਹ ਬੂੰਦਾ ਬਾਂਦੀ,ਤੁਪਕਾ ਤੁਪਕਾ ਮੁੜ੍ਹਕੇ ਦਾ,
ਇਸ ਨਗਰੀ ਦੀ ਕਿਸਮਤ ਵਿੱਚ ਹੈ,ਐਸੀ ਹੀ ਬਰਸਾਤ ਅਜੇ।

## ਸਰਦਾਰ

ਸਿਮਰਤ ਗਗਨ

ਮੈ ਕਦੀ ਅਪਣੇ ਪਿਓ ਦੀ ਪੱਗ ਦੇ
ਬੋਝ ਹੇਠਾਂ ਨਹੀਂ ਰਹੀ।
ਅਸਲ 'ਚ,
ਉਸਨੇ
ਰਹਿਣ ਹੀ ਨਹੀਂ ਦਿੱਤਾ।
ਉਸ ਉੱਡਣ ਦਾ ਵਲ਼ ਦਸਿਆ
ਤੇ ਚਿੜੀ ਨੇ ਅਪਣਾ
ਆਸਮਾਨ ਲੱਭ ਲਿਆ
ਉਸ ਕਿਹਾ
ਕੁਝ ਵੀ ਕਰਨ ਲਈ
ਤੈਨੂੰ ਮੁੰਡਾ ਹੋਣ ਦੀ ਲੋੜ ਨਹੀਂ
ਤੂੰ ਜੋ ਹੈ
ਓਹ ਹੀ ਰਹੀਂ
ਤੇਰੇ ਅਪਣੇ
ਕਨੂੰਨ ਤੇ ਅਸੂਲ ਹੋਣਗੇ
ਤੇਰੇ ਸਾਰੇ ਫ਼ੈਸਲੇ
ਮੈਨੂੰ ਕਬੂਲ ਹੋਣਗੇ।
ਪਰ,
ਉਸ ਅੱਖ ਚ ਅੱਖ ਪਾ ਕੇ ਕਿਹਾ ਸੀ
ਤੇਰਾ ਹੱਕ ਹੈ ਤੇਰੀ ਅਜ਼ਾਦੀ
ਬਸ ਜ਼ਿੰਮੇਵਾਰੀ ਨਾਲ ਸਾਂਭੀਂ।
ਬੜੀ ਬੇਬਾਕੀ ਨਾਲ
ਉਸ ਮੇਰਾ
ਕਿਰਦਾਰ ਸਜਾਇਆ
ਤੇ ਧੀ ਨੂੰ
ਸਰਦਾਰ ਬਣਾਇਆ ...

## ਹਰ ਰੁੱਤ ਦੇ ਆਪਣੇ ਨਜ਼ਾਰੇ...

ਮਾਸਟਰ ਸੰਜੀਵ ਧਰਮਾਣੀ



ਮੌਸਮ ਬਦਲਿਆ, ਹੈ ਆਈ ਸਰਦੀ
ਆਪਣੇ ਨਾਲ ਠੰਢ ਵੀ ਲਿਆਈ ਸਰਦੀ ,
ਧੁੰਦ ਨੇ ਚਾਰੇ ਪਾਸੇ ਘੇਰਾ ਹੈ ਪਾਇਆ ,
ਹਰ ਕੋਈ ਕਹੇ ਪਾਲਾ ਹੈ ਆਇਆ।
ਕੋਈ ਅੱਗ ਪਿਆ ਸੇਕੀ ਜਾਵੇ
ਕੋਈ ਹੀਟਰ ਲਾ ਕਮਰੇ 'ਚ ਨਿੱਘ ਪਾਵੇ ,
ਮੂੰਗਫਲੀ - ਗੱਚਕ ਦੇਖ ਮਨ ਲਲਚਾਵੇ ,
ਹਰ ਕੋਈ ਕਹੇ ਛੇਤੀ ਸੂਰਜ ਚੜ੍ਹ ਜਾਵੇ।
ਕੋਈ ਕ੍ਰਿਸਮਸ ਦਾ ਤਿਉਹਾਰ ਮਨਾਵੇ
ਕੋਈ ਸ਼ਹੀਦਾਂ ਨੂੰ ਸੀਸ ਝੁਕਾਵੇ।
ਬੱਚਿਆਂ ਨੂੰ ਛੁੱਟੀਆਂ ਦਾ ਹੈ ਚਾਅ ਚੜ੍ਹਿਆ
ਨਵਾਂ ਸਾਲ 2024 ਬੂਹੇ ਅੱਗੇ ਆਣ ਖੜ੍ਹਿਆ ,
ਵਾਹਨਾਂ ਦੀ ਰਫਤਾਰ ਦੇਖੋ ਧੀਮੀ ਹੋ ਗਈ
ਸਾਰੇ ਪਾਸੇ ਧੁੰਦ ਹੀ ਧੁੰਦ ਹੋਈ ਪਈ ,
ਲੋਹੜੀ ਦਾ ਸਭ ਨੂੰ ਹੈ ਬਹੁਤ ਇੰਤਜ਼ਾਰ
ਗਰਮ ਕੱਪੜੇ ਪਾਓ , ਹੋਵੋ ਨਾ ਬੀਮਾਰ ,
ਬਦਲਦੀਆਂ ਰੁੱਤਾਂ ਦਿੰਦੀਆਂ ਸਭ ਨੂੰ ਸੰਦੇਸ਼
ਰਲ਼ - ਮਿਲ਼ ਰਹੋ , ਕਦੇ ਕਰੋ ਨਾ ਕਲੇਸ਼ ,
' ਧਰਮਾਣੀ ' ਕੁਦਰਤ ਦੇ ਇਹ ਰੰਗ ਨੇ ਨਿਆਰੇ
ਹਰ ਰੁੱਤ ਦੇ ਨੇ ਆਪਣੇ ਨਜ਼ਾਰੇ ,
ਹਰ ਮੌਸਮ ਦੇ ਨੇ ਆਪਣੇ ਨਜ਼ਾਰੇ।



## ਸਦੀਆਂ ਤੋਂ ਮੁਹੱਬਤ ਦਾ ਏਹੀ ਅਫ਼ਸਾਨਾ ਹੈ

ਸੁਖਵਿੰਦਰ ਅੰਮ੍ਰਿਤ

ਸਦੀਆਂ ਤੋਂ ਮੁਹੱਬਤ ਦਾ ਏਹੀ ਅਫ਼ਸਾਨਾ ਹੈ
ਹਰ ਹੱਥ ਵਿੱਚ ਪੱਥਰ ਹੈ ਮਜਨੂੰ 'ਤੇ ਨਿਸ਼ਾਨਾ ਹੈ
ਇਹ ਰਹਿਬਰ ਕੀ ਜਾਨਣ, ਦਾਨਸ਼ਵਰ ਕੀ ਸਮਝਣ
ਇਸ ਇਸ਼ਕ ? ਦੀ ਮੰਜਿਲ 'ਤੇ ਪੁੱਜਦਾ ਦੀਵਾਨਾ ਹੈ
ਕੋਈ ਰਾਂਝਾ ਜਾਣ ਸਕੇ ਫ਼ਰਿਹਾਦ ਹੀ ਸਮਝ ਸਕੇ
ਕਿਉਂ ਬਲਦੀਆਂ ਲਾਟਾਂ 'ਤੇ ਸੜਦਾ ਪਰਵਾਨਾ ਹੈ
ਕਿਆ ਇਸ਼ਕ ? ਦੀ ਸ਼ਾਨ ਅੱਲ੍ਹਾ, ਇਹ ਇਸ਼ਕ ? ਸੁਬਹਾਨ ਅੱਲ੍ਹਾ !
ਇਸ ਇਸ਼ਕ ? ਬਿਨਾਂ ਲੋਕੋ ਕਿਆ ਖ਼ਾਕ ਜ਼ਮਾਨਾ ਹੈ ?
ਇਸ ਇਸ਼ਕ ? ਦੀ ਹੱਟੀ 'ਤੇ ਕੋਈ ਹੋਰ ਵਪਾਰ ਨਹੀਂ
ਬਸ ਦਿਲ ਦੇ ਸੌਦੇ ਨੇ ਤੇ ਸਿਰ ਨਜ਼ਰਾਨਾ ਹੈ
ਮੀਰੀ ਵੀ, ਪੀਰੀ ਵੀ, ਸ਼ਾਹੀ ਵੀ, ਫ਼ਕੀਰੀ ਵੀ
ਇਸ ਇਸ਼ਕ ? ਦੇ ਦਾਮਨ ਵਿੱਚ ਹਰ ਇੱਕ ਹੀ ਖ਼ਜ਼ਾਨਾ ਹੈ

# ਪੰਜਾਬੀਆਂ ਦੀ ਵਿਦੇਸ਼ ਜਾਣ ਦੀ ਇੱਛਾ ਨੂੰ ਸ਼ਿੱਦਤ ਨਾਲ ਪੇਸ਼ ਕਰਦੀ ਹੈ 'ਡੰਕੀ'



ਮਹਿਤਾਬ-ਉਦ-ਦੀਨ

ਸ਼ਾਹਰੁਖ਼ ਖ਼ਾਨ ਦੀ ਫ਼ਿਲਮ 'ਡੰਕੀ' ਪੰਜਾਬ ਅਤੇ ਪੰਜਾਬੀਆਂ ਦੀ ਵਿਦੇਸ਼ ਜਾਣ ਦੀ ਇੱਛਾ ਨੂੰ ਸ਼ਿੱਦਤ ਨਾਲ ਪੇਸ਼ ਕਰਦੀ ਹੈ। ਇਹ ਇੱਕ ਹਕੀਕਤ ਹੈ ਕਿ ਅਮਰੀਕਾ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਤੇ ਯੂਰੋਪੀਅਨ ਦੇਸ਼ਾਂ 'ਚ ਪੜ੍ਹਦੇ ਭਾਰਤੀਆਂ 'ਚੋਂ ਵਧੇਰੇ ਗਿਣਤੀ ਪੰਜਾਬੀ ਵਿਦਿਆਰਥੀਆਂ ਦੀ ਹੀ ਹੁੰਦੀ ਹੈ।

ਅਮੀਰ ਘਰਾਂ ਦੇ ਜਿਹੜੇ ਪੜ੍ਹੇ-ਲਿਖੇ ਬੱਚੇ ਕਾਨੂੰਨੀ ਢੰਗ ਨਾਲ ਵਿਦੇਸ਼ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਕਦੇ ਕੋਈ ਔਕੜਾਂ ਨਹੀਂ ਆਉਂਦੀਆਂ ਪਰ ਜਿਹੜੇ ਅਮੀਰ ਤੇ ਬਹੁਤੇ ਪੜ੍ਹੇ-ਲਿਖੇ ਨਹੀਂ ਹੁੰਦੇ, ਦੁਸ਼ਵਾਰੀਆਂ ਤੇ ਦੁੱਖ-ਤਕਲੀਫ਼ਾਂ ਦਾ ਸਾਹਮਣਾ ਤਾਂ ਉਨ੍ਹਾਂ ਨੂੰ ਹੀ ਕਰਨਾ ਪੈਂਦਾ ਹੈ। ਉਨ੍ਹਾਂ ਲਈ ਕਿਉਂਕਿ ਵਿਦੇਸ਼ ਜਾ ਕੇ ਸੈਟਲ ਹੋਣ ਦਾ ਸੁਫ਼ਨਾ ਸਾਕਾਰ ਕਰਨਾ ਸੰਭਵ ਨਹੀਂ ਹੁੰਦਾ, ਇਸੇ ਲਈ ਅਣ-ਰਜਿਸਟਰਡ ਟਰੈਵਲ ਤੇ ਇਮੀਗ੍ਰੇਸ਼ਨ ਏਜੰਟ ਉਨ੍ਹਾਂ ਨੂੰ 'ਡੌਂਕੀ ਫ਼ਲਾਈਟਸ' ਰਾਹੀਂ ਵਿਦੇਸ਼ ਪਹੁੰਚਾਉਂਦੇ ਹਨ। ਆਮ ਬੋਲ-ਚਾਲ ਅਤੇ ਦੇਸੀ ਭਾਸ਼ਾ 'ਚ ਇਸ ਨੂੰ 'ਡੰਕੀ ਮਾਰਨਾ' ਆਖਿਆ ਜਾਂਦਾ ਹੈ। ਬਹੁਤੇ ਪੰਜਾਬੀ ਨੌਜਵਾਨ ਇਸੇ ਪ੍ਰਕਿਰਿਆ ਰਾਹੀਂ ਅਨੇਕ ਦੁੱਖ-ਤਕਲੀਫ਼ਾਂ ਝੱਲਦੇ ਹੋਏ ਕਿਵੇਂ ਨਾ ਕਿਵੇਂ ਵੱਖੋ-ਵੱਖਰੇ ਦੇਸ਼ਾਂ ਦੀਆਂ ਸਰਹੱਦਾਂ, ਦਰਿਆਵਾਂ, ਮਹਾਂਸਾਗਰਾਂ, ਜੰਗਲ-ਬੇਲੇ ਪਾਰ ਕਰਦੇ ਹਨ। ਉਨ੍ਹਾਂ ਨੂੰ ਕੰਡਿਆਂ 'ਤੇ ਵੀ ਤੁਰਨਾ ਪੈਂਦਾ ਹੈ। ਕਈ-ਕਈ ਰਾਤਾਂ ਸੌਣਾ ਨਸੀਬ ਨਹੀਂ ਹੁੰਦਾ। ਬਹੁਤ ਵਾਰ ਉਹ ਲਾਲਚੀ ਤੇ ਰਿਸ਼ਵਤਖੋਰ ਪੁਲਿਸ ਮੁਲਾਜ਼ਮਾਂ ਦੇ ਢਹੇ ਵੀ ਚੜ੍ਹ ਜਾਂਦੇ ਹਨ। ਇਹੋ ਸਾਰੇ ਬਿਖੜੇ ਪੈਂਡੇ ਇੱਕ-ਇੱਕ ਕਰ ਕੇ ਇਸ ਫ਼ਿਲਮ 'ਚ ਦਰਸਾਏ ਗਏ ਹਨ। ਪੰਜਾਬ ਦੇ ਖ਼ਾਸ ਤੌਰ 'ਤੇ ਦੋਆਬਾ ਇਲਾਕੇ ਵਿੱਚ ਨਜ਼ਰ ਆਉਣ ਵਾਲੀਆਂ ਜਹਾਜ਼ ਹਵੇਲੀਆਂ ਦੀ ਇਸ ਫ਼ਿਲਮ 'ਚ ਭਰਮਾਰ ਵਿਖਾਈ ਗਈ ਹੈ।

ਅੰਤ 'ਚ ਇਹ ਫ਼ਿਲਮ ਆਮ ਲੋਕਾਂ, ਖ਼ਾਸ ਤੌਰ 'ਤੇ ਨੌਜਵਾਨਾਂ ਨੂੰ ਇਹੋ ਸੰਦੇਸ਼ ਦਿੰਦੀ ਹੈ ਕਿ ਜੇ ਉਹ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣਾ ਚਾਹੁੰਦੇ ਹਨ, ਤਾਂ ਉਸ ਰਾਹ ਵਿੱਚ ਅਣਗਿਣਤ ਖ਼ਤਰੇ ਹਨ। ਉਨ੍ਹਾਂ ਸਾਰੇ ਖ਼ਤਰਿਆਂ ਤੋਂ ਇਹ ਫ਼ਿਲਮ ਸਾਵਧਾਨ ਕਰਦੀ ਹੈ। ਇਸ ਫ਼ਿਲਮ 'ਚ ਨਾਲੋ-ਨਾਲ ਹਾਸਾ-ਠੱਠਾ ਵੀ ਚੱਲਦਾ ਹੈ, ਜੋ ਦਰਸ਼ਕਾਂ ਨੂੰ ਲਗਾਤਾਰ ਜੋੜ ਕੇ ਰੱਖਦਾ ਹੈ। ਪੰਜਾਬ ਦੇ ਇੱਕ ਪਿੰਡ ਦੇ ਥੋੜ੍ਹੇ ਘੱਟ ਪੜ੍ਹੇ ਨੌਜਵਾਨ ਜਦੋਂ ਅੰਗਰੇਜ਼ੀ ਸਿੱਖਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਫ਼ਿਲਮਸਾਜ਼ ਨੇ ਉਸ ਸਥਿਤੀ 'ਚੋਂ ਹਾਸਾ ਉਪਜਾਉਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ।

ਅੰਗਰੇਜ਼ੀ ਭਾਸ਼ਾ ਸਿੱਖਣ ਦੇ ਦ੍ਰਿਸ਼ ਲੋੜ ਤੋਂ ਕੁਝ ਵਧੇਰੇ ਲੰਮੇਰੇ ਖਿੱਚੇ ਜਾਪਦੇ ਹਨ ਪਰ ਫਿਰ ਵੀ ਦਰਸ਼ਕਾਂ ਲਈ ਝੱਲਣਯੋਗ ਹਨ। ਇਸੇ ਦੌਰਾਨ ਜਦੋਂ ਫ਼ੌਜੀ ਹਰਦਿਆਲ ਸਿੰਘ ਢਿੱਲੋਂ ਉਰਫ਼ ਹਾਰਡੀ (ਇਹ ਮੁੱਖ ਕਿਰਦਾਰ ਸ਼ਾਹਰੁਖ਼ ਖ਼ਾਨ ਨੇ ਨਿਭਾਇਆ ਹੈ) ਅੰਗਰੇਜ਼ੀ 'ਚ ਆਪਣਾ ਭਾਸ਼ਣ ਦਿੰਦਾ ਹੈ, ਤਾਂ ਉਹ ਦ੍ਰਿਸ਼ ਅਮਿਤਾਭ ਬਚਨ ਦੀ ਫਿਲਮ 'ਨਮਕ ਹਲਾਲ' ਦੀ ਸਿੱਧੀ ਨਕਲ ਜਾਪਦਾ ਹੈ। ਇਹ ਫ਼ਿਲਮ ਦਰਸ਼ਕਾਂ ਨੂੰ ਇਹ ਵੀ ਦੱਸਦੀ ਹੈ ਕਿ 'ਡੰਕੀ ਮਾਰ' ਕੇ ਜੇ ਖ਼ੁਸ਼ਕਿਸਮਤੀ ਨਾਲ ਕੋਈ ਆਪਣੇ ਟੀਚਾਗਤ ਦੇਸ਼ 'ਚ ਪੁੱਜ ਜਾਵੇ, ਤਾਂ ਕਿਹੜੇ-ਕਿਹੜੇ ਤਰੀਕਿਆਂ ਨਾਲ ਉਸ ਦੇਸ਼ 'ਚ ਰਹਿਣ ਦੀ ਕਾਨੂੰਨੀ ਚਾਰਾਜੋਈ ਕੀਤੀ ਜਾ ਸਕਦੀ ਹੈ। ਇਸੇ ਵਿਸ਼ੇ 'ਤੇ ਰਾਕੇਸ਼ ਧਵਨ ਦੀ ਹਦਾਇਤਕਾਰੀ ਅਧੀਨ ਫ਼ਿਲਮ 'ਆਜਾ ਮੈਕਸੀਕੋ ਚੱਲੀਏ' ਪਿਛਲੇ ਵਰ੍ਹੇ 25 ਫ਼ਰਵਰੀ ਨੂੰ ਰਿਲੀਜ਼ ਹੋਈ ਸੀ। ਇਸ ਵਿੱਚ ਮੁੱਖ ਭੂਮਿਕਾ ਅਦਾਕਾਰ ਐਮੀ ਵਿਰਕ ਨੇ ਨਿਭਾਈ ਸੀ। ਉਹ ਫ਼ਿਲਮ ਬਹੁਤੀ ਚੱਲ ਨਹੀਂ ਸਕੀ ਸੀ। ਇਸ ਦੇ ਮੁਕਾਬਲੇ ਫ਼ਿਲਮ 'ਡੰਕੀ' 'ਚ ਕਿਉਂਕਿ ਸ਼ਾਹਰੁਖ਼ ਖ਼ਾਨ, ਤਾਪਸੀ ਪਨੂੰ (ਜਿਸ ਨੇ ਮਨੂੰ ਬਸੰਤ ਰੰਧਾਵਾ ਦਾ ਕਿਰਦਾਰ ਨਿਭਾਇਆ ਹੈ), ਵਿੱਕੀ ਕੌਸ਼ਲ (ਸੁੱਖੀ ਮੰਗਲ), ਬੋਮਨ ਈਰਾਨੀ (ਗੀਤੂ ਗੁਲਾਟੀ) ਜਿਹੇ ਸੀਨੀਅਰ ਅਤੇ ਤਜਰਬੇਕਾਰ ਕਲਾਕਾਰ ਹਨ ਅਤੇ ਗੁਰਪ੍ਰੀਤ ਘੁੱਗੀ ਨੇ ਵੀ ਇਸ 'ਚ ਮਹਿਮਾਨ ਭੂਮਿਕਾ ਨਿਭਾਈ ਹੈ; ਇਸੇ ਲਈ ਇਸ ਫਿਲਮ ਦਾ ਵਧੇਰੇ ਡੰਕਾ ਵੱਜਣਾ ਸੁਭਾਵਕ ਹੈ। ਪੰਜਾਬੀਆਂ ਨੂੰ ਯਕੀਨੀ ਤੌਰ 'ਤੇ ਇਹ ਫ਼ਿਲਮ ਬੇਹੱਦ ਪਸੰਦ ਆ ਰਹੀ ਹੈ। ਇਸ ਕਾਰਨ ਇਸ ਦੇ ਹਿੱਟ ਹੋਣ ਦੀ ਸੰਭਾਵਨਾ ਤੋਂ ਇਨਕਾਰ ਕੀਤਾ ਹੀ ਨਹੀਂ ਜਾ ਸਕਦਾ। ਸਾਰੇ ਕਲਾਕਾਰਾਂ ਨੇ ਆਪੋ-ਆਪਣੀਆਂ ਭੂਮਿਕਾਵਾਂ ਨਾਲ ਇਨਸਾਫ਼ ਕੀਤਾ ਹੈ। ਸ਼ਾਹਰੁਖ਼ ਨੇ ਨਿਸ਼ਚਤ ਤੌਰ 'ਤੇ ਆਪਣਾ ਸ਼ਤ-ਪ੍ਰਤੀਸ਼ਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਫਿਲਮ ਦੇ ਜ਼ਿਆਦਾਤਰ ਦ੍ਰਿਸ਼ ਹੰਗਰੀ ਦੇਸ਼ ਦੀ ਰਾਜਧਾਨੀ ਬੁਡਾਪੈਸਟ, ਇੰਗਲੈਂਡ ਦੀ ਰਾਜਧਾਨੀ ਲੰਦਨ, ਸਾਊਦੀ ਅਰਬ ਦੇ ਜੱਦਾਹ, ਨਿਓਮ 'ਚ ਫ਼ਿਲਮਾਏ ਗਏ ਹਨ। ਦੇਸ਼ 'ਚ ਇਸ ਦੀ ਸ਼ੂਟਿੰਗ ਲਈ ਮੁੰਬਈ ਤੋਂ ਇਲਾਵਾ ਮੱਧ ਪ੍ਰਦੇਸ਼ ਦੇ ਸ਼ਹਿਰ ਜੱਬਲਪੁਰ, ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ ਦੇ ਨਾਲ-ਨਾਲ, ਪੈਂਪੋਰ, ਸੋਨਮਰਗ ਜਿਹੀਆਂ ਲੋਕੇਸ਼ਨਾਂ ਨੂੰ ਚੁਣਿਆ ਗਿਆ ਸੀ।



ਇਸ ਫਿਲਮ ਦਾ ਨਿਰਮਾਣ 120 ਕਰੋੜ 'ਚ ਹੋਇਆ ਹੈ ਤੇ ਪਹਿਲੇ ਦਿਨ ਇਸ ਫ਼ਿਲਮ ਨੇ 30 ਕਰੋੜ ਰੁਪਏ ਦਾ ਕਾਰੋਬਾਰ ਕਰ ਲਿਆ ਹੈ; ਜਿਸ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਹ ਫਿਲਮ ਜਿੱਥੇ ਆਪਣਾ ਸਾਰਾ ਖ਼ਰਚਾ ਵੀ ਪੂਰਾ ਕਰ ਲਵੇਗੀ, ਉੱਥੇ ਇਹ ਚੋਖੀ ਕਮਾਈ ਵੀ ਕਰ ਸਕਦੀ ਹੈ। ਫਿਲਮ 'ਡੰਕੀ' ਦੇ ਨਿਰਮਾਤਾ ਗੌਰੀ ਖ਼ਾਨ, ਰਾਜਕੁਮਾਰ ਹਿਰਾਨੀ ਤੇ ਜਿਓਤੀ ਦੇਸ਼ਪਾਂਡੇ ਹਨ ਅਤੇ ਨਿਰਦੇਸ਼ਨ ਵੀ ਹਿਰਾਨੀ ਦਾ ਹੀ ਹੈ। ਇਸ ਨੂੰ ਪੰਜ 'ਚੋਂ ਤਿੰਨ-ਸਟਾਰ ਤਾਂ ਦਿੱਤੇ ਹੀ ਜਾ ਸਕਦੇ ਹਨ; ਭਾਵ ਇਹ ਫ਼ਿਲਮ ਔਸਤ ਤੋਂ ਜ਼ਿਆਦਾ ਵਧੀਆ ਹੈ ਪਰ ਇਸ ਨੂੰ 'ਬਹੁਤ ਜ਼ਿਆਦਾ ਵਧੀਆ' ਦੀ ਸ਼੍ਰੇਣੀ 'ਚ ਨਹੀਂ ਰੱਖਿਆ ਜਾ ਸਕਦਾ।

# ਸਾਲ 2023 'ਚ ਓ.ਟੀ.ਟੀ. 'ਤੇ ਛਾਈਆਂ ਰਹੀਆਂ ਕੁਝ ਫ਼ਿਲਮਾਂ













2023 ਦਾ ਅੰਤ ਹੋ ਰਿਹਾ ਪਰ ਪੂਰਾ ਸਾਲ ਕੁਝ ਅਜਿਹੀਆਂ ਅਪਰਾਧ ਨਾਲ ਜੁੜੀਆਂ, ਵੈਬ ਸੀਰੀਜ਼ ਦੀ ਸੂਚੀ ਹੈ ਜੋ 2023 ਦੇ ਵਿੱਚ ਰਿਲੀਜ਼ ਹੋਈਆਂ, ਤੇ ਨੈਟ ਫਲਿਕ, ਐਮਾਜਨ, ਪ੍ਰਾਈਮ ਵੀਡੀਓ ਸਮੇਤ ਕਈ ਓ.ਟੀ.ਟੀ. ਪਲੇਟ ਫ਼ਾਰਮਾਂ ਤੇ ਰਾਜ ਕਰਦੀਆਂ ਰਹੀਆਂ। ਇਹ ਸੱਚੀਆਂ ਅਪਰਾਧ ਵੈਬਸੀਰੀਜ਼ ਹਨ।

**1. ਮੁੰਬਈ ਮਾਫ਼ੀਆ :** ਪੁਲਿਸ ਬਨਾਮ ਅੰਡਰਵਰਲਡ: ਇਹ ਵੈਬਸੀਰੀਜ਼ ਮੌਰਗਨ ਮੈਥਿਓਜ ਤੇ ਸੋਫ਼ੀ ਜੋਨਸ ਦੁਆਰਾ ਬਣਾਈ ਗਈ ਹੈ ਤੇ ਰਾਘਬ ਡਾਰ ਅਤੇ ਫ਼ਰਾਂਸਿਸੀ ਲੋਂਗਹਰਸਟ ਦੁਆਰਾ ਨਿਰਦੇਸ਼ ਕੀਤੀ ਗਈ ਹੈ। ਇਸ ਫ਼ਲਮ ਦਾ ਪਲਾਟ ਮੁੰਬਈ ਪੁਲਿਸ, ਡਾਨ ਦਾਊਦ ਅਤੇ ਉਸਦੇ ਸਾਥੀਆਂ ਜਿਵੇਂ ਅਬੂ ਸਲੇਮ ਅਤੇ ਹੋਰਨਾਂ ਦੇ ਆਲੇ ਦੁਆਲੇ ਘੁੰਮਦਾ ਹੈ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਮੁੰਬਈ ਦੇ ਅਫ਼ਸਰਾਂ ਦੇ ਨਾਲ ਇੰਟਰਵਿਊਆਂ ਵੀ ਸ਼ਾਮਲ ਹਨ।

**2.ਦਾ ਹੰਟ ਫ਼ਾਰ ਵੀਰੱਪਣ :** ਇਹ ਕਹਾਣੀ 1990 ਤੇ 2000 ਦੇ ਦਹਾਕੇ ਦੇ ਭਿਆਨਕ ਡਾਕੂ 'ਤੇ ਆਧਾਰਿਤ ਹੈ। ਇਸ ਵਿੱਚ ਤਸਕਰ ਵੀਰੱਪਣ ਦੇ ਉਭਾਰ ਅਤੇ ਪਤਨ ਤੋਂ ਬਾਅਦ ਦੀ ਸਥਿਤੀ ਨੂੰ ਬਿਆਨ ਕੀਤਾ ਗਿਆ ਹੈ। ਇਸ ਉੱਤੇ ਦੱਖਣੀ ਭਾਰਤ ਵਿੱਚ 20 ਸਾਲ ਲੰਬੀ ਖੋਜ਼ ਹੋਈ ਹੈ।

**3. ਡਾਂਸਿੰਗ ਆਨ ਦਾ ਗ੍ਰੇਵ :** ਇਸ ਫ਼ਿਲਮ ਨੂੰ ਇੰਡੀਆ ਟੂਡੇ ਦੁਆਰਾ ਬਣਾਇਆ ਗਿਆ। ਇਹ ਲੜੀ ਖਲੀਲੀ ਦੇ ਕਤਲ 'ਤੇ ਆਧਾਰਿਤ ਹੈ। ਖਲੀਲੀ ਇੱਕ ਭਾਰਤੀ ਰੀਅਲ ਅਸਟੇਟ ਕਾਰੋਬਾਰੀ ਸੀ।

**4. ਵਿਕਟਮ:** ਇਹ ਡਾਕੂਮੈਂਟਰੀ ਨੌਜਵਾਨ ਔਰਤਾਂ ਦੀ ਕਹਾਣੀ 'ਤੇ ਆਧਾਰਿਤ ਹੈ ਜੋ ਕਿ ਪੁਲਿਸ ਨੂੰ ਦਸਦੀਆਂ ਹਨ ਕਿ ਉਹਨਾਂ ਦਾ ਜਿਨਸੀ ਸ਼ੋਸਣ ਹੋਇਆ। ਰਿਪੋਰਟ ਕਰਵਾਉਣ ਦੇ ਬਾਵਜੂਦ ਉਹਨਾਂ ਨੂੰ ਦੋਸ਼ੀ ਠਹਿਰਾਇਆ ਗਿਆ ਅਤੇ ਗ੍ਰਿਫ਼ਤਾਰ ਕੀਤਾ ਗਿਆ। ਇਹ ਕਹਾਣੀਆਂ ਦਾ ਪਰਦਾਫ਼ਾਸ ਖ਼ੋਜੀ ਪੱਤਰਕਾਰ ਰਾਇ ਡੀ ਲਿਉਣ ਕਰਦਾ ਹੈ।

**5. ਆਈਸ ਕੋਲਡ : ਕਤਲ, ਕਾਫ਼ੀ ਤੇ ਜੈਸਿਕਾ ਵੋਂਗਸੋ :** ਇਹ ਫ਼ਿਲਮ 2023 ਦੀ ਇੰਡੋਨੇਸ਼ੀਆਈ-ਸਿੰਘਾਪੁਰ ਦੀ ਸੱਚੀ ਅਪਰਾਧ ਦਸ਼ਤਾਵੇਜ਼ੀ ਫ਼ਿਲਮ ਹੈ । ਇਹ ਰੋਬ ਸਿਕਸਮਿਥ ਦੁਆਰਾ 2016 ਦੇ ਵਿੱਚ ਵਾਯਾਨ ਮਿਰਨਾ ਸਲੀਹਿਨ ਦੇ ਕਤਲ ਬਾਰੇ ਨਿਰਦੇਸ਼ਦਿਤ ਕੀਤੀ ਗਈ ਸੀ ਤੇ ਮੁਕੱਦਮੇ ਦੇ ਆਲੇ ਦੁਆਲੇ ਘੁੰਮਦੀ ਹੈ।

**6.ਦ ਮਰਡੌਗ ਮਰਡਰਸ :** ਦੱਖਣੀ ਕੈਰੋਲੀਨਾ ਵਿੱਚ ਇੱਕ ਪ੍ਰਮੁੱਖ ਪਰਿਵਾਰ 'ਦ ਮਰਡੌਗ ਮਰਡਰਸ' ਉਹਨਾਂ ਦੀ ਵਿਰਾਸਤ ਨੂੰ ਉਜਾਗਰ ਕਰਦੀ ਹੈ। ਇਸ ਸ਼ੋਅ ਦੇ 2 ਸੀਜਨ ਹਨ।

**7. ਇਨ ਦਾ ਨੇਮ ਆਫ਼ ਗੌਡ :** ਇਹ ਦਸਤਾਵੇਜ਼ੀ ਚਾਰ ਕੋਰੀਆਈ ਨੇਤਾਵਾਂ ਦੇ ਭਿਆਨਕ ਅਤੇ ਸੱਚੇ ਵਿਰਤਾਤਾਂ ਨੂੰ ਦਰਸ਼ਾਉਂਦੀ ਹੈ, ਜੋ ਆਪਣੇ ਆਪ ਨੂੰ 'ਨਬੀ' ਵਜੋਂ ਐਲਾਨ ਕਰਦੇ ਹਨ। ਇਹ ਵਿਰਤਾਂਤ ਅਟੱਲ ਵਿਸ਼ਵਾਸ਼ ਤੇ ਅਸ਼ੁਭ ਪਹਿਲੂਆਂ ਨੂੰ ਉਜਾਗਰ ਕਰਦਾ ਹੈ।

**8. ਬੈਡ ਸਰਜਨ :** ਇਹ ਸੱਚੀ ਘਟਨਾ ਡਾਕਟਰੀ ਇਤਿਹਾਸ ਦੇ ਵਿੱਚ ਧੋਖਾਧੜੀ ਦਾ ਇੱਕ ਪਰਦਾਫ਼ਾਸ ਕਰਦੀ ਹੈ। ਇਸ ਵਿੱਚ ਸਰਜਨ ਦਾ ਪਰਦਾਫ਼ਾਸ ਹੁੰਦਾ ਹੈ। ਇਹ ਡਾਕਟਰ ਪਾਓਲੋ ਮੈਕਚਿਆਰਿਨੀ 'ਤੇ ਆਧਾਰਿਤ ਹੈ, ਜੋ ਆਪਣੇ ਇਨਕਲਾਬੀ ਸਕੈਮ ਸੈਲ ਇਨਫਿਊਜ਼ਡ ਵਿੰਡ ਪਾਈਪ ਟਰਾਂਸਪਲਾਂਟ ਲਈ ਵਿਸ਼ਵ ਪ੍ਰਸਿੱਧ ਹੈ।

**9. ਟਿਲ ਮਰਡਰ ਡੂ ਅਸ ਪਾਰਟ :** ਇਸ ਵੈਬਸੀਰੀਜ਼ ਦੇ ਵਿੱਚ 1985 ਦਾ ਸਮੇਂ ਦਾ ਜ਼ਿਕਰ ਕੀਤਾ ਗਿਆ ਹੈ। ਜਿਸ ਵਿੱਚ ਜੇਸ ਸੋਅਰਿਗ ਨੂੰ ਆਪਣੀ ਪ੍ਰੇਮਿਕਾ ਅਲੀਜ਼ਾਵਿਥ ਦੇ ਮਾਪਿਆਂ ਦੀ ਹੱਤਿਆ ਦਾ ਦੋਸ਼ੀ ਠਹਿਰਾਇਆ ਗਿਆ ਸੀ।












# ਖੇਡ ਮੰਤਰਾਲੇ ਵੱਲੋਂ ਭਾਰਤੀ ਕੁਸ਼ਤੀ ਫ਼ੈਡਰੇਸ਼ਨ ਮੁਅੱਤਲ

## ਨਿਯਮਾਂ ਦਾ ਪਾਲਣ ਨਾ ਕਰਨ 'ਤੇ ਹੋਈ ਕਾਰਵਾਈ

### ਨਵੇਂ ਪ੍ਰਧਾਨ ਸੰਜੈ ਸਿੰਘ ਨੂੰ ਵੀ ਪ੍ਰਧਾਨਗੀ ਤੋਂ ਹਟਾਇਆ

ਨਵੀਂ ਦਿੱਲੀ/ਏ.ਟੀ.ਨਿਊਜ਼ : ਖੇਡ ਮੰਤਰਾਲੇ ਨੇ ਭਾਰਤੀ ਕੁਸ਼ਤੀ ਫ਼ੈਡਰੇਸ਼ਨ (ਡਬਲਯੂ.ਐੱਫ.ਆਈ.) ਨੂੰ ਅਗਲੇ ਹੁਕਮਾਂ ਤੱਕ ਮੁਅੱਤਲ ਕਰ ਦਿੱਤਾ ਹੈ ਕਿਉਂਕਿ ਨਵੀਂ ਚੁਣੀ ਸੰਸਥਾ ਨੇ ਢੁੱਕਵੀਂ ਪ੍ਰਕਿਰਿਆ ਦਾ ਪਾਲਣ ਨਹੀਂ ਕੀਤਾ ਅਤੇ ਪਹਿਲਵਾਨਾਂ ਨੂੰ ਤਿਆਰੀ ਲਈ ਢੁੱਕਵਾਂ ਸਮਾਂ ਦਿੱਤੇ ਬਿਨਾਂ ਅੰਡਰ-15 ਤੇ ਅੰਡਰ-20 ਕੌਮੀ ਚੈਂਪੀਅਨਸ਼ਿਪ ਕਰਾਉਣ ਦਾ ਜਲਦਬਾਜ਼ੀ ਨਾਲ ਐਲਾਨ ਕਰ ਦਿੱਤਾ ਸੀ। ਮੰਤਰਾਲੇ ਨੇ ਨਾਲ ਹੀ ਕਿਹਾ ਕਿ ਨਵੀਂ ਸੰਸਥਾ ਪੂਰੀ ਤਰ੍ਹਾਂ ਨਾਲ ਸਾਬਕਾ ਅਹੁਦੇਦਾਰਾਂ ਦੇ ਕੰਟਰੋਲ ਹੇਠ ਕੰਮ ਕਰ ਰਹੀ ਸੀ। ਖੇਡ ਮੰਤਰਾਲੇ ਨੇ ਭਾਰਤੀ ਉਲੰਪਿਕ ਐਸੋਸੀਏਸ਼ਨ (ਆਈ.ਓ.ਏ.) ਨੂੰ ਪੱਤਰ ਲਿਖ ਕੇ ਡਬਲਯੂ.ਐੱਫ.ਆਈ. ਦੇ ਮਾਮਲਿਆਂ ਦੇ ਪ੍ਰਬੰਧਨ ਤੇ ਕੰਟਰੋਲ ਲਈ ਐਡਹਾਕ ਕਮੇਟੀ ਬਣਾਉਣ ਦੀ ਅਪੀਲ ਕੀਤੀ ਹੈ। ਜ਼ਿਕਰਯੋਗ ਹੈ ਕਿ ਡਬਲਯੂ.ਐੱਫ.ਆਈ. ਦੀਆਂ ਚੋਣਾਂ 21 ਦਸੰਬਰ ਨੂੰ ਹੋਈਆਂ ਸਨ ਜਿਸ ਵਿੱਚ ਸਾਬਕਾ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ ਦੇ ਨਜ਼ਦੀਕੀ ਸੰਜੈ ਸਿੰਘ ਤੇ ਉਸ ਦੇ ਪੈਨਲ ਨੇ ਵੱਡੇ ਫ਼ਰਕ ਨਾਲ ਜਿੱਤ ਦਰਜ ਕੀਤੀ ਸੀ।

ਖੇਡ ਮੰਤਰਾਲੇ ਦੇ ਇੱਕ ਅਧਿਕਾਰੀ ਨੇ ਦੱਸਿਆ, 'ਨਵੀਂ ਸੰਸਥਾ ਨੇ ਡਬਲਯੂ.ਐੱਫ.ਆਈ. ਦੇ ਸੰਵਿਧਾਨ ਦਾ ਪਾਲਣ ਨਹੀਂ ਕੀਤਾ। ਫ਼ੈਡਰੇਸ਼ਨ ਅਗਲੇ ਹੁਕਮਾਂ ਤੱਕ ਮੁਅੱਤਲ ਰਹੇਗੀ। ਡਬਲਯੂ.ਐੱਫ. ਆਈ. ਕੁਸ਼ਤੀ ਦਾ ਰੋਜ਼ਾਨਾ ਦਾ ਕੰਮਕਾਰ ਨਹੀਂ ਦੇਖੇਗੀ।



ਉਨ੍ਹਾਂ ਨੂੰ ਢੁੱਕਵੀਂ ਪ੍ਰਕਿਰਿਆ ਤੇ ਨਿਯਮਾਂ ਦਾ ਪਾਲਣ ਕਰਨ ਦੀ ਲੋੜ ਹੈ।' ਵਿਨੇਸ਼ ਫ਼ੋਗਾਟ ਤੇ ਸਾਕਸ਼ੀ ਮਲਿਕ ਨਾਲ ਬ੍ਰਿਜਭੂਸ਼ਨ ਖ਼ਿਲਾਫ਼ ਸੰਘਰਸ਼ ਦੀ ਅਗਵਾਈ ਕਰਨ ਵਾਲੇ ਚੋਟੀ ਦੇ ਪਹਿਲਵਾਨ ਬਜਰੰਗ ਪੂਨੀਆ ਨੇ ਸਾਬਕਾ ਪ੍ਰਧਾਨ ਦੇ ਨਜ਼ਦੀਕੀ ਸੰਜੈ ਸਿੰਘ ਦੇ ਡਬਲਯੂ.ਐੱਫ.ਆਈ. ਪ੍ਰਧਾਨ ਬਣਨ ਦੇ ਵਿਰੋਧ 'ਚ ਲੰਘੇ ਸ਼ੁੱਕਰਵਾਰ ਨੂੰ ਆਪਣਾ ਪਦਮਸ੍ਰੀ ਪੁਰਸਕਾਰ ਸਰਕਾਰ ਨੂੰ ਮੋੜ ਦਿੱਤਾ ਸੀ। ਇਸ ਤੋਂ ਇੱਕ ਦਿਨ ਪਹਿਲਾਂ ਸਾਕਸ਼ੀ ਨੇ ਕੁਸ਼ਤੀ ਤੋਂ ਸੰਨਿਆਸ ਲੈ ਲਿਆ ਸੀ। ਸੂਤਰਾਂ ਨੇ ਇਸ ਕਾਰਵਾਈ ਦੇ ਕਾਰਨਾਂ ਬਾਰੇ ਦੱਸਦਿਆਂ ਕਿਹਾ, 'ਡਬਲਯੂ.ਐੱਫ. ਆਈ. ਦੇ ਨਵੇਂ ਚੁਣੇ ਪ੍ਰਧਾਨ ਸੰਜੈ ਸਿੰਘ ਨੇ 21 ਦਸੰਬਰ 2023 ਨੂੰ ਪ੍ਰਧਾਨ ਚੁਣੇ ਜਾਣ ਵਾਲੇ ਦਿਨ ਹੀ ਐਲਾਨ ਕੀਤਾ ਕਿ ਕੁਸ਼ਤੀ ਲਈ ਅੰਡਰ-15 ਤੇ ਅੰਡਰ-20 ਕੌਮੀ ਚੈਂਪੀਅਨਸ਼ਿਪ ਸਾਲ ਖਤਮ ਹੋਣ ਤੋਂ ਪਹਿਲਾਂ ਹੀ ਉੱਤਰ ਪ੍ਰਦੇਸ਼ ਦੇ ਗੌਂਡਾ ਦੇ ਨੰਦਿਨੀ ਨਗਰ 'ਚ ਹੋਵੇਗੀ।' ਉਨ੍ਹਾਂ ਕਿਹਾ, 'ਇਹ ਐਲਾਨ ਜਲਦਬਾਜ਼ੀ 'ਚ ਕੀਤਾ ਗਿਆ ਹੈ। ਉਨ੍ਹਾਂ ਪਹਿਲਵਾਨਾਂ ਨੂੰ ਲੋੜੀਂਦੀ ਸੂਚਨਾ ਨਹੀਂ ਦਿੱਤੀ ਗਈ ਜਿਨ੍ਹਾਂ ਉਕਤ ਕੌਮੀ ਮੁਕਾਬਲੇ ਵਿੱਚ ਹਿੱਸਾ ਲੈਣਾ ਹੈ। ਡਬਲਯੂ.ਐੱਫ.ਆਈ. ਦੇ ਸੰਵਿਧਾਨ ਦੀਆਂ ਮੱਦਾਂ ਦਾ ਪਾਲਣ ਵੀ ਨਹੀਂ ਕੀਤਾ ਗਿਆ।' ਮੰਤਰਾਲੇ ਦੇ ਸੂਤਰਾਂ ਨੇ ਕਿਹਾ, 'ਡਬਲਯੂ.ਐੱਫ.ਆਈ. ਦੇ ਸੰਵਿਧਾਨ ਦੀ ਪ੍ਰਸਤਾਵਨਾ ਦੇ ਨਿਯਮ 3 (ਈ) ਅਨੁਸਾਰ ਡਬਲਯੂ.ਐੱਫ. ਆਈ. ਦਾ ਮਕਸਦ ਹੋਰ ਗੱਲਾਂ ਤੋਂ ਇਲਾਵਾ ਕਾਰਜਕਾਰੀ ਕਮੇਟੀ ਵੱਲੋਂ ਚੋਣਵੇਂ ਸਥਾਨਾਂ 'ਤੇ ਯੂ.ਡਬਲਯੂ. ਡਬਲਯੂ. (ਯੂਨਾਈਟਿਡ ਵਰਲਡ ਰੈਸਲਿੰਗ) ਦੇ ਨਿਯਮਾਂ ਅਨੁਸਾਰ ਸੀਨੀਅਰ, ਜੂਨੀਅਰ ਤੇ ਸਬ-ਜੂਨੀਅਰ ਕੌਮੀ ਚੈਂਪੀਅਨਸ਼ਿਪ ਕਰਾਉਣ ਦਾ ਪ੍ਰਬੰਧ ਕਰਨਾ ਹੈ।' ਸੂਤਰਾਂ ਨੇ ਕਿਹਾ ਕਿ ਨਵੀਂ ਸੰਸਥਾ ਨੇ ਉਸੇ ਕੰਪਲੈਕਸ (ਬ੍ਰਿਜਭੂਸ਼ਨ ਦਾ ਅਧਿਕਾਰਤ ਬੰਗਲਾ) 'ਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਜਿੱਥੇ ਪਿਛਲੇ ਅਹੁਦੇਦਾਰ ਕੰਮ ਕਰਦੇ ਸਨ ਅਤੇ ਜਿੱਥੇ ਕਥਿਤ ਤੌਰ 'ਤੇ ਖਿਡਾਰੀਆਂ ਦੇ ਜਿਨਸੀ ਸ਼ੋਸ਼ਣ ਦਾ ਦੋਸ਼ ਲਾਇਆ ਗਿਆ ਸੀ। ਮੌਜੂਦਾ ਸਮੇਂ ਇਸ ਮਾਮਲੇ ਦੀ ਅਦਾਲਤ 'ਚ ਸੁਣਵਾਈ ਚੱਲ ਰਹੀ ਹੈ। ਸੂਤਰਾਂ ਨੇ ਕਿਹਾ, 'ਅਜਿਹਾ ਲਗਦਾ ਹੈ ਕਿ ਨਵੀਂ ਚੁਣੀ ਸੰਸਥਾ ਸਾਬਕਾ ਅਹੁਦੇਦਾਰਾਂ ਦੇ ਪੂਰੀ ਤਰ੍ਹਾਂ ਕੰਟਰੋਲ ਹੇਠ ਹੈ ਜੋ ਖੇਡ ਜ਼ਾਬਤੇ ਦਾ ਪੂਰੀ ਤਰ੍ਹਾਂ ਉਲੰਘਣ ਹੈ।' (ਬਾਕੀ ਸਫ਼ਾ 31 'ਤੇ)

## ਅਸੀਂ ਸਰਕਾਰ ਨੂੰ ਆਪਣੀ ਸਥਿਤੀ ਦੱਸਾਂਗੇ: ਸੰਜੈ ਸਿੰਘ

ਨਵੀਂ ਦਿੱਲੀ/ਏ.ਟੀ.ਨਿਊਜ਼ : ਡਬਲਯੂ. ਐੱਫ.ਆਈ. ਦੇ ਪ੍ਰਧਾਨ ਸੰਜੈ ਸਿੰਘ ਨੇ ਕਿਹਾ ਕਿ ਉਹ ਸਰਕਾਰ ਨੂੰ ਆਪਣੀ ਸਥਿਤੀ ਬਾਰੇ ਦਸ ਕੇ ਮੁਅੱਤਲੀ ਰੱਦ ਕਰਨ ਦੀ ਮੰਗ ਕਰਨਗੇ ਕਿ ਉਨ੍ਹਾਂ ਫ਼ੈਸਲੇ ਕਰਦੇ ਸਮੇਂ ਕਿਸੇ ਤਰ੍ਹਾਂ ਦੇ ਨਿਯਮਾਂ ਦਾ ਉਲੰਘਣ ਨਹੀਂ ਕੀਤਾ ਹੈ ਅਤੇ ਜੇਕਰ ਮਾਮਲਾ ਹੱਲ ਨਹੀਂ ਹੁੰਦਾ ਤਾਂ ਉਹ ਕਾਨੂੰਨੀ ਬਦਲ ਵੀ ਤਲਾਸ਼ ਸਕਦੇ ਹਨ। ਸੰਜੈ ਸਿੰਘ ਨੇ ਕਿਹਾ, 'ਅਸੀਂ ਖੇਡ ਮੰਤਰੀ ਤੋਂ ਮੁਲਾਕਾਤ ਲਈ ਸਮਾਂ ਮੰਗ ਰਹੇ ਹਾਂ ਅਤੇ ਉਨ੍ਹਾਂ ਨੂੰ ਮੁਅੱਤਲੀ ਹਟਾਉਣ ਦੀ ਅਪੀਲ ਕਰਦੇ ਹਾਂ। ਜੇਕਰ ਗੱਲਬਾਤ ਰਾਹੀਂ ਮਾਮਲਾ ਨਹੀਂ ਸੁਲਝਦਾ ਤਾਂ ਅਸੀਂ ਕਾਨੂੰਨੀ ਰਾਹ ਤਲਾਸ਼ ਸਕਦੇ ਹਾਂ।' ਉਨ੍ਹਾਂ ਕਿਹਾ, 'ਅਸੀਂ ਸਰਕਾਰ ਨੂੰ ਦੱਸਾਂਗੇ ਕਿ ਅਸੀਂ ਫ਼ੈਸਲਾ ਕਰਦੇ ਸਮੇਂ ਨਿਯਮਾਂ ਦਾ ਪਾਲਣ ਕੀਤਾ ਹੈ। ਅਸੀਂ ਸਬੂਤ ਪੇਸ਼ ਕਰਾਂਗੇ। ਜੋ ਵੀ ਫ਼ੈਸਲੇ ਕੀਤੇ ਗਏ ਹਨ, ਉਹ ਸਰਬਸੰਮਤੀ ਨਾਲ ਕੀਤੇ ਗਏ ਹਨ। ਇਹ ਮੇਰਾ ਕੋਈ ਨਿੱਜੀ ਫ਼ੈਸਲਾ ਨਹੀਂ ਸੀ। 24 ਸੂਬਾਈ ਐਸੋਸੀਏਸ਼ਨਾਂ ਨੇ ਹਲਫ਼ਨਾਮੇ ਦਿੱਤੇ ਸਨ ਅਤੇ ਸਾਡੇ ਕੋਲ ਈਮੇਲ ਹਨ। ਸਾਡੇ ਕੋਲ ਸਭ ਕੁਝ ਲਿਖਤੀ ਤੌਰ 'ਤੇ ਹੈ।'

## ਮੈਂ ਕੁਸ਼ਤੀ ਤੋਂ ਸੰਨਿਆਸ ਲੈ ਲਿਆ ਹੈ: ਬ੍ਰਿਜਭੂਸ਼ਨ

ਨਵੀਂ ਦਿੱਲੀ: ਡਬਲਯੂ.ਐੱਫ. ਆਈ. ਦੇ ਸਾਬਕਾ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ ਨੇ ਇੱਥੇ ਕਿਹਾ ਕਿ ਉਸ ਨੇ ਇਸ ਖੇਡ ਤੋਂ ਸੰਨਿਆਸ ਲੈ ਲਿਆ ਹੈ ਕਿਉਂਕਿ ਉਸ ਕੋਲ ਕਈ ਹੋਰ ਜ਼ਿੰਮੇਵਾਰੀਆਂ ਹਨ ਜਿਨ੍ਹਾਂ ਵਿੱਚ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵੀ ਸ਼ਾਮਲ ਹਨ। ਬ੍ਰਿਜਭੂਸ਼ਨ ਨੇ ਖੇਡ ਮੰਤਰਾਲੇ ਵੱਲੋਂ ਨਵੀਂ ਡਬਲਯੂ.ਐੱਫ.ਆਈ. ਨੂੰ ਮੁਅੱਤਲ ਕੀਤੇ ਜਾਣ ਤੋਂ ਬਾਅਦ ਭਾਜਪਾ ਪ੍ਰਧਾਨ ਜੇਪੀ ਨੱਢਾ ਨਾਲ ਮੁਲਾਕਾਤ ਮਗਰੋਂ ਇਹ ਟਿੱਪਣੀ ਕੀਤੀ। ਬ੍ਰਿਜਭੂਸ਼ਨ ਨੇ ਕਿਹਾ, 'ਮੈਂ 12 ਸਾਲ ਤੱਕ ਕੁਸ਼ਤੀ ਦੀ ਸੇਵਾ ਕੀਤੀ। ਚੰਗੀ ਜਾਂ ਬੁਰੀ ਕੀਤੀ ਇਹ ਸਮਾਂ ਦੱਸੇਗਾ। ਮੈਂ ਹੁਣ ਕੁਸ਼ਤੀ ਤੋਂ ਸੰਨਿਆਸ ਲੈ ਲਿਆ ਹੈ। ਮੈਂ ਹੁਣ ਇਸ ਖੇਡ ਨਾਲੋਂ ਰਿਸ਼ਤਾ ਤੋੜ ਰਿਹਾ ਹਾਂ। ਹੁਣ ਜੋ ਵੀ ਫ਼ੈਸਲੇ ਲੈਣੇ ਹਨ ਭਾਵੇਂ ਉਹ ਸਰਕਾਰ ਨਾਲ ਸੰਪਰਕ ਕਰਨਾ ਹੋਵੇ ਜਾਂ ਕਾਨੂੰਨੀ ਪ੍ਰਕਿਰਿਆ ਸੰਭਾਲਣੀ ਹੋਵੇ, ਇਸ ਦਾ ਫ਼ੈਸਲਾ ਹੁਣ ਨਵੀਂ ਚੁਣੇ ਮੈਂਬਰ ਕਰਨਗੇ। ਲੋਕ ਸਭਾ ਚੋਣਾਂ ਨੇੜੇ ਹਨ ਤੇ ਮੈਂ ਅੱਗੇ ਵਧਣਾ ਹੈ।' ਬ੍ਰਿਜਭੂਸ਼ਨ ਨੇ ਸਪੱਸ਼ਟ ਕੀਤਾ ਕਿ ਅੰਡਰ-15 ਤੇ ਅੰਡਰ-20 ਕੌਮੀ ਚੈਂਪੀਅਨਸ਼ਿਪ ਕਰਾਉਣ ਦਾ ਫ਼ੈਸਲਾ ਜਲਦਬਾਜ਼ੀ 'ਚ ਇਸ ਲਈ ਲਿਆ ਗਿਆ ਕਿਉਂਕਿ ਉਹ ਨਹੀਂ ਚਾਹੁੰਦੇ ਸੀ ਕਿ ਨੌਜਵਾਨ ਖਿਡਾਰੀ ਆਪਣੇ ਕਰੀਅਰ ਦਾ ਇੱਕ ਅਹਿਮ ਸਾਲ ਗੁਆ ਦੇਣ।



ਉਸ ਨੇ ਕਿਹਾ ਕਿ ਕੌਮੀ ਚੈਂਪੀਅਨਸ਼ਿਪ ਨੰਦਿਨੀ ਨਗਰ 'ਚ ਕਰਾਉਣ ਦਾ ਫ਼ੈਸਲਾ ਇਸ ਲਈ ਕੀਤਾ ਗਿਆ ਕਿਉਂਕਿ ਹੋਰ ਸੂਬਾਈ ਐਸੋਸੀਏਸ਼ਨਾਂ ਇੰਨੇ ਘੱਟ ਸਮੇਂ ਅੰਦਰ ਇਸ ਦੀ ਮੇਜ਼ਬਾਨੀ ਲਈ ਤਿਆਰ ਨਹੀਂ ਸਨ ਭਾਜਪਾ ਪ੍ਰਧਾਨ ਜੇਪੀ ਨੱਢਾ ਨਾਲ ਮੁਲਾਕਾਤ ਬਾਰੇ ਬ੍ਰਿਜਭੂਸ਼ਨ ਨੇ ਕਿਹਾ ਕਿ ਉਨ੍ਹਾਂ ਨਾਲ ਨਵੀਂ ਚੁਣੀ ਸੰਸਥਾ ਨੂੰ ਮੁਅੱਤਲ ਕੀਤੇ ਜਾਣ ਬਾਰੇ ਕੋਈ ਚਰਚਾ ਨਹੀਂ ਹੋਈ। ਉਸ ਨੇ ਕਿਹਾ, 'ਉਹ ਮੇਰੇ ਨੇਤਾ ਹਨ। ਉਨ੍ਹਾਂ ਨੂੰ ਮਿਲਾਂਗਾ ਤੇ ਮਿਲਦਾ ਰਹਾਂਗਾ। ਇਸ ਦਾ ਕੁਸ਼ਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।' ਉਸ ਨੇ ਇਸ ਦੇ ਨਾਲ ਹੀ ਸਵਾਲ ਕੀਤਾ ਕਿ ਪਹਿਲਵਾਨ ਡਬਲਯੂ.ਐੱਫ.ਆਈ. ਦੇ ਨਵੇਂ ਪ੍ਰਧਾਨ ਸੰਜੈ ਸਿੰਘ ਦਾ ਵਿਰੋਧ ਕਿਉਂ ਕਰ ਰਹੇ ਹਨ। ਉਸ ਨੇ ਕਿਹਾ, 'ਉਹ ਮੇਰਾ ਰਿਸ਼ਤੇਦਾਰ ਨਹੀਂ ਹੈ।'

## ਆਪਣਾ ਪਦਮਸ੍ਰੀ ਵਾਪਸ ਨਹੀਂ ਲਵਾਂਗਾ: ਪੂਨੀਆ



ਬ੍ਰਿਜਭੂਸ਼ਨ ਸ਼ਰਨ ਸਿੰਘ ਦੇ ਨਜ਼ਦੀਕੀ ਸੰਜੈ ਸਿੰਘ ਦੇ ਡਬਲਯੂ.ਐੱਫ.ਆਈ. ਦੇ ਪ੍ਰਧਾਨ ਬਣਨ ਦੇ ਵਿਰੋਧ ਵਿੱਚ ਲੰਘੇ ਸ਼ੁੱਕਰਵਾਰ ਆਪਣਾ ਪਦਮਸ੍ਰੀ ਪੁਰਸਕਾਰ ਸਰਕਾਰ ਨੂੰ ਮੋੜਨ ਵਾਲੇ ਬਜਰੰਗ ਪੂਨੀਆ ਨੇ ਕਿਹਾ ਕਿ ਉਹ ਇਸ ਨੂੰ ਵਾਪਸ ਨਹੀਂ ਲੈਣਗੇ। ਟੋਕੀਓ ਉਲੰਪਿਕਸ 'ਚ ਕਾਂਸੀ ਦਾ ਤਗ਼ਮਾ ਜਿੱਤਣ ਵਾਲੇ ਬਜਰੰਗ ਨੇ ਕਿਹਾ, 'ਹੁਣ ਮੈਂ ਆਪਣਾ ਪੁਰਸਕਾਰ ਵਾਪਸ ਕਰ ਦਿੱਤਾ ਹੈ ਅਤੇ ਮੈਂ ਉਸ ਨੂੰ ਵਾਪਸ ਲੈਣ ਨਹੀਂ ਜਾ ਰਿਹਾ। ਸਾਡੀਆਂ ਭੈਣਾਂ ਤੇ ਧੀਆਂ ਦਾ ਸਨਮਾਨ ਕਿਸੇ ਵੀ ਪੁਰਸਕਾਰ ਤੋਂ ਵੱਡਾ ਹੈ। ਸਾਰਿਆਂ ਨੇ ਦੇਖਿਆ ਹੋਵੇਗਾ ਕਿ ਕੀ ਹੋ ਰਿਹਾ ਹੈ। ਨਿਆਂ ਮਿਲਣ ਮਗਰੋਂ ਹੀ ਮੈਂ ਇਸ ਨੂੰ ਵਾਪਸ ਲੈਣ ਬਾਰੇ ਵਿਚਾਰ ਕਰਾਂਗਾ। ਮਾਮਲਾ ਅਦਾਲਤ ਵਿੱਚ ਹੈ ਅਤੇ ਅਸੀਂ ਨਿਆਂ ਦੀ ਉਡੀਕ ਕਰ ਰਹੇ ਹਾਂ।'

## ਸਾਕਸ਼ੀ ਮਲਿਕ ਵੱਲੋਂ ਫ਼ੈਸਲੇ ਦਾ ਸਵਾਗਤ



ਡਬਲਯੂ.ਐੱਫ.ਆਈ. ਦੇ ਸਾਬਕਾ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ ਖ਼ਿਲਾਫ਼ ਅੰਦੋਲਨ ਦਾ ਮੁੱਖ ਚਿਹਰਾ ਰਹੀ ਸਾਕਸ਼ੀ ਮਲਿਕ ਨੇ ਡਬਲਯੂ.ਐੱਫ.ਆਈ. ਨੂੰ ਮੁਅੱਤਲ ਕਰਨ ਦੇ ਫ਼ੈਸਲੇ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ, 'ਇਹ ਕੁਝ ਚੰਗਾ ਹੋਣ ਦੀ ਦਿਸ਼ਾ ਵਿੱਚ ਪਹਿਲਾ ਕਦਮ ਹੈ। ਮੈਨੂੰ ਆਸ ਹੈ ਕਿ ਸਰਕਾਰ ਸਮਝੇਗੀ ਕਿ ਅਸੀਂ ਕਿਸ ਮਕਸਦ ਨਾਲ ਲੜਾਈ ਲੜ ਰਹੇ ਸੀ। ਜੇਕਰ ਫ਼ੈਡਰੇਸ਼ਨ ਦੀ ਪ੍ਰਧਾਨ ਕੋਈ ਮਹਿਲਾ ਹੁੰਦੀ ਤਾਂ ਇਹ ਮਹਿਲਾ ਪਹਿਲਵਾਨਾਂ ਦੀ ਸੁਰੱਖਿਆ ਲਈ ਚੰਗਾ ਹੋਵੇਗਾ। ਇਹ ਦੇਸ਼ ਦੀਆਂ ਭੈਣਾਂ ਤੇ ਧੀਆਂ ਲਈ ਲੜਾਈ ਸੀ'। ਜ਼ਿਕਰਯੋਗ ਹੈ ਕਿ ਸਾਕਸ਼ੀ ਮਲਿਕ ਨੇ ਬੀਤੇ ਦਿਨੀਂ ਕੁਸ਼ਤੀ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ ਸੀ।

# ਹਾਕੀ 'ਚ ਨਾਮਣਾ ਖੱਟਣ ਵਾਲਾ ਉਲੰਪੀਅਨ ਹਸਨ ਸਰਦਾਰ

ਉਲੰਪੀਅਨ ਹਸਨ ਸਰਦਾਰ ਨੂੰ ਵਿਸ਼ਵ ਹਾਕੀ ਕੱਪ ਮੁੰਬਈ-1982, ਏਸ਼ੀਅਨ ਗੇਮਜ਼ ਹਾਕੀ ਨਵੀਂ ਦਿੱਲੀ-1982, ਲਾਸ ਏਂਜਲਸ ਓਲੰਪਿਕ-1984 ਤੇ ਏਸ਼ੀਆ ਹਾਕੀ ਕੱਪ ਕਰਾਚੀ-1982 ਦੇ ਫਾਈਨਲ ਮੈਚਾਂ 'ਚ ਸਕੋਰ ਕਰਨ ਦਾ ਹੱਕ ਹਾਸਲ ਹੋਇਆ। ਹਸਨ ਸਰਦਾਰ ਨੇ ਦੋ ਏਸ਼ੀਆ ਹਾਕੀ ਕੱਪ ਮੁਕਾਬਲਿਆਂ 'ਚ ਪਾਕਿ ਟੀਮ ਦੀ ਪ੍ਰਤੀਨਿਧਤਾ ਕਰਨ ਸਦਕਾ 26 ਗੋਲ ਸਕੋਰ ਕੀਤੇ ਗਏ। ਦੋ ਸੰਸਾਰ ਹਾਕੀ ਕੱਪ ਟੂਰਨਾਮੈਂਟਾਂ ਵਿੱਚ ਹਸਨ ਸਰਦਾਰ ਦੀ ਹਾਕੀ ਨੇ 12 ਵਾਰ ਬਾਲ ਨੂੰ ਗੋਲ ਸਰਦਲ ਤੋਂ ਪਾਰ ਕੀਤਾ। ਹਸਨ ਸਰਦਾਰ ਨੇ ਲਾਸ ਏਂਜਲਸ ਅਤੇ ਨਵੀਂ ਦਿੱਲੀ-1982 ਏਸ਼ੀਅਨ ਗੇਮਜ਼ ਵਿੱਚ ਪਾਕਿਸਤਾਨ ਟੀਮ ਦੀ ਨੁਮਾਇੰਦਗੀ ਕੀਤੀ। ਉਲੰਪਿਕ ਏਸ਼ਿਆਈ ਖੇਡਾਂ 'ਚ ਹਸਨ ਸਰਦਾਰ ਨੂੰ 20 ਗੋਲ ਦਾਗ਼ਣ ਦਾ ਸੁਭਾਗ ਹਾਸਲ ਹੋਇਆ। ਕਾਬਲੇਗੌਰ ਕਿ ਹਸਨ ਸਰਦਾਰ ਨੇ ਲਾਸ ਏਂਜਲਸ ਉਲੰਪਿਕ ਅਤੇ ਨਵੀਂ ਦਿੱਲੀ ਏਸ਼ੀਅਨ ਖੇਡਾਂ 'ਚ ਬਰਾਬਰ 10-10 ਗੋਲ ਕੀਤੇ। 1982 'ਚ ਖੇਡੇ ਗਏ ਪਹਿਲੇ ਏਸ਼ੀਆ ਹਾਕੀ ਕੱਪ 'ਚ ਸ਼ਮਿਉਲ੍ਹਾ ਦੀ ਕਪਤਾਨੀ 'ਚ ਟੀਮ ਭਾਰਤੀ ਨੂੰ ਹਰਾ ਕੇ ਚੈਂਪੀਅਨ ਨਾਮਜ਼ਦ ਹੋਈ। ਹਸਨ ਸਰਦਾਰ 16 ਗੋਲ ਕਰਕੇ ਜਿਥੇ 'ਟਾਪ ਸਕੋਰਰ' ਬਣਿਆ ਉਥੇ ਉਸ ਨੂੰ 'ਬੈਸਟ ਪਲੇਅਰ ਆਫ ਦਿ ਟੂਰਨਾਮੈਂਟ' ਦਾ ਹੱਕ ਵੀ ਹਾਸਲ ਹੋਇਆ। ਢਾਕਾ 'ਚ ਖੇਡੇ ਗਏ ਦੂਜੇ ਏਸ਼ੀਆ ਹਾਕੀ ਕੱਪ 'ਚ ਹਸਨ ਸਰਦਾਰ ਦੀ ਖੇਡ ਦਾ ਜਾਦੂ ਦੂਜੀ ਵਾਰ ਵੀ ਚੱਲਿਆ। ਕਪਤਾਨ ਹਨੀਫ਼ ਖ਼ਾਨ ਦੀ ਪਾਕਿਸਤਾਨੀ ਟੀਮ ਨੇ ਭਾਰਤੀ ਖਿਡਾਰੀਆਂ ਨੂੰ ਦੂਜੀ ਵਾਰ ਹਰਾ ਕੇ ਏਸ਼ੀਆ ਹਾਕੀ ਕੱਪ ਦੀ ਜਿੱਤ 'ਤੇ ਕਬਜ਼ਾ ਜਮਾਇਆ। ਹਸਨ ਸਰਦਾਰ 10 ਗੋਲ ਕਰਕੇ ਜਿਥੇ 'ਸਰਬੋਤਮ



ਸਕੋਰਰ' ਦਾ ਹੱਕ ਹਾਸਲ ਕੀਤਾ ਉਥੇ ਏਸ਼ਿਆਈ ਹਾਕੀ ਦੇ ਪ੍ਰਬੰਧਕਾਂ ਵੱਲੋਂ ਉਸ ਨੂੰ ਦੂਜੀ ਵਾਰ 'ਬੈਸਟ ਪਲੇਅਰ ਆਫ ਦਿ ਟੂਰਨਾਮੈਂਟ' ਦਾ ਖ਼ਿਤਾਬ ਵੀ ਹਾਸਲ ਹੋਇਆ।

ਦੁਨੀਆਂ ਦੇ ਨਾਮੀਂ ਗੋਲਚੀਆਂ ਤੇ ਡਿਫੈਂਡਰਾਂ ਦੇ ਸਾਹ ਸੂਤਣ ਵਾਲੇ ਸੈਂਟਰ ਫਾਰਵਰਡ ਹਸਨ ਸਰਦਾਰ ਨੇ 1979 'ਚ ਕੌਮਾਂਤਰੀ ਕੈਰੀਅਰ ਦਾ ਆਗਾਜ਼ ਕੀਤਾ। 1987 ਵਿੱਚ ਆਪਣੀ ਹਾਕੀ ਕਿੱਲੀ 'ਤੇ ਟੰਗਣ ਵਾਲੇ ਹਸਨ ਸਰਦਾਰ ਨੇ ਕਪਤਾਨ ਅਖ਼ਤਰ ਰਸੂਲ ਦੀ ਕਪਤਾਨੀ 'ਚ ਮੁੰਬਈ-1982 'ਚ ਚੌਥਾ ਵਿਸ਼ਵ ਹਾਕੀ ਕਪ ਖੇਡਿਆ। ਆਪਣੇ ਪਹਿਲੇ ਹੀ ਵਿਸ਼ਵ-ਵਿਆਪੀ ਹਾਕੀ ਟੂਰਨਾਮੈਂਟ ਵਿੱਚ ਹਸਨ ਸਰਦਾਰ ਨੇ ਪੂਲ ਮੈਚ ਤੋਂ ਲੈ ਕੇ ਸੈਮੀਫਾਈਨਲ ਅਤੇ ਫਾਈਨਲ 'ਚ ਸਕੋਰ ਕਰਕੇ ਦਰਸਾ ਦਿੱਤਾ ਕਿ ਆਉਣ ਵਾਲਾ ਸਮਾਂ ਕਿਸੇ ਹੋਰ ਸਟਰਾਈਕਰ ਦਾ ਨਹੀਂ ਸਗੋਂ ਉਸ ਦਾ ਹੋਵੇਗਾ। ਮੁੰਬਈ 'ਚ ਘਾਹ ਦੇ ਮੈਦਾਨ 'ਚ ਖੇਡੇ ਚੌਥੇ ਆਲਮੀ ਹਾਕੀ ਕੱਪ 'ਚ ਪਾਕਿਸਤਾਨ ਨੇ ਪਹਿਲੇ ਬਾਰਸੀਲੋਨਾ-1971 ਅਤੇ ਬਿਊਨਿਸ ਏਰੀਅਸ-1978 ਦੇ ਤੀਜੇ ਆਲਮੀ ਹਾਕੀ ਟੂਰਨਾਮੈਂਟ ਤੋਂ ਬਾਅਦ ਤੀਜੀ ਵਾਰ ਵਿਸ਼ਵ ਚੈਂਪੀਅਨ ਬਣ ਕੇ ਸੰਸਾਰ ਹਾਕੀ ਚੈਂਪੀਅਨ ਦਾ ਖ਼ਿਤਾਬ ਆਪਣੀ ਝੋਲੀ ਪਾਇਆ। ਹਸਨ ਸਰਦਾਰ ਸੰਸਾਰ-ਵਿਆਪੀ ਹਾਕੀ ਟੂਰਨਾਮੈਂਟ 'ਚ 11 ਗੋਲ ਦਾਗ਼ਣ ਸਦਕਾ 'ਸੈਕਿੰਡ ਟਾਪ ਸਕੋਰਰ' ਨਾਮਜ਼ਦ ਹੋਇਆ। ਕਰਾਚੀ-1982 'ਚ ਖੇਡੇ ਪਹਿਲੇ ਏਸ਼ੀਆ ਹਾਕੀ ਕੱਪ 'ਚ ਦੇ ਫਾਈਨਲ 'ਚ ਪਾਕਿਸਤਾਨੀ ਟੀਮ ਨੇ ਭਾਰਤੀ ਹਾਕੀ ਟੀਮ ਨੂੰ 4-0 ਨਾਲ ਹਰਾ ਕੇ ਪਹਿਲੇ ਹੀ ਏਸ਼ੀਆ ਹਾਕੀ ਕਪ 'ਤੇ ਕਬਜ਼ਾ ਜਮਾਇਆ। ਹਸਨ ਸਰਦਾਰ ਦਾ ਜਨਮ ਅਕਤੂਬਰ-22, 1957 'ਚ ਸਯੱਦ ਇਫਤਖਾਰ ਦੇ ਗ੍ਰਹਿ ਵਿਖੇ ਪਾਕਿਸਤਾਨ ਦੇ ਸ਼ਹਿਰ ਕਰਾਚੀ ਵਿੱਚ ਹੋਇਆ। ਹਸਨ ਨੇ ਪਾਕਿਸਤਾਨ ਦੀ ਮਸ਼ਹੂਰ ਗਾਇਕਾ ਨੂਰ ਜਹਾਂ ਦੀ ਲੜਕੀ ਮੀਨਾ ਜਹਾਂ ਨਾਲ ਸ਼ਾਦੀ ਕੀਤੀ। ਹਸਨ ਸਰਦਾਰ ਦੇ ਗ੍ਰਹਿ ਵਿਖੇ ਬੇਟੀ ਅਲੀਸ਼ਾ ਸਰਦਾਰ ਦੇ ਸ਼ਾਮਿਲ ਹੋਣ ਨਾਲ ਪਰਿਵਾਰ ਦੀਆਂ ਖ਼ੁਸ਼ੀਆਂ ਵਿੱਚ ਵਾਧਾ ਹੋਇਆ। ਹਸਨ ਸਰਦਾਰ ਪਹਿਲਾਂ ਕ੍ਰਿਕਟ ਖੇਡਿਆ ਕਰਦਾ ਸੀ ਪਰ ਬਾਅਦ 'ਚ ਹਾਕੀ ਨਾਲ ਇਸ਼ਕ ਹੋ ਗਿਆ। ਫਸਟ ਕਲਾਸ ਕ੍ਰਿਕਟ ਟੂਰਨਾਮੈਂਟ ਖੇਡਣ ਵਾਲੇ ਹਸਨ ਨੇ ਹਬੀਬ ਪਬਲਿਕ ਕਾਲਜ ਕਰਾਚੀ 'ਚੋਂ ਗਰੈਜੂਏਸ਼ਨ ਕੀਤੀ। ਭਾਰਤੀ ਹਾਕੀ ਖਿਡਾਰੀਆਂ 'ਚ ਮਰਹੂਮ ਸੁਰਜੀਤ ਸਿੰਘ ਰੰਧਾਵਾ, ਰਾਜਿੰਦਰ ਸਿੰਘ ਸੀਨੀਅਰ, ਬਲਦੇਵ ਸਿੰਘ, ਵਰਿੰਦਰ ਸਿੰਘ, ਮੁਹੰਮਦ ਸ਼ਾਹਿਦ ਤੇ ਜ਼ਫ਼ਰ ਇਕਬਾਲ ਜਿਹੇ ਖਿਡਾਰੀ ਹਸਨ ਦੇ ਖਾਸ ਦੋਸਤ ਖਿਡਾਰੀਆਂ ਦੀ ਸੂਚੀ 'ਚ ਸ਼ੁਮਾਰ ਰਹੇ ਹਨ।

## ਸਿੱਖ ਪੰਥ ਦੇ ਵਿਰੋਧ ਕਾਰਨ ਮੁੱਖ ਮੰਤਰੀ ਨੇ ਵਾਪਸ

ਜ਼ਫ਼ਰਨਾਮੇ ਅਨੁਸਾਰ ਨੌਵੇਂ ਪਾਤਸ਼ਾਹ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਹਜ਼ੂਰ ਦਸਵੇਂ ਪਾਤਸ਼ਾਹ ਨੇ ਦਿੱਲੀ ਦੇ ਸ਼ਹਿਨਸ਼ਾਹ ਨੂੰ ਲਿਖਿਆ ਸੀ, ਮੈਂ ਤੇਰੇ ਘੋੜਿਆਂ ਦੇ ਖੁਰਾਂ ਹੇਠ ਅਜਿਹੀ ਅੱਗ ਬਾਲਾਂਗਾ ਕਿ ਤੈਨੂੰ ਪੰਜਾਬ ਦਾ ਪਾਣੀ ਵੀ ਨਸੀਬ ਨਹੀਂ ਹੋਵੇਗਾ।(ਚੁਨਾਂ ਆਤਸ਼ ਜ਼ੇਰੇ ਨਾਲਤ ਨਿਹ ਜਿ ਪੰਜਾਬ ਆਬਤ ਨਾ ਖ਼ੁਰਦਨ ਦਿਹਮ)।

ਗੁਰੂ ਸਾਹਿਬਾਨ ਦੀ ਪਰਿਵਾਰਕ ਮਿਸਾਲ ਤੇ ਪ੍ਰੇਰਨਾ ਲੈ ਕੇ ਅਨੇਕਾਂ ਸਿੰਘ, ਸਿੰਘਣੀਆਂ ਅਤੇ ਬੱਚੇ ਸ਼ਹੀਦੀਆਂ ਪਾ ਗਏ। ਉਨ੍ਹਾਂ ਨੂੰ ਹਰ ਸਿੱਖ ਹਰ ਰੋਜ਼ ਸਵੇਰੇ-ਸ਼ਾਮ ਅਰਦਾਸ ਵਿੱਚ ਯਾਦ ਕਰਦਾ ਹੈ ਅਤੇ ਸ਼ਰਧਾ ਭੇਟ ਕਰਦਾ ਹੈ। ਪੰਜ ਪਿਆਰੇ, ਚਾਲ੍ਹੀ ਮੁਕਤੇ, ਬਾਬਾ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਦੇ 700 ਸਾਥੀ, ਬਾਬਾ ਗੁਰਬਖਸ਼ ਸਿੰਘ, ਬਾਬਾ ਬੋਤਾ ਸਿੰਘ, ਭਾਈ ਤਾਰੂ ਸਿੰਘ, ਬਾਬਾ ਤਾਰਾ ਸਿੰਘ, ਸਰਦਾਰ ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਅਤੇ ਹੋਰ ਅਣਗਿਣਤ ਸਿੰਘਾਂ ਦੇ ਨਾਉਂ ਸਿੱਖ ਇਤਿਹਾਸ ਵਿੱਚ ਸਿਤਾਰਿਆਂ ਵਾਂਗ ਚਮਕ ਰਹੇ ਹਨ। ਸਚਾਈ ਦੀ ਜੰਗ ਜਾਰੀ ਰਹੀ ਹੈ ਅਤੇ ਰਹਿੰਦੀ ਦੁਨੀਆਂ ਤੱਕ ਜਾਰੀ ਰਹੇਗੀ, ਕਿਉਂਕਿ ਸ਼ਹਾਦਤ ਗੁਰੂ ਦੀ ਜਗਾਈ ਜੋਤਿ ਹੈ।

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥(ਪੰਨਾ 1102)

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥(ਪੰਨਾ 579)

ਸੋ ਸਿੱਖ ਪੰਥ ਵਿੱਚ ਸ਼ਹਾਦਤ ਮਾਤਮ ਨਹੀਂ ਹੈ ਰੱਬੀ ਮਾਰਗ ਉੱਪਰ ਪ੍ਰੇਮ ਖੇਲਣ ਦਾ ਚਾਉ ਹੈ।

******

## ਕੀ ਚੀਨ ਕਰੇਗਾ

ਦੂਜੇ ਪਾਸੇ ਚੀਨ ਤੇ ਅਮਰੀਕਾ ਦੇ ਵਿਚਾਲੇ ਤਾਈਵਾਨ ਅਤੇ ਦੱਖਣੀ ਚੀਨ ਸਾਗਰ ਦੇ ਹੋਰ ਦੇਸ਼ਾਂ ਫਿਲੀਪੀਨਜ਼ ਨੂੰ ਲੈ ਕੇ ਤਣਾਅ ਵਧਦਾ ਜਾ ਰਿਹਾ ਹੈ। ਅਮਰੀਕੀ ਮਾਹਿਰ ਆਪਣੀ ਸਰਕਾਰ ਨੂੰ ਵਾਰ-ਵਾਰ ਚਿਤਾਵਨੀ ਦੇ ਰਹੇ ਹਨ ਕਿ ਚੀਨ ਤਾਇਵਾਨ ਨੂੰ ਲੈ ਕੇ ਅਮਰੀਕਾ ਨਾਲ ਜੰਗ ਦੀ ਤਿਆਰੀ ਕਰ ਰਿਹਾ ਹੈ।ਹੁਣ ਅਮਰੀਕੀ ਹਵਾਈ ਸੈਨਾ ਨੇ ਚੀਨ ਦੀ ਇਸ ਹਰਕਤ ਨੂੰ ਨਾਕਾਮ ਕਰਨ ਦੀ ਤਿਆਰੀ ਕਰ ਲਈ ਹੈ। ਅਮਰੀਕੀ ਹਵਾਈ ਸੈਨਾ ਪ੍ਰਸ਼ਾਂਤ ਮਹਾਸਾਗਰ ਵਿੱਚ ਇੱਕ ਹੋਰ ਫੌਜੀ ਕਿਲਾ ਬਣਾਉਣ ਜਾ ਰਹੀ ਹੈ। ਇਹ ਨੇਵਲ ਬੇਸ ਤਿਨਿਆਨ ਟਾਪੂ 'ਤੇ ਬਣਾਇਆ ਜਾਵੇਗਾ ਜਿੱਥੋਂ ਅਮਰੀਕਾ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਜਾਪਾਨੀ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਪਰਮਾਣੂ ਬੰਬ ਸੁੱਟੇ ਸਨ। ਯੂਐਸ ਪ੍ਰਸ਼ਾਂਤ ਏਅਰ ਫੋਰਸ ਬੇੜੇ ਦੇ ਕਮਾਂਡਰ ਜਨਰਲ ਕੇਨੇਥ ਵਿਲਸਵਾਚ ਨੇ ਜਾਪਾਨੀ ਅਖ਼ਬਾਰ ਨਿੱਕੇਈ ਏਸ਼ੀਆ ਨਾਲ ਗੱਲਬਾਤ ਵਿੱਚ ਕਿਹਾ ਕਿ ਤਿਨੀਅਨ ਟਾਪੂ 'ਤੇ ਉੱਤਰੀ ਹਵਾਈ ਖੇਤਰ ਦਾ ਵੱਡੇ ਪੱਧਰ 'ਤੇ ਵਿਸਤਾਰ ਕੀਤਾ ਜਾ ਰਿਹਾ ਹੈ।ਅਮਰੀਕਾ ਨੇ 1946 ਦੇ ਪਰਮਾਣੂ ਹਮਲੇ ਤੋਂ ਬਾਅਦ ਪ੍ਰਸ਼ਾਂਤ ਮਹਾਸਾਗਰ ਵਿੱਚ ਇਸ ਟਾਪੂ ਨੂੰ ਖਾਲੀ ਕਰ ਦਿਤਾ ਸੀ। ਇਸ ਸਮੇਂ ਇਸ ਟਾਪੂ 'ਤੇ ਵੱਡੇ ਪੱਧਰ 'ਤੇ ਜੰਗਲ ਫੈਲਿਆ ਹੋਇਆ ਹੈ। ਉਸ ਨੇ ਕਿਹਾ ਕਿ ਜੇਕਰ ਤੁਸੀਂ ਅਗਲੇ ਕੁਝ ਮਹੀਨਿਆਂ ਵੱਲ ਧਿਆਨ ਦੇਵੋ, ਤਾਂ ਤੁਸੀਂ ਦੇਖੋਗੇ ਕਿ ਬਹੁਤ ਤਰੱਕੀ ਹੋਈ ਹੈ। ਖਾਸ ਕਰਕੇ ਤਿਨਿਅਨ ਦੇ ਉੱਤਰੀ ਖੇਤਰ ਵਿੱਚ।

***

## ਕੀ 2024 ਵਿੱਚ ਮੋਦੀ ਨੂੰ

ਪ੍ਰਸ਼ਾਂਤ ਕਿਸ਼ੋਰ ਨੇ ਭਾਜਪਾ ਨੂੰ 100 ਤੋਂ ਘੱਟ ਸੀਟਾਂ ਮਿਲਣ ਦਾ ਦਾਅਵਾ ਕੀਤਾ ਸੀ।

ਪ੍ਰਸ਼ਾਂਤ ਕਿਸ਼ੋਰ ਮਮਤਾ ਬੈਨਰਜੀ ਦੇ ਚੋਣ ਰਣਨੀਤੀਕਾਰ ਸਨ ਅਤੇ ਉਨ੍ਹਾਂ ਦੀ ਭਵਿੱਖਬਾਣੀ ਅਨੁਸਾਰ ਭਾਜਪਾ ਨੇ 77 ਸੀਟਾਂ ਜਿੱਤੀਆਂ ਸਨ। ਹੁਣ ਜਦੋਂ ਨਿਤੀਸ਼ ਕੁਮਾਰ ਦਾਅਵਾ ਕਰ ਰਹੇ ਹਨ ਕਿ ਜੇਕਰ ਭਾਜਪਾ ਦੇ ਸਾਹਮਣੇ ਇੱਕ ਵਿਰੋਧੀ ਉਮੀਦਵਾਰ ਹੋਇਆ ਤਾਂ ਭਾਜਪਾ ਨੂੰ 100 ਤੋਂ ਘੱਟ ਸੀਟਾਂ ਮਿਲਣਗੀਆਂ ਪਰ ਪ੍ਰਸ਼ਾਂਤ ਕਿਸ਼ੋਰ ਨੇ ਕਿਹਾ ਹੈ ਕਿ 2024 'ਚ ਮੋਦੀ ਲਈ ਕੋਈ ਚੁਣੌਤੀ ਨਹੀਂ ਹੈ। ਉਸ ਦੀ ਭਵਿੱਖਬਾਣੀ ਦਾ ਆਧਾਰ ਇਹ ਹੈ ਕਿ ਉੱਤਰ ਭਾਰਤ ਅਤੇ ਪੱਛਮੀ ਭਾਰਤ ਦੇ ਇੱਕ-ਦੋ ਰਾਜਾਂ ਨੂੰ ਛੱਡ ਕੇ ਭਾਜਪਾ ਦਾ ਕਾਂਗਰਸ ਨਾਲ ਸਿੱਧਾ ਮੁਕਾਬਲਾ ਹੈ, ਇਸ ਲਈ ਇਨ੍ਹਾਂ ਦੋਵਾਂ ਖੇਤਰਾਂ ਦੇ 13 ਰਾਜਾਂ ਯੂ.ਪੀ., ਉੱਤਰਾਖੰਡ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਗੁਜਰਾਤ, ਮੱਧ ਪ੍ਰਦੇਸ਼, ਛੱਤੀਸਗੜ੍ਹ, ਮਹਾਰਾਸ਼ਟਰ ਅਤੇ ਗੋਆ ਦੇ ਨਾਲ-ਨਾਲ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਚੋਂ ਭਾਜਪਾ ਨੂੰ ਕਿਤੇ ਚੁਣੌਤੀ ਹੈ ਤਾਂ ਸਿਰਫ਼ ਮਹਾਰਾਸ਼ਟਰ ਵਿੱਚ ਹੈ।

ਪਿਛਲੀ ਵਾਰ ਇਨ੍ਹਾਂ 13 ਰਾਜਾਂ ਅਤੇ ਚੰਡੀਗੜ੍ਹ ਦੀਆਂ ਕੁਲ 267 ਲੋਕ ਸਭਾ ਸੀਟਾਂ ਵਿੱਚੋਂ ਭਾਜਪਾ ਨੂੰ 207 ਸੀਟਾਂ ਮਿਲੀਆਂ ਸਨ। ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਦੇ ਚੋਣ ਨਤੀਜਿਆਂ ਨੇ ਇਨ੍ਹਾਂ ਤਿੰਨਾਂ ਰਾਜਾਂ ਦੀਆਂ 65 ਸੀਟਾਂ ਵਿੱਚੋਂ ਘੱਟੋ-ਘੱਟ 62 ਸੀਟਾਂ ਦੀ ਸਥਿਤੀ ਦੀ ਪੁਸ਼ਟੀ ਕੀਤੀ ਹੈ। ਗੁਜਰਾਤ, ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਹਿਮਾਚਲ ਵਿੱਚ ਵੀ ਭਾਜਪਾ ਨੂੰ ਕੋਈ ਚੁਣੌਤੀ ਨਹੀਂ ਹੈ। ਪੰਜਾਬ ਅਤੇ ਜੰਮੂ-ਕਸ਼ਮੀਰ ਦੀਆਂ ਕੁੱਲ 19 ਸੀਟਾਂ 'ਚੋਂ ਇਸ ਨੂੰ ਸਿਰਫ਼ 5 ਸੀਟਾਂ ਮਿਲੀਆਂ ਸਨ, ਏਨੀਆਂ ਦੁਬਾਰਾ ਸੀਟਾਂ ਮਿਲਣ ਵਿੱਚ ਭਾਜਪਾ ਨੂੰ ਕੋਈ ਮੁਸ਼ਕਲ ਨਹੀਂ ਆਵੇਗੀ।

ਦੱਖਣ ਵਿੱਚ ਸਮੀਕਰਨ ਤੇਜ਼ੀ ਨਾਲ ਬਦਲ ਰਹੇ ਹਨ, ਭਾਵੇਂ ਤਾਮਿਲਨਾਡੂ ਵਿੱਚ ਅੰਨਾ.ਡੀ.ਐਮ.ਕੇ. ਨੇ ਭਾਜਪਾ ਨੂੰ ਛੱਡ ਦਿੱਤਾ ਹੈ ਪਰ ਚੋਣਾਂ ਤੋਂ ਬਾਅਦ ਉਸ ਕੋਲ ਭਾਜਪਾ ਨਾਲ ਹੱਥ ਮਿਲਾਉਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚੇਗਾ। ਜਿਸ ਤਰ੍ਹਾਂ ਡੀ.ਐਮ.ਕੇ. ਸਰਕਾਰ ਦੇ ਮੰਤਰੀਆਂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ, ਉਸ ਨਾਲ ਡੀ.ਐਮ.ਕੇ. ਦੀ ਭਰੋਸੇਯੋਗਤਾ ਡਿੱਗ ਗਈ ਹੈ। ਇਸ ਲਈ ਡੀ.ਐਮ.ਕੇ. ਗਠਜੋੜ ਲਈ 38 ਵਿੱਚੋਂ 37 ਸੀਟਾਂ ਨੂੰ ਬਰਕਰਾਰ ਰੱਖਣਾ ਅਸੰਭਵ ਹੋਵੇਗਾ। ਜਿਹਨਾਂ ਸੀਟਾਂ 'ਤੇ ਕਾਂਗਰਸ ਦੇ 8 ਉਮੀਦਵਾਰ ਜਿੱਤੇ ਸਨ, ਉਥੇ ਭਾਜਪਾ ਵੋਟਰਾਂ ਨੂੰ ਰਾਸ਼ਟਰੀ ਬਦਲ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਧੜੱਲੇਦਾਰ ਨੇਤਾ ਅਤੇ ਸਾਬਕਾ ਆਈ.ਪੀ.ਐਸ. ਅੰਨਾਮਾਲਾਈ ਦੇ ਸੂਬਾ ਪ੍ਰਧਾਨ ਚੁਣੇ ਜਾਣ ਤੋਂ ਬਾਅਦ, ਭਾਜਪਾ ਤਾਮਿਲਨਾਡੂ ਵਿੱਚ ਇੱਕ ਰਾਸ਼ਟਰੀ ਪਾਰਟੀ ਵਜੋਂ ਕਾਂਗਰਸ ਦੇ ਬਦਲ ਵਜੋਂ ਉੱਭਰ ਰਹੀ ਹੈ।

ਕਰਨਾਟਕ ਵਿੱਚ ਜੇਡੀਐਸ ਦੇ ਐਨਡੀਏ ਵਿੱਚ ਸ਼ਾਮਲ ਹੋਣ ਤੋਂ ਬਾਅਦ ਐਨਡੀਏ ਲਈ ਆਪਣੀਆਂ ਪੁਰਾਣੀਆਂ 25 ਸੀਟਾਂ ਨੂੰ ਬਚਾਉਣਾ ਮੁਸ਼ਕਲ ਨਹੀਂ ਹੋਵੇਗਾ, ਹਾਲਾਂ ਕਿ ਇਸ ਵਾਰ ਉਹ ਜਿੱਤੀਆਂ 25 ਸੀਟਾਂ ਵਿੱਚੋਂ ਸਿਰਫ਼ 24 ਸੀਟਾਂ 'ਤੇ ਹੀ ਚੋਣ ਲੜੇਗੀ। ਉਹ ਬਾਕੀ ਚਾਰ ਸੀਟਾਂ ਜੇਡੀਐਸ ਲਈ ਛੱਡੇਗੀ। ਤੇਲੰਗਾਨਾ ਵਿੱਚ ਭਾਰਤ ਰਾਸ਼ਟਰ ਸਮਿਤੀ ਵਿਧਾਨ ਸਭਾ ਚੋਣਾਂ ਹਾਰਨ ਤੋਂ ਬਾਅਦ ਲੋਕ ਸਭਾ ਚੋਣਾਂ ਤੋਂ ਬਾਅਦ ਭਾਜਪਾ ਨੂੰ ਨਵਾਂ ਸਹਿਯੋਗੀ ਮਿਲ ਸਕਦਾ ਹੈ। ਚੋਣਾਂ ਦੌਰਾਨ ਵੀ ਖਾਤਿਆਂ ਅੰਦਰ ਆਪਸੀ ਸਮਝਦਾਰੀ ਬਣ ਸਕਦੀ ਹੈ। ਇਸੇ ਤਰ੍ਹਾਂ ਆਂਧਰਾ ਪ੍ਰਦੇਸ਼ ਵਿੱਚ ਵੀ ਤੇਲਗੂ ਦੇਸ਼ਮ ਨਾਲ ਫਿਰ ਤੋਂ ਗਠਜੋੜ ਦੀਆਂ ਸੰਭਾਵਨਾਵਾਂ ਹਨ।

ਹੁਣ ਮਾਮਲਾ ਹੈ ਪੂਰਬ ਅਤੇ ਉੱਤਰ-ਪੂਰਬ ਬਾਰੇ ਹੈ। ਇਨ੍ਹਾਂ ਵਿੱਚੋਂ ਚਾਰ ਰਾਜ ਭਾਜਪਾ ਲਈ ਅਹਿਮ ਹਨ। ਇਸ ਖੇਤਰ ਦੀਆਂ ਕੁੱਲ 142 ਸੀਟਾਂ 'ਚੋਂ 68 ਭਾਜਪਾ ਕੋਲ ਹਨ, ਜਿਨ੍ਹਾਂ 'ਚੋਂ 18 ਪੱਛਮੀ ਬੰਗਾਲ, 17 ਬਿਹਾਰ, 11 ਝਾਰਖੰਡ ਅਤੇ 9 ਅਸਾਮ 'ਚ ਹਨ। ਇਹ ਚਾਰ ਉਹ ਰਾਜ ਹਨ ਜਿੱਥੇ ਇੰਡੀਆ ਅਲਾਇੰਸ ਸਭ ਤੋਂ ਵੱਧ ਪ੍ਰਭਾਵ ਪਾ ਸਕਦਾ ਹੈ। ਜੇਕਰ ਕਾਂਗਰਸ, ਤ੍ਰਿਣਮੂਲ ਕਾਂਗਰਸ ਅਤੇ ਚਾਰੇ ਖੱਬੀਆਂ ਪਾਰਟੀਆਂ ਬੰਗਾਲ ਵਿੱਚ ਇਕੱਠੇ ਚੋਣ ਲੜਦੀਆਂ ਹਨ ਤਾਂ ਭਾਜਪਾ ਲਈ ਆਪਣੀਆਂ 18 ਸੀਟਾਂ ਬਚਾਉਣੀਆਂ ਮੁਸ਼ਕਲ ਹੋ ਸਕਦੀਆਂ ਹਨ।

ਇਸੇ ਤਰ੍ਹਾਂ ਜੇਕਰ ਬਿਹਾਰ ਵਿੱਚ ਰਾਸ਼ਟਰੀ ਜਨਤਾ ਦਲ, ਜੇਡੀਯੂ, ਕਾਂਗਰਸ ਅਤੇ ਸਾਰੀਆਂ ਖੱਬੀਆਂ ਪਾਰਟੀਆਂ ਮਿਲ ਕੇ ਚੋਣਾਂ ਲੜਦੀਆਂ ਹਨ ਤਾਂ ਭਾਜਪਾ ਲਈ 17 ਸੀਟਾਂ ਬਚਾਉਣੀਆਂ ਮੁਸ਼ਕਲ ਹੋ ਸਕਦੀਆਂ ਹਨ ਪਰ ਉੱਤਰ ਪ੍ਰਦੇਸ਼ ਵਾਂਗ ਬਿਹਾਰ ਵਿੱਚ ਵੀ ਭਾਜਪਾ ਨੇ ਜਾਤੀ ਸਮੀਕਰਨ ਇਸ ਤਰ੍ਹਾਂ ਬਣਾ ਲਏ ਹਨ ਕਿ ਉਹ ਆਪਣਾ ਪੁਰਾਣਾ ਅੰਕੜਾ ਬਰਕਰਾਰ ਰੱਖ ਸਕੇ। ਝਾਰਖੰਡ 'ਚ ਪਿਛਲੀ ਵਾਰ ਵੀ ਕਾਂਗਰਸ, ਝਾਰਖੰਡ ਮੁਕਤੀ ਮੋਰਚਾ, ਰਾਸ਼ਟਰੀ ਜਨਤਾ ਦਲ ਅਤੇ ਕਮਿਊਨਿਸਟ ਪਾਰਟੀਆਂ ਨੇ ਮਿਲ ਕੇ ਚੋਣਾਂ ਲੜੀਆਂ ਸਨ, ਇਸ ਦੇ ਬਾਵਜੂਦ ਭਾਜਪਾ ਨੇ 14 'ਚੋਂ 11 ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ, ਇਸ ਵਾਰ ਇਹ ਅੰਕੜਾ ਵਧ ਸਕਦਾ ਹੈ। ਜਿੱਥੋਂ ਤੱਕ ਅਸਾਮ ਦਾ ਸਬੰਧ ਹੈ, ਉੱਥੇ ਵੀ ਇੰਡੀਆ ਗਠਜੋੜ ਦੀਆਂ ਹੋਰ ਪਾਰਟੀਆਂ ਦਾ ਕੋਈ ਪ੍ਰਭਾਵ ਨਹੀਂ ਹੈ, ਸਿਰਫ਼ ਕਾਂਗਰਸ ਹੀ ਮਾਇਨੇ ਰੱਖਦੀ ਹੈ। ਇਸ ਲਈ ਆਸਾਮ 'ਚ ਵੀ ਭਾਜਪਾ ਲਈ 14 'ਚੋਂ 9 ਸੀਟਾਂ 'ਤੇ ਬਰਕਰਾਰ ਰੱਖਣਾ ਮੁਸ਼ਕਲ ਨਹੀਂ ਹੈ ਪਰ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਨੇ ਭਾਜਪਾ ਹਾਈਕਮਾਂਡ ਨੂੰ 12 ਸੀਟਾਂ ਜਿੱਤ ਕੇ ਦੇਣ ਦਾ ਵਾਅਦਾ ਕੀਤਾ ਹੈ।

ਪਿਛਲੀ ਵਾਰ ਉੜੀਸਾ ਵਿੱਚ ਭਾਰਤੀ ਜਨਤਾ ਪਾਰਟੀ 21 ਵਿੱਚੋਂ ਸਿਰਫ਼ 8 ਸੀਟਾਂ ਜਿੱਤ ਸਕੀ ਸੀ, ਕਾਂਗਰਸ ਨੂੰ ਸਿਰਫ਼ ਇੱਕ ਅਤੇ ਬੀਜੂ ਜਨਤਾ ਦਲ ਨੂੰ 12 ਸੀਟਾਂ ਮਿਲੀਆਂ ਸਨ। ਬੀਜੂ ਜਨਤਾ ਦਲ ਇਸ ਵਾਰ ਵੀ ਕਾਂਗਰਸ ਨਾਲ ਨਹੀਂ ਜਾ ਰਿਹਾ ਹੈ। ਨਵੀਨ ਪਟਨਾਇਕ ਨੂੰ ਇੰਡੀਆ ਗਠਜੋੜ ਵਿੱਚ ਸ਼ਾਮਲ ਕਰਨ ਦੀਆਂ ਨਿਤੀਸ਼ ਕੁਮਾਰ ਦੀਆਂ ਕੋਸ਼ਿਸ਼ਾਂ ਨਾਕਾਮ ਹੋ ਗਈਆਂ ਹਨ। ਜੇਕਰ ਬੀਜੂ ਜਨਤਾ ਦਲ ਵੀ ਇੰਡੀਆ ਗਠਜੋੜ ਵਿੱਚ ਸ਼ਾਮਲ ਹੋ ਜਾਂਦਾ ਤਾਂ ਭਾਜਪਾ ਲਈ ਉੜੀਸਾ ਵਿੱਚ ਅੱਠ ਸੀਟਾਂ ਬਚਾਉਣੀਆਂ ਮੁਸ਼ਕਲ ਹੋ ਸਕਦੀਆਂ ਸਨ। ਇਸ ਲਈ 2024 ਦੀ ਤਸਵੀਰ ਬਹੁਤ ਸਪੱਸ਼ਟ ਹੈ। ਜਿਵੇਂ ਪ੍ਰਸ਼ਾਂਤ ਕਿਸ਼ੋਰ ਕਹਿ ਰਹੇ ਹਨ ਕਿ 2024 ਵਿੱਚ ਮੋਦੀ ਨੂੰ ਕੋਈ ਖਤਰਾ ਨਹੀਂ ਹੈ।

***

## ਪੰਜਾਬ ਦੀ ਕਰਜ਼ਾ ਲੈਣ ਦੀ ਸੀਮਾ

ਵਸੀਲਿਆਂ ਦੀ ਕਮੀ ਹੈ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ ਦੇ ਹਵਾਲੇ ਸੂਬੇ ਦੀ ਕਰਜ਼ਾ ਸੀਮਾ 'ਤੇ 18 ਹਜ਼ਾਰ ਕਰੋੜ ਦਾ ਕੱਟ ਲਾਇਆ ਸੀ ਜਿਸ ਨੂੰ ਮਗਰੋਂ ਬਹਾਲ ਕਰ ਦਿੱਤਾ ਸੀ। ਚੇਤੇ ਰਹੇ ਕਿ ਪਾਵਰਕੌਮ ਸਾਲ 2015-16 ਵਿੱਚ ਕੇਂਦਰੀ 'ਉੱਜਵਲ ਡਿਸਕੌਮ ਅਸ਼ੋਰੈਂਸ ਯੋਜਨਾ' ਵਿੱਚ ਸ਼ਾਮਲ ਹੋਇਆ ਸੀ ਜਿਸ ਤਹਿਤ ਪਾਵਰਕੌਮ ਨੇ 15,628 ਕਰੋੜ ਦਾ ਕਰਜ਼ਾ ਲਿਆ ਸੀ ਜਦੋਂ ਕਿ 5210 ਕਰੋੜ ਦਾ ਕਰਜ਼ਾ ਸੂਬੇ ਦੀ ਗਾਰੰਟੀ ਵਾਲੇ ਬਾਂਡ ਵਜੋਂ ਜਾਰੀ ਕੀਤਾ ਜਾਣਾ ਸੀ। ਇਸ ਕੇਂਦਰੀ ਸਕੀਮ ਦੀ ਸਮਾਪਤੀ ਮਗਰੋਂ ਜਦੋਂ ਪਾਵਰਕੌਮ ਦਾ ਵਿੱਤੀ ਘਾਟਾ ਸਾਹਮਣੇ ਆਇਆ ਤਾਂ ਕੇਂਦਰੀ ਵਿੱਤ ਮੰਤਰਾਲੇ ਨੇ ਕਰਜ਼ਾ ਸੀਮਾ ਵਿੱਚ ਕਟੌਤੀ ਦਾ ਫ਼ੈਸਲਾ ਕਰ ਲਿਆ। ਪੰਜਾਬ ਸਰਕਾਰ ਨੇ ਹੁਣ ਕੇਂਦਰ ਨੂੰ ਕੋਈ ਕਟੌਤੀ ਨਾ ਕੀਤੇ ਜਾਣ ਦੀ ਅਪੀਲ ਕੀਤੀ ਹੈ। ਸੂਬਾ ਸਰਕਾਰ ਨੇ ਇਹ ਦਲੀਲ ਦਿੱਤੀ ਹੈ ਕਿ ਪਿਛਲੇ ਵਿੱਤੀ ਵਰ੍ਹੇ 2022-23 ਵਿੱਚ ਪਾਵਰਕੌਮ ਨੂੰ ਜੋ ਵਿੱਤੀ ਘਾਟਾ ਹੋਇਆ ਹੈ, ਉਸ ਲਈ ਕਈ ਪੱਖ ਜ਼ਿੰਮੇਵਾਰ ਹਨ, ਜਿਨ੍ਹਾਂ ਵਿੱਚ ਕੇਂਦਰ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਵਿਦੇਸ਼ੀ ਕੋਲਾ ਖ਼ਰੀਦ ਕੀਤਾ ਜਾਣਾ ਵੀ ਸ਼ਾਮਲ ਹੈ।

ਵਿਦੇਸ਼ੀ ਕੋਲੇ 'ਤੇ ਵਾਧੂ 3850 ਕਰੋੜ ਰੁਪਏ ਖ਼ਰਚ ਕਰਨੇ ਪਏ ਹਨ ਅਤੇ ਇਸੇ ਤਰ੍ਹਾਂ ਛੇਵੇਂ ਪੇ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਹੋਣ ਕਰਕੇ 1721 ਕਰੋੜ ਦਾ ਵਾਧੂ ਬੋਝ ਵੀ ਝੱਲਣਾ ਪਿਆ ਹੈ। ਪਾਵਰਕੌਮ ਦਾ ਵੱਡਾ ਤਰਕ ਇਹ ਵੀ ਹੈ ਕਿ ਤਿੰਨ ਵਰ੍ਹਿਆਂ ਤੋਂ ਸੂਬੇ ਵਿੱਚ ਟੈਰਿਫ਼ ਨਹੀਂ ਵਧਿਆ ਹੈ। ਸਾਲ 2020-21 ਵਿੱਚ ਬਿਜਲੀ ਦਰਾਂ ਵਿੱਚ 0.71 ਫ਼ੀਸਦੀ ਵਾਧਾ ਕੀਤਾ ਗਿਆ ਸੀ ਜਦੋਂ ਕਿ 2021-22 ਵਿੱਚ ਬਿਜਲੀ ਦਰਾਂ 0.89 ਫ਼ੀਸਦੀ ਘਟਾ ਦਿੱਤੀਆਂ ਗਈਆਂ ਸਨ। 'ਆਪ' ਸਰਕਾਰ ਨੇ ਆਪਣੇ ਪਹਿਲੇ ਵਰ੍ਹੇ ਵਿੱਚ ਬਿਜਲੀ ਦਰਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਸੀ। ਸਾਲ 2022-23 ਵਿੱਚ 300 ਯੂਨਿਟ ਮੁਫ਼ਤ ਬਿਜਲੀ ਦਾ ਐਲਾਨ ਕੀਤਾ ਅਤੇ ਇਸ ਵਰ੍ਹੇ 'ਚ ਬਿਜਲੀ ਸਬਸਿਡੀ ਦਾ ਭੁਗਤਾਨ 20,200 ਕਰੋੜ ਰੁਪਏ ਸੀ। ਚਾਲੂ ਸਾਲ ਵਿੱਚ ਇਹ ਸਬਸਿਡੀ 21,163 ਕਰੋੜ ਨੂੰ ਛੂਹ ਸਕਦੀ ਹੈ ਅਤੇ ਮਾਰਚ 2024 ਤੱਕ ਸਬਸਿਡੀ ਦਾ ਬੋਝ ਲਗਭਗ 22 ਹਜ਼ਾਰ ਕਰੋੜ ਹੋ ਜਾਣ ਦੀ ਸੰਭਾਵਨਾ ਹੈ।

ਪਾਵਰਕੌਮ ਦਾ ਦਾਅਵਾ ਹੈ ਕਿ ਜਦੋਂ ਤੋਂ ਪਛਵਾੜਾ ਕੋਲਾ ਖਾਣ ਚਾਲੂ ਹੋਈ ਹੈ, ਉਦੋਂ ਤੋਂ ਸੂਬਾ ਸਰਕਾਰ ਨੇ ਵਿਦੇਸ਼ੀ ਕੋਲਾ ਵਰਤਣ ਤੋਂ ਇਨਕਾਰ ਕੀਤਾ ਹੈ ਜਿਸ ਕਰਕੇ ਚਾਲੂ ਵਿੱਤੀ ਸਾਲ ਦੀਆਂ ਪਹਿਲੀਆਂ ਦੋ ਤਿਮਾਹੀਆਂ ਵਿੱਚ ਮੁਨਾਫ਼ਾ ਦਰਜ ਕੀਤਾ ਗਿਆ ਹੈ। ਪਾਵਰਕੌਮ ਦੇ ਸੀਨੀਅਰ ਅਧਿਕਾਰੀ ਆਖਦੇ ਹਨ ਕਿ ਸੂਬਾ ਸਰਕਾਰ ਵੱਲ ਕਰੀਬ 2600 ਕਰੋੜ ਦੇ ਸਰਕਾਰੀ ਵਿਭਾਗਾਂ ਵੱਲ ਬਿਜਲੀ ਦੇ ਬਕਾਏ ਖੜ੍ਹੇ ਹਨ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਸੂਬੇ ਦੀਆਂ ਗ਼ੈਰ-ਭਾਜਪਾ ਸਰਕਾਰ ਖ਼ਾਸ ਕਰ ਕੇ ਪੰਜਾਬ ਨਾਲ ਮਤਰੇਈ ਮਾਂ ਵਾਲੀ ਸਲੂਕ ਕਰ ਰਹੀ ਹੈ। ਪੰਜਾਬ ਦੇ ਕੇਂਦਰ ਸਰਕਾਰ ਤੋਂ ਮਿਲਦੇ ਫ਼ੰਡਾਂ ਵਿੱਚ ਕਟੌਤੀ ਕਰ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਕੇਂਦਰ ਦਾ ਪੰਜਾਬ ਦੇ ਲੋਕਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

***

## ਪੁਸਤਕ ਇੰਡੀਅਨਜ਼ ਐਵਰੌਂਡ ਐਂਡ ਪੰਜਾਬ

ਆਕਰਮਿਕ, ਅਸਹਿਨਸ਼ੀਲਤਾ ਉੱਤੇ ਚਿੰਤਾ ਪ੍ਰਗਟਾਈ।

ਸਮਾਗਮ ਮੌਕੇ ਨਰਪਾਲ ਸਿੰਘ ਸ਼ੇਰਗਿੱਲ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਮੁਦਈ ਹੈ ਅਤੇ ਪਿਛਲੇ 57 ਸਾਲ ਤੋਂ ਨਿਰਪੱਖ ਪੱਤਰਕਾਰਤਾ ਨੂੰ ਪ੍ਰਣਾਇਆ ਹੋਇਆ ਹੈ। ਉਹਨਾਂ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਵਿਦੇਸ਼ ਵਸਦੇ ਪੰਜਾਬੀਆਂ, ਜਿਨ੍ਹਾਂ ਨੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ, ਦੀ ਸਾਂਝ ਪੰਜਾਬ ਦੇ ਲੋਕਾਂ ਨਾਲ ਤਾਂ ਪਵਾ ਹੀ ਰਿਹਾ ਹੈ ਪਰ ਨਾਲ ਦੀ ਨਾਲ ਸਿੱਖ ਧਰਮ ਦੇ ਸਾਂਝੀਵਾਲਤਾ ਦੇ ਉਪਦੇਸ਼ ਨੂੰ ਦੁਨੀਆਂ ਸਾਹਮਣੇ ਲਿਆਉਣ ਦਾ ਉਪਰਾਲਾ ਕਰਨ ਲਈ ਪੰਜਾਬੀ ਸੰਸਾਰ ਅਤੇ ਸਿੱਖ ਸੰਸਾਰ ਪੁਸਤਕਾਂ ਹਰ ਵਰ੍ਹੇ ਲੋਕ ਅਰਪਿਤ ਕਰਦਾ ਹੈ। ਇਸ ਮੌਕੇ ਪ੍ਰਿੰ: ਗੁਰਮੀਤ ਸਿੰਘ ਪਲਾਹੀ, ਐਡਵੋਕੇਟ ਐਸ.ਐਲ. ਵਿਰਦੀ, ਰਵਿੰਦਰ ਚੋਟ, ਗਿਆਨ ਸਿੰਘ ਮੋਗਾ, ਬਲਦੇਵ ਰਾਜ ਕੋਮਲ, ਇੰਦਰਜੀਤ ਸਿੰਘ ਸੰਪਾਦਕ ਸੱਤ ਸਮੁੰਦਰੋਂ ਪਾਰ ਨੇ ਵੀ ਸੰਬੋਧਨ ਕੀਤਾ।

ਸਮਾਗਮ ਵਿੱਚ ਹੋਰਨਾਂ ਤੋਂ ਬਿਨ੍ਹਾਂ ਗੁਰਿੰਦਰ ਖਹਿਰਾ, ਜਸਵਿੰਦਰ ਕੌਰ, ਪ੍ਰਿੰ: ਤਰਸੇਮ ਸਿੰਘ, ਕਰਮਜੀਤ ਸਿੰਘ ਸੰਧੂ, ਦਵਿੰਦਰ ਜੱਸਲ ਮਾਧੋਪੁਰੀ, ਰਾਮਪਾਲ ਮੱਲ, ਕੁਲਵੰਤ ਭਿੰਡਰ, ਰਮਨ ਨਹਿਰਾ, ਗੁਰਮੀਤ ਸਿੰਘ ਨੈਸ਼ਨਲ ਐਵਾਰਡੀ, ਰਵਿੰਦਰ ਰਾਏ, ਸੁਖਵਿੰਦਰ ਸਿੰਘ ਪ੍ਰਧਾਨ ਸਰਬ ਨੌਜਵਾਨ ਸਭਾ, ਕਮਲੇਸ਼ ਸੰਧੂ, ਮਾਸਟਰ ਮਨਦੀਪ ਸਿੰਘ, ਸੁਸ਼ੀਲ ਸ਼ਰਮਾ, ਅਸ਼ੋਕ ਸ਼ਰਮਾ, ਬੰਸੋ ਦੇਵੀ, ਜਨਕ ਪਲਾਹੀ, ਚਰਨਜੀਤ ਸਿੰਘ ਚਾਨਾ ਆਦਿ ਹਾਜ਼ਰ ਸਨ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਕੀ ਕਾਂਗਰਸ ਭਾਜਪਾ ਦਾ

ਆਕਰਸ਼ਿਤ ਕਰ ਲਵੇ ਤਾਂ ਭਾਜਪਾ ਨੂੰ ਉੱਤਰ ਭਾਰਤ ਵਿੱਚ ਵੀ ਲੋਕ ਸਭਾ ਦੀਆਂ ਸੀਟਾਂ ਦੇ ਨੁਕਸਾਨ ਦਾ ਖ਼ਤਰਾ ਝੱਲਣਾ ਪੈ ਸਕਦਾ ਹੈ। ਮੋਦੀ ਇਸ ਗੱਲ ਤੋਂ ਜਾਣੂ ਹਨ, ਇਸ ਲਈ ਉਹ ਕਲਿਆਣਕਾਰੀ ਸਕੀਮਾਂ ਜ਼ਰੀਏ ਗ਼ਰੀਬਾਂ ਅਤੇ ਆਦਿਵਾਸੀਆਂ ਨੂੰ ਲਗਾਤਾਰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਹੇ ਹਨ। ਅਗਲੇ ਪੰਜ ਸਾਲਾਂ ਲਈ ਮੁਫ਼ਤ ਰਾਸ਼ਨ ਯੋਜਨਾ ਨੂੰ ਵਧਾਉਣਾ, ਉਸੇ ਦਿਸ਼ਾ ਵਿਚ ਇਕ ਵੱਡਾ ਕਦਮ ਹੈ। ਕਾਂਗਰਸ ਨੂੰ ਇਸ ਦੀ ਕਾਟ ਲੱਭਣੀ ਹੋਵੇਗੀ।

ਫਿਰ ਕਾਂਗਰਸ ਜੇਕਰ ਲੋਕ ਸਭਾ ਦੀਆਂ ਚੋਣਾਂ ਲਈ ਹੁਣੇ ਤੋਂ ਲੱਕ ਬੰਨ੍ਹ ਲਵੇ ਅਤੇ ਕਰਨਾਟਕ ਅਤੇ ਤੇਲੰਗਾਨਾ ਵਿਚ ਭਾਜਪਾ ਨੂੰ ਹਰਾਉਣ ਲਈ ਰਣਨੀਤੀ ਬਣਾ ਕੇ ਉਤਰ ਪਵੇ ਤਾਂ ਕੇਂਦਰ ਵਿੱਚ ਵੀ ਭਾਜਪਾ ਨੂੰ ਬਹੁਮਤ ਹਾਸਿਲ ਕਰਨ ਤੋਂ ਰੋਕ ਸਕਦੀ ਹੈ। ਕਰਨਾਟਕ ਵਿੱਚ ਭਾਜਪਾ ਨੂੰ 2019 ਦੀਆਂ ਲੋਕ ਸਭਾ ਚੋਣਾਂ ਵਿੱਚ 28 ਵਿਚੋਂ 25 ਸੀਟਾਂ ਮਿਲੀਆਂ ਸਨ। ਜੇਕਰ ਕਾਂਗਰਸ ਭਾਜਪਾ ਦੀਆਂ ਸੀਟਾਂ ਅੱਧੀਆਂ ਕਰ ਸਕੇ ਤਾਂ ਭਾਜਪਾ ਨੂੰ ਜ਼ੋਰ ਦਾ ਝਟਕਾ ਲੱਗੇਗਾ। ਤੇਲੰਗਾਨਾ ਵਿੱਚ ਭਾਜਪਾ ਨੂੰ 17 ਵਿਚੋਂ 4 ਸੀਟਾਂ 2019 ਵਿਚ ਮਿਲੀਆਂ ਸਨ। ਇਹ ਸੀਟਾਂ ਵੀ ਭਾਜਪਾ ਦੀਆਂ ਘੱਟ ਹੋ ਸਕਦੀਆਂ ਹਨ ਬਸ਼ਰਤੇ ਕਾਂਗਰਸ ਕੋਸ਼ਿਸ਼ ਕਰੇ। ਉਹ ਕਰ ਸਕਦੀ ਹੈ, ਕਿਉਂਕਿ ਉਥੇ ਉਸ ਦੀ ਆਪਣੀ ਸਰਕਾਰ ਹੈ। ਇਕੱਲੇ ਇਨ੍ਹਾਂ ਦੋਵਾਂ ਰਾਜਾਂ ਵਿਚ ਜਿਥੇ ਭਾਜਪਾ 2023 ਵਿਚ ਵਿਧਾਨ ਸਭਾ ਦੀ ਚੋਣ ਬੁਰੀ ਤਰ੍ਹਾਂ ਹਾਰ ਚੁੱਕੀ ਹੈ ਅਤੇ ਉਸ ਦਾ ਸੰਗਠਨ ਵੀ ਮਜ਼ਬੂਤ ਨਹੀਂ ਹੈ, ਨਾਲ ਹੀ ਭਾਜਪਾ ਕਈ ਗੁੱਟਾਂ ਵਿਚ ਵੰਡੀ ਹੋਈ ਹੈ ਤਾਂ ਭਾਜਪਾ ਨੂੰ ਚੰਗਾ ਖ਼ਾਸਾ ਨੁਕਸਾਨ ਹੋ ਸਕਦਾ ਹੈ। ਇਸ ਤਰ੍ਹਾਂ ਤਾਂ ਹੀ ਹੋਵੇਗਾ ਜਦੋਂ ਉਹ 'ਇੰਡੀਆ' ਗੱਠਜੋੜ ਦੇ ਸਾਥੀਆਂ ਨੂੰ ਨਾਲ ਲੈ ਕੇ ਚੱਲੇ, ਸਭ ਇਕ ਸੁਰ ਵਿਚ ਗੱਲ ਕਰਨ ਅਤੇ ਦੇਸ਼ ਸਾਹਮਣੇ ਮੋਦੀ ਸਰਕਾਰ ਦੀਆਂ ਕਮਜ਼ੋਰੀਆਂ ਨੂੰ ਉਜਾਗਰ ਕਰਨ ਅਤੇ ਖ਼ੁਦ ਉਹ ਕੀ ਬਦਲ ਦੇਸ਼ ਨੂੰ ਦੇ ਰਹੇ ਹਨ, ਇਸ ਦਾ ਵੀ ਭਵਿੱਖੀ ਖ਼ਾਕਾ (ਬਲਿਊਪ੍ਰਿੰਟ) ਸਾਹਮਣੇ ਲਿਆਉਣ। ਦੇਸ਼ ਨੂੰ ਦੱਸਣ ਕਿ ਉਹ ਦੇਸ਼ ਨੂੰ ਕਿਵੇਂ ਅੱਗੇ ਲੈ ਜਾਣਗੇ ਅਤੇ ਉਹ ਕਿਸ ਤਰ੍ਹਾਂ ਦੀ ਸਰਕਾਰ ਚਲਾਉਣਗੇ? ਇਹ ਲਿਖਣਾ ਸੌਖਾ ਹੈ ਪਰ ਕਰਨ ਵਿਚ ਮੁਸ਼ਕਿਲ ਹੈ। ਇਹ ਹੋ ਸਕਦਾ ਹੈ ਬਸ਼ਰਤੇ ਕਾਂਗਰਸ ਅਤੇ 'ਇੰਡੀਆ' ਗੱਠਜੋੜ ਦੇ ਲੋਕ ਗੁੱਡੀ-ਗੁੱਡਿਆਂ ਦੀ ਖੇਡ ਖੇਡਣਾ ਬੰਦ ਕਰਨ, ਰੋਣਾ ਕੁਰਲਾਉਣਾ ਬੰਦ ਕਰਨ ਅਤੇ ਗੰਭੀਰ ਰਾਜਨੀਤੀ ਕਰਨ। ਮੋਦੀ ਨਾਲ ਲੜਨਾ ਬੱਚਿਆਂ ਦੀ ਖੇਡ ਨਹੀਂ ਹੈ, ਵੱਡੇ ਖ਼ਤਰੇ ਹਨ ਪਰ ਜੇਕਰ ਜੰਗ ਵਿੱਚ ਉਤਰਨਾ ਹੈ ਤਾਂ ਫਿਰ ਅੱਗ ਦੇ ਦਰਿਆ ਵਿਚੋਂ ਡੁੱਬ ਕੇ ਤਾਂ ਜਾਣਾ ਹੀ ਪਵੇਗਾ।

***

## ਇੱਕ ਵੱਡੀ ਸਮੱਸਿਆ ਹੈ

ਰੁੱਖ ਅਤੇ ਪੌਦੇ ਕਾਰਬਨ ਡਾਈਆਕਸਾਈਡ ਨੂੰ ਘਟਾਉਣ ਅਤੇ ਪ੍ਰਕਾਸ਼ ਸੰਸ਼ਲੇਸ਼ਣ ਦੁਆਰਾ ਆਕਸੀਜਨ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹ ਪ੍ਰਕਿਰਿਆ ਕੁਦਰਤ ਵਿੱਚ ਸੰਤੁਲਨ ਬਣਾਈ ਰੱਖਦੀ ਹੈ। ਜੰਗਲ ਸਾਨੂੰ ਸ਼ੁੱਧ ਪਾਣੀ ਅਤੇ ਸਿਹਤਮੰਦ ਮਿੱਟੀ ਦੇ ਨਾਲ-ਨਾਲ ਸ਼ੁੱਧ ਵਾਤਾਵਰਨ ਪ੍ਰਦਾਨ ਕਰਨ ਦਾ ਆਧਾਰ ਪ੍ਰਦਾਨ ਕਰਦੇ ਹਨ।

ਜੇਕਰ ਸਮਾਜ ਵਿੱਚ ਰੁੱਖ ਲਗਾਉਣ ਦਾ ਸੱਭਿਆਚਾਰ ਵਿਕਸਿਤ ਹੋਵੇਗਾ ਤਾਂ ਹੀ ਇਹ ਇੱਕ ਮੁਹਿੰਮ ਦੇ ਰੂਪ ਵਿੱਚ ਵਾਤਾਵਰਨ ਨੂੰ ਪੋਸ਼ਣ ਦੇ ਕੇ ਇੱਕ ਲੋਕ ਪੱਖੀ ਗਤੀਵਿਧੀ ਵਜੋਂ ਸਥਾਪਿਤ ਹੋਵੇਗਾ ਕਿਉਂਕਿ ਖਪਤਵਾਦੀ ਸੱਭਿਆਚਾਰ ਦੇ ਪਸਾਰ ਨੇ ਜੰਗਲਾਂ ਨੂੰ ਤਬਾਹ ਕਰ ਦਿੱਤਾ ਹੈ।

ਜੇਕਰ ਅਸੀਂ ਸਮੇਂ ਸਿਰ ਆਪਣੀ ਇਸ ਮਨੁੱਖੀ ਗਲਤੀ ਨੂੰ ਸਵੀਕਾਰ ਨਾ ਕੀਤਾ ਅਤੇ ਆਪਣੇ ਜੀਵਨ ਵਿਵਹਾਰ ਵਿੱਚ ਸੁਧਾਰ ਨਾ ਕੀਤਾ ਤਾਂ ਧਰਤੀ ਉੱਤੇ ਜੀਵਨ ਦੀ ਹੋਂਦ ਹੀ ਖ਼ਤਰੇ ਵਿੱਚ ਪੈ ਜਾਵੇਗੀ। ਇਸ ਲਈ ਸਮੇਂ ਸਿਰ ਖੁੱਲ੍ਹੇ ਜੰਗਲਾਂ ਦੀ ਘਣਤਾ ਨੂੰ ਵਧਾਉਣਾ ਜ਼ਰੂਰੀ ਹੈ। ਜਿੱਥੇ ਵੀ ਸੰਭਵ ਹੋਵੇ ਹਰੇ ਗਲਿਆਰੇ ਦਾ ਵਿਸਤਾਰ ਕਰੋ। ਅਜਿਹੀਆਂ ਜਨਤਕ ਥਾਵਾਂ ਦੀ ਨਿਸ਼ਾਨਦੇਹੀ ਕਰਕੇ ਇਹ ਲੋਕ ਲਹਿਰ ਦਾ ਰੂਪ ਧਾਰਨ ਕਰ ਲਵੇਗੀ। ਰੇਲਵੇ ਟਰੈਕ, ਸੜਕਾਂ, ਨਹਿਰਾਂ ਦੇ ਕਿਨਾਰਿਆਂ ਅਤੇ ਖਾਲੀ ਪਈਆਂ ਜ਼ਮੀਨਾਂ ਨੂੰ ਰੁੱਖ ਲਗਾ ਕੇ ਹਰੀ ਪੱਟੀ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਇਸ ਨਾਲ ਸਫ਼ਾਈ ਵਿੱਚ ਵਾਧਾ ਹੋਵੇਗਾ ਅਤੇ ਵਾਤਾਵਰਨ ਦੀ ਸਿਹਤ ਵਿੱਚ ਵੀ ਸੁਧਾਰ ਹੋਵੇਗਾ।

ਸਮਾਜ ਅਤੇ ਸਰਕਾਰ ਨੂੰ ਮਿਲ ਕੇ ਰੁੱਖ ਲਗਾਉਣ ਦੇ ਸੱਭਿਆਚਾਰ ਨੂੰ ਵਿਕਸਿਤ ਕਰਨਾ ਹੋਵੇਗਾ, ਜਿਸ ਨਾਲ ਸਮਾਜ ਨੂੰ ਕਈ ਪੱਧਰਾਂ 'ਤੇ ਲਾਭ ਹੋਵੇਗਾ। ਇਸ ਨਾਲ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਇਸ ਦੇ ਨਾਲ ਹੀ ਜੰਗਲਾਂ ਦਾ ਪਸਾਰ ਆਰਥਿਕ ਖ਼ੁਸ਼ਹਾਲੀ ਦੇ ਨਾਲ-ਨਾਲ ਜੀਵਨ ਦਾ ਸਾਧਨ ਵੀ ਬਣੇਗਾ।

ਵਾਤਾਵਰਨ ਦਾ ਸਿੱਧਾ ਸਬੰਧ ਸਵੱਛਤਾ ਅਤੇ ਸ਼ੁੱਧ ਹਵਾ ਨਾਲ ਹੈ। ਦੋਵੇਂ ਮਨੁੱਖੀ ਸਿਹਤ ਲਈ ਆਧਾਰ ਵਜੋਂ ਕੰਮ ਕਰਦੇ ਹਨ। ਸਵੱਛਤਾ ਅਤੇ ਆਰਥਿਕ ਵਿਕਾਸ ਦਾ ਵੀ ਗੂੜ੍ਹਾ ਰਿਸ਼ਤਾ ਹੈ। ਬਿਮਾਰ ਵਿਅਕਤੀ ਕੋਈ ਵੀ ਕੰਮ ਸਹੀ ਢੰਗ ਨਾਲ ਨਹੀਂ ਕਰ ਸਕਦਾ, ਜਿਸ ਦਾ ਸਿੱਧਾ ਅਸਰ ਉਤਪਾਦਕਤਾ 'ਤੇ ਪੈਂਦਾ ਹੈ। ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਕਿ ਵਾਤਾਵਰਨ ਦਾ ਸਿੱਧਾ ਸਬੰਧ ਸਾਡੀ ਸਿਹਤ ਨਾਲ ਹੈ। ਵਾਤਾਵਰਨ ਪ੍ਰਦੂਸ਼ਣ ਮਨੁੱਖੀ ਸਿਹਤ ਨੂੰ ਵਿਗਾੜਦਾ ਹੈ।

ਇਸ ਦਿਸ਼ਾ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਮਾਜ ਨਾਲ ਸਮੂਹਿਕ ਵਿਚਾਰ-ਵਟਾਂਦਰਾ ਕੀਤਾ ਜਾਣਾ ਚਾਹੀਦਾ ਹੈ। ਵੱਖ-ਵੱਖ ਪੱਧਰਾਂ 'ਤੇ ਸਮਾਜਿਕ ਹਿੱਸੇਦਾਰੀ ਵਧਾਉਣੀ ਚਾਹੀਦੀ ਹੈ।

***

## ਖੇਤੀ ਚੁਣੌਤੀਆਂ, ਆਰਥਿਕਤਾ

ਕਿਸਾਨ ਵੀ ਇਸਦਾ ਸ਼ਿਕਾਰ ਹੋਏ ਹਨ। ਉਹ ਕਿਸਾਨ ਜਿਹੜੇ ਦੇਸ਼ ਸੰਵਿਧਾਨ ਦੀ ਰਾਖੀ ਅਤੇ ਸੰਘੀ ਢਾਂਚੇ 'ਤੇ ਹੋ ਰਹੇ ਹਮਲਿਆਂ ਦੀ ਗੱਲ ਕਰਦੇ ਸਨ, ਦੇਸ਼ ਹਾਕਮਾਂ ਨੂੰ ਟਿੱਚ ਕਰਕੇ ਜਾਣਦੇ ਸਨ, ਦਿੱਲੀ ਹਕੂਮਤ ਨਾਲ ਟੱਕਰ ਲੈ ਕੇ ਪੂਰੇ ਜੋਸ਼ ਵਿੱਚ ਹੋ ਗਏ ਸਨ, ਸਮਾਂ ਬੀਤਣ ਬਾਅਦ ਇਕੱਲੇ-ਇਕੱਹਰੇ ਧੜਿਆਂ 'ਚ ਸਿਮਟਕੇ 'ਹਾਕਮਾਂ ਦਾ ਮਨਾਂ ਦਾ ਡਰ' ਨਹੀਂ ਰਹਿ ਗਏ।

ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਮਜ਼ਦੂਰਾਂ, ਕਿਸਾਨਾਂ ਦਾ ਵੱਡਾ ਹਿੱਸਾ ਅਸੰਗਠਿਤ ਹੈ। ਉਹਨਾਂ ਵਿੱਚ ਸਿਆਸੀ ਚੇਤਨਤਾ ਦੀ ਘਾਟ ਹੈ। ਬਹੁਤੇ ਆਪਣੀਆਂ ਮੰਗਾਂ ਅਤੇ ਹੱਕ ਪ੍ਰਤੀ ਸੁਚੇਤ ਨਹੀਂ ਹਨ। ਮੌਜੂਦਾ ਸਰਕਾਰ ਛੋਟੇ-ਛੋਟੇ ਫਾਇਦੇ ਦੇ ਕੇ ਉਹਨਾਂ ਨੂੰ ਉਹਨਾਂ ਦੇ ਅਸਲ ਮੁੱਦਿਆਂ ਤੋਂ ਭਟਕਾ ਰਹੀ ਹੈ।

ਲੋੜ ਇਸ ਵੇਲੇ ਲੋਕ-ਪੱਖੀ ਸਿਆਸਤਦਾਨਾਂ, ਸਮਾਜਿਕ ਕਾਰਕੁੰਨਾਂ, ਕਿਸਾਨ ਮਜ਼ਦੂਰਾਂ ਦੀਆਂ ਜੱਥੇਬੰਦੀਆਂ ਨੂੰ ਇੱਕ ਪਲੇਟਫਾਰਮ ਬਨਾਉਣ ਦੀ ਹੈ। ਵਿਦਵਾਨ, ਪੱਤਰਕਾਰ, ਚਿੰਤਕ, ਆਪਣੀਆਂ ਲਿਖਤਾਂ, ਵਿਚਾਰਾਂ ਨਾਲ ਜਮਹੂਰੀ ਲਹਿਰ ਉਸਾਰਨ ਅਤੇ ਲੋਕ ਹਿੱਤ 'ਚ ਖੜ੍ਹੇ ਹੋਣ ਲਈ ਭੂਮਿਕਾ ਨਿਭਾ ਸਕਦੇ ਹਨ।

***

## ਕਸ਼ਮੀਰ ਬਾਰੇ ਸੁਪਰੀਮ ਕੋਰਟ

ਇਹ ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ ਸਾਡੇ ਭੈਣ-ਭਰਾਵਾਂ ਲਈ ਆਸ ਦੀ ਕਿਰਨ, ਤਰੱਕੀ ਅਤੇ ਉੱਜਲ ਭਵਿੱਖ ਉਜਾਗਰ ਕਰਦਾ ਹੈ। ਅਦਾਲਤ ਨੇ ਆਪਣੇ ਡੂੰਘੇ ਗਿਆਨ, ਏਕਤਾ ਦੇ ਮੂਲ ਸਾਰ ਨੂੰ ਮਜ਼ਬੂਤ ਕੀਤਾ ਹੈ ਜਿਸ ਨੂੰ ਅਸੀਂ ਭਾਰਤੀ ਸਰਵਉੱਚ ਮੰਨਦੇ ਹਾਂ। ਇਹ ਫ਼ੈਸਲਾ 'ਇਕ ਭਾਰਤ, ਸ੍ਰੇਸ਼ਟ ਭਾਰਤ' ਦੀ ਭਾਵਨਾ ਨੂੰ ਮਜ਼ਬੂਤ ਬਣਾਉਂਦਾ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਅਦਾਲਤ ਵੱਲੋਂ ਧਾਰਾ 370 ਖਤਮ ਕਰਨ ਦੇ ਫ਼ੈਸਲੇ ਨੂੰ ਬਰਕਰਾਰ ਰੱਖਣ ਦੇ ਨਿਰਣੇ ਦਾ ਸਵਾਗਤ ਕਰਦੇ ਹਨ। 5 ਅਗਸਤ, 2019 ਨੂੰ ਮੋਦੀ ਸਰਕਾਰ ਵੱਲੋਂ ਧਾਰਾ 370 ਰੱਦ ਕਰਨ ਨੂੰ ਦੂਰਦਰਸ਼ਤਾ ਵਾਲਾ ਨਿਰਣਾ ਮੰਨਦੇ ਹਨ।

ਭਵਿੱਖੀ ਰਾਜਨੀਤਕ ਹੋਂਦ ਬਰਕਰਾਰ ਰੱਖਣ ਦੀ ਚੇਸ਼ਟਾ ਰੱਖਦੇ ਸਾਬਕਾ ਮੁੱਖ ਮੰਤਰੀ ਗੁਲਾਬ ਨੱਬੀ ਅਜ਼ਾਦ, ਜਿਨ੍ਹਾਂ ਰਾਜ ਵਿੱਚ ਡੈਮੋਕ੍ਰੇਟਿਕ ਪ੍ਰਾਗ੍ਰੈਸਿਵ ਅਜ਼ਾਦ ਪਾਰਟੀ ਗਠਤ ਕਰ ਰੱਖੀ ਹੈ, ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਦੁਖਦ ਅਤੇ ਮੰਦਭਾਗਾ ਦੱਸਦੇ ਹਨ। ਪਰ ਨਾਲ ਹੀ ਕਹਿੰਦੇ ਹਨ ਕਿ ਇਹ ਸਾਨੂੰ ਸਵੀਕਾਰ ਕਰਨਾ ਹੋਵੇਗਾ।

ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਪ੍ਰਧਾਨ, ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਨਾਲ ਗਠਜੋੜ ਸਰਕਾਰ ਗਠਤ ਕਰਨ ਵਾਲੀ ਆਗੂ ਮਹਿਬੂਬਾ ਮੁਫ਼ਤੀ ਧਾਰਾ 370 ਖ਼ਤਮ ਕਰਨ ਨੂੰ ਬਰਕਰਾਰ ਰੱਖਣ ਵਾਲੇ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਰਾਜ ਦੇ ਲੋਕਾਂ ਲਈ ਮੌਤ ਦੀ ਸਜ਼ਾ ਹੀ ਨਹੀਂ ਸਗੋਂ ਭਾਰਤ ਦੇ ਸੰਕਲਪ ਨੂੰ ਵੀ ਫ਼ੇਲ ਕਰਦਾ ਮੰਨਦੀ ਹੈ। ਉਸ ਨੇ ਰਾਜ ਦੇ ਲੋਕਾਂ ਨੂੰ ਨਾ ਨਿਰਾਸ਼ ਹੋਣ ਅਤੇ ਨਾ ਉਮੀਦ ਛੱਡਣ ਲਈ ਕਿਹਾ ਹੈ। ਇਹ ਅਦਾਲਤ ਦਾ ਫ਼ੈਸਲਾ ਹੈ। ਇਹ ਸਾਡੀ ਮੰਜ਼ਿਲ ਨਹੀਂ।

ਨੈਸ਼ਨਲ ਕਾਨਫ਼ਰੰਸ ਦੇ ਉਪ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਦਾ ਕਹਿਣਾ ਹੈ, ਨਿਰਾਸ਼ ਹਾਂ ਪਰ ਨਿਰਉਤਸ਼ਾਹਿਤ ਨਹੀਂ। ਸੰਘਰਸ਼ ਜਾਰੀ ਰਹੇਗਾ। ਮਹਿਬੂਬਾ ਮੁਫ਼ਤੀ ਅਤੇ ਉਮਰ ਅਬਦੁਲਾ ਨੇ ਉਪ ਰਾਜਪਾਲ ਦੇ ਦਾਅਵੇ ਨੂੰ ਝੁਠਲਾਇਆ ਕਿ ਉਨ੍ਹਾਂ ਨੂੰ ਇਸ ਫ਼ੈਸਲੇ ਤੋਂ ਪਹਿਲਾਂ ਘਰਾਂ ਵਿੱਚ ਨਜ਼ਰਬੰਦ ਰੱਖਿਆ ਗਿਆ। ਕਾਂਗਰਸ ਆਗੂ ਪੀ ਚਿਦੰਬਰਮ ਦਾ ਮੰਨਣਾ ਹੈ ਕਿ ਅਦਾਲਤ ਦੇ ਫ਼ੈਸਲੇ ਨੇ ਕੁਝ ਮੁੱਦਿਆਂ ਨੂੰ ਖੁੱਲ੍ਹਾ ਛੱਡ ਦਿੱਤਾ ਹੈ ਇਸ ਲਈ ਇਸ ਫ਼ੈਸਲੇ ਨੂੰ ਡੂੰਘਾ ਅਧਿਐਨ ਦਰਕਾਰ ਹੈ। ਸੂਬੇ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡਣ ਦੇ ਸਵਾਲ 'ਤੇ ਵਿਚਾਰ ਨਹੀਂ ਕੀਤਾ ਗਿਆ। ਅਸੀਂ 370 ਹਟਾਏ ਜਾਣ ਨਾਲ ਸਹਿਮਤ ਨਹੀਂ।

ਦੇਸ਼ ਦੇ ਉੱਤਰ-ਪੂਰਬੀ ਰਾਜਾਂ ਨੂੰ ਵਿਸ਼ੇਸ਼ ਸੰਵਿਧਾਨ ਦਰਜਾ ਦਿੱਤਾ ਗਿਆ ਹੈ, ਕੀ ਕੇਂਦਰ ਸਰਕਾਰ ਉਹ ਵੀ ਖ਼ਤਮ ਕਰੇਗੀ? ਕੀ ਪੰਜਾਬ ਲਈ ਵਿਸ਼ੇਸ਼ ਸੰਵਿਧਾਨਿਕ ਰੁਤਬਾ ਜ਼ਰੂਰੀ ਨਹੀਂ?

ਪਾਕਿਸਤਾਨ ਦੀ ਐਕਸਪ੍ਰੈੱਸ ਟ੍ਰਿਬਿਊਨ ਦਾ ਐਡੀਟੋਰੀਅਲ ਦਰਸਾਉਂਦਾ ਹੈ ਕਿ ਅਦਾਲਤ ਦਾ ਨਿਰਣਾ ਭਾਰਤ ਦਾ ਪ੍ਰਭਾਵ ਕਸ਼ਮੀਰ ਅੰਦਰ ਪਕੇਰਾ ਕਰਦਾ ਹੈ ਪਰ ਇਸ ਨਾਲ ਕਸ਼ਮੀਰੀਆਂ ਦੀ ਅਜ਼ਾਦੀ ਅਤੇ ਸਵੈਮਾਣ ਦੀ ਇੱਛਾ ਖਤਮ ਨਹੀਂ ਹੁੰਦੀ। 'ਦਾ ਨੇਸ਼ਨ' ਅਨੁਸਾਰ ਪਾਕਿਸਤਾਨ ਅਤੇ ਇਸਦਾ ਰਾਸ਼ਟਰਪਤੀ ਡਾ. ਆਸਿਫ਼ ਅਲਵੀ ਇਸ ਨਿਰਣੇ ਨੂੰ ਅਸਵੀਕਾਰ ਕਰਦੇ ਹਨ। ਉਹ ਇਹ ਰਾਗ ਅਲਾਪਦੇ ਹਨ ਕੌਮਾਂਤਰੀ ਭਾਈਚਾਰਾ ਭਾਰਤ ਨੂੰ ਕਸ਼ਮੀਰੀਆਂ ਨਾਲ ਕੀਤੇ ਕਰਾਰ ਨਿਭਾਉਣ ਲਈ ਕਹੇ। ਵਾਸ਼ਿੰਗਟਨ ਅਧਾਰਤ ਵਿਸ਼ਵ ਕਸ਼ਮੀਰ ਜਾਗ੍ਰਿਤੀ ਭਾਈਚਾਰਾ ਇਸ ਫ਼ੈਸਲੇ ਨੂੰ ਯੂ.ਐੱਨ. ਪ੍ਰਸਤਾਵ 122, 126 ਮਿਤੀ 24 ਜਨਵਰੀ, 1957 ਅਤੇ 2 ਦਸੰਬਰ, 1957 ਦੇ ਪ੍ਰਤੀਕੂਲ ਦੱਸਦਾ ਹੈ। ਕਸ਼ਮੀਰੀ ਕੌਮ ਇੱਕ ਲੱਖ ਨੌਜਵਾਨਾਂ ਦੀ ਆਹੂਤੀ ਅਤੇ 11 ਹਜ਼ਾਰ ਭੈਣਾਂ ਦੀ ਪੱਤ ਲੁੱਟੀ ਜਾਣ ਬਾਅਦ ਅਜ਼ਾਦੀ ਦਾ ਰਸਤਾ ਨਹੀਂ ਛੱਡ ਸਕਦਾ। ਪਰ ਕੀ ਉਹ ਪਾਕਿਸਤਾਨ ਦੀ ਉਕਸਾਹਟ ਪੂਰਬ ਲੱਖਾਂ ਬੇਗੁਨਾਹ ਕਸ਼ਮੀਰੀ ਪੰਡਤਾਂ, ਸਿੱਖਾਂ, ਮੁਸਲਮਾਨਾਂ ਦੇ ਕਤਲਾਂ, ਹਜ਼ਾਰਾਂ ਔਰਤਾਂ ਦੀ ਬੇਪੱਤੀ ਅਤੇ ਕਸ਼ਮੀਰ ਨਿਕਾਲਾ ਦਾ ਗੁਨਾਹ ਕਬੂਲਣਗੇ?

ਇੱਥੇ ਇਹ ਵੀ ਵਰਨਣਯੋਗ ਹੈ ਕਿ ਪ੍ਰਧਾਨ ਮੰਤਰੀ ਦੇ 'ਨਵੇਂ ਕਸ਼ਮੀਰ' ਵਿੱਚੋਂ ਮਿਲੀਟੈਂਸੀ ਖਤਮ ਕਰਨ, ਬੇਗੁਨਾਹਾਂ ਦੇ ਕਤਲ ਰੋਕਣ, ਜਨਤਕ ਅਜ਼ਾਦੀਆਂ ਦੀ ਬਹਾਲੀ, ਆਰਥਿਕ ਮੰਦਹਾਲੀ ਦੂਰ ਕਰਨ, ਕਸ਼ਮੀਰੀ ਪੰਡਤਾਂ ਦੇ ਮੁੜ ਵਸੇਬੇ ਵਿੱਚ ਭਾਜਪਾ ਦੀ ਨਾਕਾਮੀ ਦੂਰ ਕਰਨ, ਰਾਜ ਅੰਦਰ ਸ਼ਾਂਤੀ ਬਹਾਲੀ ਅਤਿ ਜ਼ਰੂਰੀ ਹੈ। ਕਸ਼ਮੀਰੀਆਂ ਨੂੰ ਫ਼ੋਕਾ ਪ੍ਰਚਾਰ ਨਹੀਂ ਠੋਸ ਅਮਲ ਦਰਕਾਰ ਹੈ, ਰਾਸ਼ਟਰੀ ਅਪਣੱਤ ਲੋੜੀਂਦੀ ਹੈ।

***

## ਨਹੀਂ ਰਹੇ ਮਹਾਨ

ਭਾਵ ਅੰਮ੍ਰਿਤਾ ਪ੍ਰੀਤਮ ਦੇ ਆਖ਼ਰੀ ਸਮੇਂ ਤੱਕ, ਛਪਦਾ ਰਿਹਾ ਅਤੇ ਇਮਰੋਜ਼ ਇਸ ਦੇ ਆਖ਼ਰੀ ਅੰਕ ਤੱਕ ਬਤੌਰ ਕਲਾਕਾਰ ਇਸ ਨਾਲ ਜੁੜੇ ਰਹੇ। ਇਮਰੋਜ਼ ਦਿੱਲੀ ਦੇ ਹੌਜ਼ ਖ਼ਾਸ ਇਲਾਕੇ ਵਿੱਚ ਰਹਿੰਦੇ ਸੀ ਅਤੇ ਉਨ੍ਹਾਂ ਨੇ ਅੰਮ੍ਰਿਤਾ ਦੇ ਮਰਨ ਉਪਰੰਤ ਕਵਿਤਾਵਾਂ ਵੀ ਲਿਖਣੀਆਂ ਸ਼ੁਰੂ ਕੀਤੀਆਂ ਸਨ। ਉਨ੍ਹਾਂ ਦੀਆਂ ਕਵਿਤਾਵਾਂ ਦੀਆਂ ਕੁਝ ਕਿਤਾਬਾਂ ਵੀ ਛਪੀਆਂ ਸਨ।

ਉਹ ਅੰਮ੍ਰਿਤਾ ਪ੍ਰੀਤਮ ਨਾਲ ਆਪਣੇ ਰਿਸ਼ਤੇ ਤੋਂ ਬਾਅਦ ਪ੍ਰਸਿੱਧ ਹੋ ਗਏ। ਦੋਵਾਂ ਨੇ ਕਦੇ ਵਿਆਹ ਨਹੀਂ ਕੀਤਾ, ਪਰ 40 ਸਾਲਾਂ ਤੱਕ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਰਹੇ। ਅੰਮ੍ਰਿਤਾ ਉਨ੍ਹਾਂ ਨੂੰ 'ਜੀਤ' ਕਹਿ ਕੇ ਬੁਲਾਉਂਦੀ ਸੀ। ਇਮਰੋਜ਼ ਨੇ ਜਗਜੀਤ ਸਿੰਘ ਦੀ 'ਬਿਰਹਾ ਦਾ ਸੁਲਤਾਨ' ਅਤੇ ਬੀਬੀ ਨੂਰਾਨ ਦੀ 'ਕੂਲੀ ਰਹਿ ਵਿਚਾਰ' ਸਮੇਤ ਕਈ ਮਸ਼ਹੂਰ ਐਲ ਪੀ ਦੇ ਕਵਰ ਡਿਜ਼ਾਈਨ ਕੀਤੇ।

***

## ਕੀ ਅਮਨ ਅਰੋੜਾ ਦੀ

ਵਿਧਾਇਕ ਆਨੰਤ ਸਿੰਘ ਦੀ ਮੈਂਬਰਸ਼ਿਪ ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਤੋਂ ਬਾਅਦ ਖ਼ਤਮ ਕਰ ਦਿੱਤੀ ਗਈ ਸੀ। ਹੁਣ ਅਮਨ ਅਰੋੜਾ ਦੇ ਮਾਮਲੇ 'ਚ ਵੀ ਜਾਣਕਾਰਾਂ ਦੇ ਮੁਤਾਬਕ ਫੈਸਲੇ ਦੀ ਕਾਪੀ ਆਉਣ ਤੋਂ ਬਾਅਦ ਵਿਧਾਨ ਸਭਾ ਸਪੀਕਰ ਇਸ ਮਾਮਲੇ 'ਚ ਕੋਈ ਢੁੱਕਵਾਂ ਫੈਸਲਾ ਲੈ ਸਕਦੇ ਹਨ।

****

## ਪੰਜਾਬ ਕਾਂਗਰਸ ਵਿੱਚ ਫਿਰ

ਇਹ ਕਾਂਗਰਸੀ ਆਗੂ ਸੋਚਦੇ ਹਨ ਕਿ 'ਆਪ' ਖ਼ਿਲਾਫ਼ ਐਂਟੀ ਇਨਕੰਬੈਂਸੀ (ਸਥਾਪਤੀ ਵਿਰੋਧੀ ਰੁਝਾਨ) ਕਾਫ਼ੀ ਉਭਾਰ 'ਤੇ ਹੈ ਤੇ ਨਤੀਜੇ ਵਜੋਂ ਅਕਾਲੀ ਦਲ ਤੇ ਭਾਜਪਾ ਦਾ ਵੋਟ ਫ਼ੀਸਦੀ ਵੀ ਵਧੇਗਾ ਤੇ 'ਆਪ' ਦਾ ਘਟੇਗਾ। ਇਹ ਕਾਂਗਰਸੀ ਆਗੂ ਸੋਚਦੇ ਹਨ ਕਿ ਲੋਕ ਸਭਾ ਵਿੱਚ ਚਾਰਕੋਣਾ ਮੁਕਾਬਲਾ ਕਾਂਗਰਸ ਦੇ ਹਿਤ ਵਿੱਚ ਰਹੇਗਾ। ਜਿਸ ਤਰ੍ਹਾਂ ਪੰਜਾਬ ਦੇ ਕਾਂਗਰਸ ਆਗੂ ਸ਼ਰੇਆਮ 'ਆਪ' ਨਾਲ ਚੋਣ ਗੱਠਜੋੜ ਦਾ ਵਿਰੋਧ ਕਰ ਰਹੇ ਹਨ ਅਤੇ ਆਪ ਪਾਰਟੀ ਵੱਲੋਂ ਜਿਸ ਤਰ੍ਹਾਂ ਪਿਛਲੇ ਲੰਮੇ ਸਮੇਂ ਤੋਂ ਕਾਂਗਰਸੀ ਆਗੂਆਂ ਨੂੰ ਭ੍ਰਿਸ਼ਟਾਚਾਰ ਦੇ ਨਾਂਅ 'ਤੇ ਫੜ-ਫੜ ਕੇ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ ਉਸ ਨੂੰ ਮੁੱਖ ਰੱਖਦਿਆਂ ਅਜਿਹਾ ਬੇਹੱਦ ਮੁਸ਼ਕਿਲ ਲਗਦਾ ਹੈ ਕਿ ਦੋਵੇਂ ਪਾਰਟੀਆਂ ਮਿਲ ਕੇ ਰਾਜ ਵਿੱਚ ਚੋਣ ਲੜ ਸਕਣਗੀਆਂ। ਇਹ ਵੀ ਹੋ ਸਕਦਾ ਹੈ ਕਿ ਜੇਕਰ ਕਾਂਗਰਸ ਹਾਈਕਮਾਨ ਵੱਲੋਂ ਪੰਜਾਬ ਦੇ ਕਾਂਗਰਸ ਆਗੂਆਂ 'ਤੇ ਇਸ ਮਕਸਦ ਲਈ ਦਬਾਅ ਪਾਇਆ ਜਾਂਦਾ ਹੈ ਤਾਂ ਕਾਂਗਰਸ ਵਿੱਚ ਬਗ਼ਾਵਤ ਹੋ ਜਾਵੇ।

ਦੂਸਰੇ ਪਾਸੇ ਅਕਾਲੀ ਦਲ ਤੇ ਭਾਜਪਾ ਦਾ ਸਮਝੌਤਾ ਹੋਣ ਦੇ ਆਸਾਰ ਲਗਭਗ ਖ਼ਤਮ ਹਨ। ਉਸ ਅਨੁਸਾਰ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਬਾਰੇ ਲੋਕ ਸਭਾ ਵਿੱਚ ਸਾਬਕਾ ਅਕਾਲੀ ਮੰਤਰੀ ਬੀਬਾ ਹਰਸਿਮਰਤ ਕੌਰ ਦਾ ਨਾਂਅ ਲੈ ਕੇ ਦਿੱਤਾ ਬਿਆਨ, ਇਸ ਦੀ ਸਪੱਸ਼ਟ ਗਵਾਹੀ ਹੈ। ਪਤਾ ਲੱਗਾ ਹੈ ਕਿ ਕਾਂਗਰਸ ਹਾਈਕਮਾਨ ਇਸ ਸੰਬੰਧੀ ਫਿਰ ਤੋਂ ਪੰਜਾਬ ਵਿੱਚ ਸਰਵੇ ਕਰਵਾ ਰਹੀ ਹੈ। ਸੰਭਾਵਨਾ ਹੈ ਕਿ ਉਹ ਕੋਈ ਵੀ ਫ਼ੈਸਲਾ ਜ਼ਮੀਨੀ ਹਕੀਕਤਾਂ ਅਤੇ 'ਇੰਡੀਆ' ਗੱਠਜੋੜ ਦੀ ਏਕਤਾ ਨੂੰ ਸਾਹਮਣੇ ਰੱਖ ਕੇ ਹੀ ਕਰੇਗੀ।

***

## ਯੂ. ਪੀ. ਤੇ ਗੁਜਰਾਤ ਤੋਂ ਪੰਜਾਬੀਆਂ

ਸਚਿਨ ਹਾਪੁੜ 'ਚ ਐਲੀਕੈਮ ਫ਼ਾਰਮਾਂ ਨਾਂ ਦੀ ਕੰਪਨੀ ਦਾ ਮਾਲਕ ਹੈ। ਉਸ ਦੀ ਗ੍ਰਿਫ਼ਤਾਰੀ ਮਗਰੋਂ ਪਤਾ ਲੱਗਿਆ ਕਿ ਮਾਨਸਾ ਜੇਲ੍ਹ ਵਿੱਚ ਬੰਦ ਯੋਗੇਸ਼ ਕੁਮਾਰ ਰਿੰਕੂ ਨਾਲ ਮਿਲ ਕੇ ਪੰਜਾਬ ਵਿੱਚ ਨਸ਼ੀਲੀਆਂ ਗੋਲੀਆਂ ਸਪਲਾਈ ਕਰ ਰਿਹਾ ਹੈ। ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦੇ ਯੋਗੇਸ਼ ਤੇ ਸਚਿਨ ਕੋਲੋਂ ਪੜਤਾਲ 'ਚ ਖੁਲਾਸਾ ਹੋਇਆ ਕਿ ਉਹ ਅਹਿਮਦਾਬਾਦ (ਗੁਜਰਾਤ) ਸਥਿਤ ਗਲਾਸ ਫ਼ਾਰਮਾਂ ਕੰਪਨੀ ਤੋਂ ਨਸ਼ੀਲੀਆਂ ਗੋਲੀਆਂ ਸਪਲਾਈ ਕਰ ਰਹੇ ਸਨ। ਸਚਿਨ ਨੇ ਦਿੱਲੀ ਵਿੱਚ ਕੰਪਨੀ ਦੇ ਨਿਰਮਾਤਾ ਮਨੀਸ਼ ਤੇ ਰੇਖਾ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਨਸ਼ੀਲੀਆਂ ਦਵਾਈਆਂ ਹਾਪੁੜ ਰਾਹੀਂ ਪੰਜਾਬ 'ਚ ਭੇਜਣ ਦੀ ਯੋਜਨਾ ਬਣਾਈ। ਐਲੀਕੈਮ ਫ਼ਾਰਮਾਂ ਦੇ ਨਾਂ 'ਤੇ ਹੋਲਸੇਲ ਯੂਨਿਟ ਦੇ ਜਾਅਲੀ ਦਸਤਾਵੇਜ਼ ਬਣਾਏ ਗਏ। ਇਹ ਖੇਪ ਹਾਪੁੜ ਤੋਂ ਆਗਰਾ ਵਿੱਚ ਆਕਾਸ਼ ਨੂੰ ਭੇਜੀ ਗਈ, ਜਿਸ ਨੇ ਖੇਪ ਅੰਮ੍ਰਿਤਸਰ ਭੇਜ ਦਿੱਤੀ।

ਪੁਲਿਸ ਨੇ ਆਗਰਾ ਤੋਂ ਆਕਾਸ਼ ਨੂੰ ਗ੍ਰਿਫ਼ਤਾਰ ਕਰ ਕੇ ਉਸ ਕੋਲੋਂ 18,000 ਗੋਲੀਆਂ ਬਰਾਮਦ ਕੀਤੀਆਂ। ਸੀ.ਆਈ.ਏ. ਸਟਾਫ ਦੀ ਟੀਮ ਨੇ ਅਹਿਮਦਾਬਾਦ ਵਿੱਚੋਂ ਗਲਾਸ ਫ਼ਾਰਮਾਂ 'ਤੇ ਛਾਪਾ ਮਾਰਿਆ, ਜਿੱਥੋਂ 14,72,220 ਗੋਲੀਆਂ ਤੇ ਕੈਪਸੂਲ ਬਰਾਮਦ ਹੋਏ। ਕੰਪਨੀ ਦੇ ਦੋਵਾਂ ਡਾਇਰੈਕਟਰਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

***

## ਖੇਡ ਮੰਤਰਾਲੇ ਵੱਲੋਂ ਭਾਰਤੀ

ਇਸ ਮਗਰੋਂ ਖੇਡ ਮੰਤਰਾਲੇ ਨੇ ਭਾਰਤੀ ਉਲੰਪਿਕ ਐਸੋਸੀਏਸ਼ਨ (ਆਈ.ਓ.ਏ.) ਨੂੰ ਡਬਲਯੂ.ਐੱਫ਼.ਆਈ. ਦਾ ਕੰਮਕਾਰ ਦੇਖਣ ਲਈ ਐਡਹਾਕ ਕਮੇਟੀ ਬਣਾਉਣ ਦੀ ਅਪੀਲ ਕੀਤੀ। ਮੰਤਰਾਲੇ ਨੇ ਆਈ.ਓ.ਏ. ਨੂੰ ਜਲਦੀ ਤੋਂ ਜਲਦੀ ਪੈਨਲ ਗਠਿਤ ਕਰਨ ਲਈ ਲਿਖਿਆ ਹੈ। ਆਈ.ਓ.ਏ. ਦੀ ਪ੍ਰਧਾਨ ਪੀਟੀ ਊਸ਼ਾ ਨੂੰ ਲਿਖੇ ਪੱਤਰ 'ਤੇ ਭਾਰਤ ਸਰਕਾਰ ਦੇ ਅੰਡਰ ਸੈਕਟਰੀ ਤਰੁਣ ਪਾਰਿਕ ਦੇ ਦਸਤਖ਼ਤ ਹਨ। ਇਸ ਵਿੱਚ ਲਿਖਿਆ ਗਿਆ ਹੈ, 'ਡਬਲਯੂ.ਐੱਫ਼.ਆਈ. ਦੇ ਸਾਬਕਾ ਅਹੁਦੇਦਾਰਾਂ ਦੇ ਪ੍ਰਭਾਵ ਤੇ ਕੰਟਰੋਲ ਕਾਰਨ ਪੈਦਾ ਹੋਈ ਮੌਜੂਦਾ ਸਥਿਤੀ ਨੂੰ ਧਿਆਨ 'ਚ ਰੱਖਦਿਆਂ ਡਬਲਯੂ.ਐੱਫ਼.ਆਈ. ਦੇ ਸੰਚਾਲਨ ਬਾਰੇ ਗੰਭੀਰ ਚਿੰਤਾਵਾਂ ਪੈਦਾ ਹੋ ਗਈਆਂ ਹਨ।' ਇਸ ਵਿੱਚ ਲਿਖਿਆ ਗਿਆ ਹੈ, 'ਖੇਡ ਸੰਗਠਨਾਂ 'ਚ ਚੰਗੇ ਸ਼ਾਸਨ ਦੇ ਸਿਧਾਂਤ ਬਣਾਏ ਰੱਖਣ ਲਈ ਤੁਰੰਤ ਤੇ ਸਖ਼ਤ ਸੁਧਾਰ ਵਾਲੇ ਕਦਮ ਚੁੱਕਣ ਦੀ ਲੋੜ ਹੈ। ਇਸ ਲਈ ਇਹ ਆਈ.ਓ.ਏ. ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਡਬਲਯੂ.ਐੱਫ਼.ਆਈ. ਦੇ ਮਾਮਲੇ ਦੇਖਣ ਲਈ ਅੰਤਰਿਮ ਤੌਰ 'ਤੇ ਢੁੱਕਵਾਂ ਪ੍ਰਬੰਧ ਕਰੇ ਤਾਂ ਜੋ ਕੁਸ਼ਤੀ ਨਾਲ ਸਬੰਧਤ ਖਿਡਾਰੀਆਂ ਦਾ ਕਿਸੇ ਵੀ ਢੰਗ ਨਾਲ ਕੋਈ ਨੁਕਸਾਨ ਨਾ ਹੋਵੇ ਅਤੇ ਨਾਲ ਹੀ ਚੰਗਾ ਪ੍ਰਸ਼ਾਸਨ ਵੀ ਖਤਰੇ 'ਚ ਨਾ ਪਵੇ।' ਡਬਲਯੂ.ਐੱਫ਼.ਆਈ. ਦੇ ਨਵੇਂ ਚੁਣੇ ਜਨਰਲ ਸਕੱਤਰ ਪ੍ਰੇਮ ਚੰਦ ਲੋਚਾਬ ਨੇ ਚੋਣਾਂ ਤੋਂ ਇੱਕ ਦਿਨ ਬਾਅਦ ਸੰਜੇ ਸਿੰਘ ਨੂੰ ਲਿਖਿਆ ਸੀ ਕਿ 'ਕੁਝ ਰਾਜਾਂ ਨੇ ਉਮਰ ਵਰਗ ਅਤੇ ਜੂਨੀਅਰ ਕੌਮੀ ਚੈਂਪੀਅਨਸ਼ਿਪ ਦੇ ਪ੍ਰੋਗਰਾਮ ਤੇ ਥਾਂ 'ਚ ਤਬਦੀਲੀ ਕਰਨ 'ਤੇ ਇਤਰਾਜ਼ ਜ਼ਾਹਿਰ ਕੀਤਾ ਹੈ।' ਰੇਲਵੇ ਸਪੋਰਟਸ ਕੰਟਰੋਲ ਬੋਰਡ ਦੇ ਸਾਬਕਾ ਸਕੱਤਰ ਲੋਚਾਬ ਨੇ ਕਿਹਾ, 'ਇਸ ਸਬੰਧ ਵਿੱਚ 21-12-23 ਨੂੰ ਨਵੀਂ ਚੁਣੀ ਕਾਰਜਕਾਰੀ ਕੌਂਸਲ ਦੀ ਚੋਣ ਤੋਂ ਬਾਅਦ ਇਸ ਦੇ ਸੰਵਿਧਾਨ ਅਨੁਸਾਰ ਡਬਲਯੂ.ਐੱਫ਼.ਆਈ. ਦੀ ਕਾਰਜਕਾਰੀ ਕਮੇਟੀ ਦੀ ਕੋਈ ਰੈਗੂਲਰ ਮੀਟਿੰਗ ਨਹੀਂ ਕੀਤੀ ਗਈ ਹੈ।' ਉਨ੍ਹਾਂ ਕਿਹਾ, 'ਇਸ ਨੂੰ ਧਿਆਨ 'ਚ ਰਖਦਿਆਂ ਇਹ ਮਹਿਸੂਸ ਕੀਤਾ ਗਿਆ ਹੈ ਕਿ ਸੂਬਾਈ ਐਸੋਸੀਏਸ਼ਨਾਂ ਦੀਆਂ ਸ਼ਿਕਾਇਤਾਂ ਜਾਇਜ਼ ਹਨ। ਉਨ੍ਹਾਂ 'ਤੇ ਵਿਚਾਰ ਕੀਤਾ ਜਾ ਸਕਦਾ ਹੈ ਤੇ 28-30 ਦਸੰਬਰ ਨੂੰ ਨੰਦਿਨੀ ਨਗਰ, ਗੋਂਡਾ 'ਚ ਕਰਵਾਈ ਜਾਣ ਵਾਲੀ ਅੰਡਰ-20 ਤੇ ਅੰਡਰ-15 ਕੌਮੀ ਕੁਸ਼ਤੀ ਚੈਂਪੀਅਨਸ਼ਿਪ 2023 ਟਾਲੀ ਜਾ ਸਕਦੀ ਹੈ।'

***

## ਭਾਰਤੀ ਵਿਦਿਆਰਥੀਆਂ ਲਈ

ਵਿੱਚ ਪੜ੍ਹਾਈ ਕਰਨ ਵਾਲੇ ਵਿਦੇਸ਼ੀਆਂ ਦੀ ਗਿਣਤੀ ਵਿੱਚ ਬੇਮਿਸਾਲ ਵਾਧਾ ਹੋਇਆ ਹੈ। ਉੱਤਰੀ ਕਾਲਜ ਦੇ ਡੇਟਾ ਮੁਤਾਬਕ 2014 'ਚ ਸਿਰਫ 40 ਅੰਤਰਰਾਸ਼ਟਰੀ ਵਿਦਿਆਰਥੀ ਸਨ। ਹੁਣ ਇਨ੍ਹਾਂ ਦੀ ਗਿਣਤੀ ਵਧ ਕੇ 6,140 ਹੋ ਗਈ ਹੈ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਜਦੋਂ ਉਹ ਦੂਜੇ ਦੇਸ਼ ਆਉਂਦੇ ਹਨ ਤਾਂ ਖਾਣੇ ਦੀ ਸਮੱਸਿਆ ਹੁੰਦੀ ਹੈ। ਭਾਰਤੀਆਂ ਦੀ ਬਹੁਤਾਤ ਕਾਰਨ ਇੱਥੇ ਦੇ ਰੈਸਟੋਰੈਂਟਾਂ ਵਿੱਚ ਭਾਰਤੀ ਪਕਵਾਨ ਮਿਲਣਾ ਆਮ ਗੱਲ ਹੈ। ਕੈਨੇਡਾ ਸਰਕਾਰ ਮੁਤਾਬਕ ਇਸ ਸਾਲ ਉਹ 9 ਲੱਖ ਵਿਦਿਆਰਥੀਆਂ ਨੂੰ ਦਾਖਲਾ ਦੇਵੇਗੀ। ਜੋ ਇੱਕ ਦਹਾਕੇ ਪਹਿਲਾਂ ਦੇ ਮੁਕਾਬਲੇ 3 ਗੁਣਾ ਹੈ। ਬਿਊਰੋ ਫਾਰ ਇੰਟਰਨੈਸ਼ਨਲ ਐਜੂਕੇਸ਼ਨ ਮੁਤਾਬਕ ਕੈਨੇਡਾ ਵਿੱਚ ਸਭ ਤੋਂ ਵੱਧ ਭਾਰਤੀ ਵਿਦਿਆਰਥੀ ਹਨ। ਚੀਨ ਦੂਜੇ ਸਥਾਨ 'ਤੇ ਹੈ। ਅੰਕੜਿਆਂ ਮੁਤਾਬਕ 40% ਭਾਰਤੀ ਹਨ ਜਦਕਿ 12% ਚੀਨ ਤੋਂ ਅਤੇ 48% ਹੋਰ ਦੇਸ਼ਾਂ ਤੋਂ ਹਨ। ਕੈਨੇਡਾ ਵਿੱਚ ਕੰਮ ਦੇ ਮੌਕੇ ਹਨ, ਉਨ੍ਹਾਂ ਨੂੰ ਭਾਰਤ ਤੋਂ ਹੁਨਰਮੰਦ ਲੋਕਾਂ ਦੀ ਲੋੜ ਹੈ। ਇਸ ਕਾਰਨ ਇਹ ਗਿਣਤੀ ਲਗਾਤਾਰ ਵਧ ਰਹੀ ਹੈ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com